## ਅਧਿਆਇ ਪਹਿਲਾ

# ਕਿਸਾਨੀ ਅਤੇ ਪੰਜਾਬ ਦੀ ਕਿਸਾਨੀ : ਪਰਿਭਾਸ਼ਾ ਅਤੇ ਸਮਾਜਕ-ਇਤਹਾਸਕ ਪਰਿਪੇਖ

ਸਮਾਜ, ਮਨੁੱਖ ਸਿਰਜਿਤ ਉਹ ਸੰਸਥਾ ਹੈ ਜਿਸ ਵਿਚ ਵੱਖੋ-ਵੱਖਰੇ ਮਨੁੱਖੀ ਸਮੂਹ ਆਰਥਕ ਅਤੇ ਸਭਿਆਚਾਰਕ ਇਕਾਈਆਂ ਵਿਚ ਬੱਝੇ ਹੁੰਦੇ ਹਨ। ਇਹ ਮਨੁੱਖੀ ਸਮੂਹ ਇਤਿਹਾਸਕ ਵਿਕਾਸ ਦੇ ਇਕ ਵਿਸ਼ੇਸ਼ ਪੜਾਅ 'ਤੇ ਪਹੁੰਚ ਕੇ ਵੱਖ-ਵੱਖ ਵਰਗਾਂ ਤੇ ਉਪ-ਵਰਗਾਂ ਵਿਚ ਵੰਡੇ ਜਾਂਦੇ ਹਨ। ਸਮਾਜਕ ਵਿਕਾਸ ਦੀ ਦ੍ਰਿਸ਼ਟੀ ਤੋਂ ਸਾਰੇ ਸਮਾਜ ਲਗਭਗ ਇਕੋ ਜਿਹੀ ਪ੍ਰਕ੍ਰਿਆ ਵਿਚੋਂ ਗੁਜ਼ਰਦੇ ਹਨ। ਪਰੰਤੂ, ਭੂਗੋਲਿਕ ਵਖਰੇਵਿਆਂ ਕਾਰਣ ਇਹ ਵਿਭਿੰਨ ਸੰਸਕ੍ਰਿਤਿਆਂ ਦੇ ਧਾਰਨੀ ਬਣ ਜਾਂਦੇ ਹਨ ਅਤੇ ਵਿਕਾਸ ਦੀ ਗਤੀ ਵੀ ਅੱਡ-ਅੱਡ ਹੋ ਜਾਂਦੀ ਹੈ। ਇਸ ਵੱਖਰਤਾ ਤੇ ਵਿਕਾਸ ਗਤੀ ਵਿਚ ਮਨੁੱਖ ਸਿਰਜਿਤ ਸੰਸਥਾਵਾਂ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਬੁਨਿਆਦੀ ਤੌਰ 'ਤੇ ਸਮਾਜਕ ਉਸਾਰ ਆਰਥਕ ਰਿਸ਼ਤਿਆਂ 'ਤੇ ਆਧਾਰਿਤ ਹੁੰਦਾ ਹੈ। ਆਰਥਕ ਰਿਸ਼ਤਿਆਂ ਦਾ ਆਧਾਰ ਪੈਦਾਵਾਰੀ ਸੰਦਾਂ ਅਤੇ ਸਾਧਨਾਂ ਵਿਚ ਨਿਹਿਤ ਹੁੰਦਾ ਹੈ। ਪੈਦਾਵਾਰ ਦੇ ਸੰਦਾਂ ਅਤੇ ਸਾਧਨਾਂ ਵਿਚ ਤਬਦੀਲੀ ਮਨੁੱਖੀ ਰਿਸ਼ਤਿਆਂ ਵਿਚ ਤਬਦੀਲੀ ਦਾ ਆਧਾਰ ਬਣਦੀ ਹੈ। ਇਸਦੇ ਫ਼ਲਸਰੂਪ ਸਮਾਜਕ ਜਮਾਤਾਂ ਹੋਂਦ ਵਿਚ ਆਉਂਦੀਆਂ ਹਨ। ਮਨੁੱਖ ਦਾ ਕੁਦਰਤ ਅਤੇ ਸਮਾਜ ਨਾਲ ਅਜਿਹਾ ਦਵੰਦਾਤਮਿਕ ਰਿਸ਼ਤਾ ਹੁੰਦਾ ਹੈ ਕਿ ਉਹ ਕੁਦਰਤ ਅਤੇ ਸਮਾਜ ਨਾਲ ਹਮੇਸ਼ਾ ਸੰਘਰਸ਼ ਦੀ ਅਵਸਥਾ ਵਿਚ ਰਹਿੰਦਾ ਹੈ। ਇਹ ਸੰਘਰਸ਼ ਹੀ ਪੈਦਾਵਾਰ ਦੇ ਸੰਦਾਂ ਵਿਚ ਵਿਕਾਸ ਦਾ ਕਾਰਣ ਬਣਦਾ ਹੈ। ਪੈਦਾਵਾਰੀ ਸੰਦਾਂ ਦੇ ਵਿਕਾਸ ਨਾਲ ਪੈਦਾਵਾਰ ਦੇ ਰਿਸ਼ਤਿਆਂ ਵਿਚ ਤਬਦੀਲੀ ਸਮਾਜਕ ਵਿਕਾਸ ਦਾ ਇਕ ਨਿਸ਼ਚਿਤ ਸਿਧਾਂਤ ਹੈ। ਜਮਾਤੀ ਸੰਘਰਸ਼ ਇਨ੍ਹਾਂ ਨਿਯਮਾਂ ਦੇ ਅਨੁਸਾਰ ਹੀ ਆਪਣੀ ਦਿਸ਼ਾ ਤੇ ਗਤੀ ਗ੍ਰਹਿਣ ਕਰਦਾ ਹੈ, ''ਹੁਣ ਤੱਕ ਦਾ

ਲਿਖਿਤ ਰੂਪ ਵਿਚ ਮੌਜੂਦ ਸਾਰੇ ਸਮਾਜਾਂ ਦਾ ਇਤਿਹਾਸ ਜਮਾਤੀ ਇਤਿਹਾਸ ਹੈ।''[1] ਇਹ ਸੰਘਰਸ਼ ਜਮਾਤੀ ਪੱਧਰ 'ਤੇ ਹਰ ਪੜਾਅ ਤੇ ਪਾਸਾਰ ਵਿਚ ਮੌਜੂਦ ਹੁੰਦਾ ਹੈ। ਇਸ ਸੰਘਰਸ਼ ਦਾ ਆਰੰਭ ਆਰਥਕ ਅਤੇ ਸਮਾਜਕ ਖੇਤਰ ਵਿਚ ਮੁੱਢਲੀ ਸਾਂਝੀਵਾਲਤਾ ਦੇ ਟੁੱਟਣ ਦੀ ਪ੍ਰਕ੍ਰਿਆ ਤੋਂ ਬਾਅਦ ਸ਼ੁਰੂ ਹੁੰਦਾ ਹੈ। ਮੁੱਢਲੀ ਸਾਂਝੀਵਾਲਤਾ ਅਵਿਕਸਿਤ ਸਮਾਜ ਦੀ ਉਹ ਵਿਵਸਥਾ ਸੀ, ਜਿੱਥੇ ਮਨੁੱਖ ਦਾ ਕੁਦਰਤ ਨਾਲ ਸਿੱਧਾ ਵਾਹ ਤੇ ਟਕਰਾਅ ਸੀ। ਪੈਦਾਵਾਰ ਦੇ ਸੰਦ ਬਹੁਤ ਹੀ ਸਾਦੇ ਸਨ। ਇਸ ਸਮੇਂ ਪੈਦਾਵਾਰ ਦਾ ਸਿੱਧਾ ਸੰਬੰਧ ਮਨੁੱਖ ਦਾ ਆਪਣੀ ਹੋਂਦ ਨੂੰ ਬਚਾਉਣ ਹਿਤ ਜ਼ਰੂਰਤਾਂ ਦੀ ਪੂਰਤੀ ਨਾਲ ਸੀ। ਵਾਧੂ ਪੈਦਾਵਾਰ ਨੇ ਜਮਾਤੀ ਸਮਾਜ ਨੂੰ ਜਨਮ ਦਿੱਤਾ। ਇਸ ਵਿਚੋਂ ਗ਼ੁਲਾਮ-ਮਾਲਕੀ ਵਾਲੀ ਆਰਥਕ ਤੇ ਸਮਾਜਕ ਵਿਵਸਥਾ ਆਪਣਾ ਸਰੂਪ ਗ੍ਰਹਿਣ ਕਰਦੀ ਹੈ। ਇਸ ਗ਼ੁਲਾਮ-ਮਾਲਕੀ ਵਿਵਸਥਾ ਦਾ ਅਗਲੇਰਾ ਪੜਾਅ ਜਾਗੀਰਦਾਰੀ ਵਿਵਸਥਾ ਨੂੰ ਜਨਮ ਦੇਂਦਾ ਹੈ। ਇਸ ਆਰਥਕ ਵਿਵਸਥਾ ਵਿਚੋਂ ਹੀ ਕਿਸਾਨੀ ਸਮਾਜ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਮਨੁੱਖੀ ਸਭਿਆਚਾਰ ਦੇ ਵਿਕਾਸ ਵਿਚ ਕਿਸਾਨੀ ਦੂਸਰਾ ਮਹੱਤਵਪੂਰਨ ਪੜਾਅ ਹੈ ਜਿੱਥੇ ਮਨੁੱਖ ਦੀ ''ਟੈਰੀਟੋਰੀਐਲਿਟੀ'' ਬਦਲਦੀ ਹੈ।[2] ਇਸ ਪੜਾਅ ਨਾਲ ਮਨੁੱਖ ਦੇ ਜੀਵਨ ਵਿਚ ਠਹਿਰਾਅ ਤੇ ਨਿਸ਼ਚਿਤਤਾ ਆਉਂਦੀ ਹੈ। ਇਸ ਦਾ ਪ੍ਰਗਟਾਵਾ ਕਿਸਾਨੀ ਦੇ ਜੀਵਨ ਦਰਸ਼ਨ ਵਿਚੋਂ ਵੀ ਮਿਲਦਾ ਹੈ। ਮਿਹਨਤ ਦਾ ਫਲ ਇਕ ਲੰਮੇ ਸਮੇਂ ਬਾਅਦ ਫਸਲ ਪੱਕਣ 'ਤੇ ਮਿਲਦਾ ਹੈ ਤੇ ਕਈ ਵਾਰ ਕੁਦਰਤ ਦੇ ਕਰੋਪ ਹੋ ਜਾਣ 'ਤੇ ਪੱਕੀ ਫਸਲ ਬਰਬਾਦ ਹੋ ਜਾਣ ਕਰਕੇ ਆਪਣੀ ਬਰਬਾਦੀ ਨੂੰ ਵੀ ਸਬਰ ਨਾਲ ਬਰਦਾਸ਼ਤ ਕਰਨਾ ਪੈਂਦਾ ਹੈ। ਇਸ ਜੀਵਨ ਢੰਗ ਨੇ ਕਿਸਾਨੀ ਵਿਚ ਸਬਰ-ਸੰਤੋਖ ਤੇ ਹਰ ਹਾਲਤ ਵਿਚ ਮਿਹਨਤ ਕਰਨ ਵਾਲਾ ਜੀਵਨ ਜਿਊਣ ਦੀ ਪਿਰਤ ਪਾਈ। ਇਹ ਸਬਰ-ਸੰਤੋਖ ਵਾਲੀ ਮਾਨਸਿਕਤਾ ਹੀ ਕਿਸਾਨੀ ਦੇ ਜੀਵਨ ਦਰਸ਼ਨ ਦਾ ਆਧਾਰ ਬਣਦੀ ਹੈ।

ਇਸ ਸਮਾਜ ਦੇ ਵਿਸ਼ੇਸ਼ ਆਰਥਕ-ਸਮਾਜਕ ਪ੍ਰਬੰਧ ਵਿਚੋਂ ਹੀ ਦਰਸ਼ਨ, ਸਭਿਆਚਾਰ, ਕਲਾ ਅਤੇ ਧਰਮ ਆਪਣੀ ਵਿਸ਼ੇਸ਼ ਨੁਹਾਰ ਤੇ ਸੁਭਾਅ ਗ੍ਰਹਿਣ ਕਰਦੇ ਹਨ। ਇਸ ਦੌਰ ਵਿਚ ਕਿਸਾਨੀ ਅੰਦਰ ਵਰਗ ਚੇਤਨਾ ਪੈਦਾ ਹੁੰਦੀ ਹੈ। ਇਸ ਚੇਤਨਾ ਦੇ ਆਧਾਰ 'ਤੇ ਕਿਸਾਨੀ ਸਮਾਜ ਆਪਣੇ

ਹਿਤਾਂ ਖ਼ਾਤਰ ਸੰਘਰਸ਼ ਕਰਨਾ ਆਰੰਭ ਕਰਦਾ ਹੈ। ਸੰਸਾਰ ਦੇ ਇਤਹਾਸ ਵਿਚ ਹੋਈਆਂ ਕਿਸਾਨੀ ਦੀਆਂ ਬਗ਼ਾਵਤਾਂ ਕਿਸਾਨੀ ਅੰਦਰ ਪੈਦਾ ਹੋ ਰਹੇ ਆਪਣੇ ਹਿਤਾਂ ਪ੍ਰਤਿ ਚੇਤਨਾ ਦਾ ਹੀ ਪ੍ਰਗਟਾਵਾ ਹਨ।[3] ਇਸੇ ਪ੍ਰਸੰਗ ਵਿਚ ਕਿਸਾਨੀ ਨੂੰ ਸੰਸਾਰ ਪੱਧਰ ਤੋਂ ਲੈ ਕੇ ਕੌਮੀ ਅਤੇ ਸਥਾਨਕ ਪੱਧਰ ਤੱਕ ਸਮਝਿਆ ਜਾ ਸਕਦਾ ਹੈ।

'ਕਿਸਾਨੀ' ਸ਼ਬਦ ਦੀ ਨਿਰੁਕਤੀ ਇਤਹਾਸ 'ਚ ਵੱਖ-ਵੱਖ ਪਰਿਪੇਖ ਵਿਚ ਹੋਈ ਹੈ। 'ਕਿਸਾਨ' ਉੱਤਰੀ ਭਾਰਤ ਵਿਚ ਕਾਸ਼ਤ ਕਰਨ ਵਾਲੀ ਇਕ ਜਾਤੀ ਦਾ ਨਾਂ ਹੈ। ਇਸ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ ਕਿਸੇ ਸ਼ਬਦ ਤੋਂ ਹੋਈ ਪ੍ਰਤੀਤ ਹੁੰਦੀ ਹੈ, ਜੋ 'ਕਾਸ਼ਤਕਾਰੀ' ਨਾਲ ਜੁੜੇ ਅਰਥਾਂ ਦਾ ਪ੍ਰਗਟਾਵਾ ਹੈ। ਖੇਤੀਬਾੜੀ ਦਾ ਸੰਬੰਧ ਅਸਿੱਧੇ ਤੌਰ 'ਤੇ ਮੱਧ ਪ੍ਰਾਂਤ ਦੇ 'ਲੋਧਾਂ' ਨਾਲ ਜੋੜਿਆ ਜਾਂਦਾ ਹੈ, ਜਿਸਦਾ ਅਰਥ ਕਿਸਾਨ ਮੰਨਿਆ ਜਾਂਦਾ ਹੈ। ਇਹ ਸ਼ਬਦ 'ਲੋਹ' ਤੋਂ ਨਿਕਲਿਆ ਪ੍ਰਤੀਤ ਹੁੰਦਾ ਹੈ, ਜਿਸਦਾ ਅਰਥ 'ਮਿੱਟੀ ਦਾ ਢੇਲਾ' ਹੈ।[4] ਭਾਈ ਕਾਨ੍ਹ ਸਿੰਘ ਨਾਭਾ ਨੇ ਕਿਸਾਨੀ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ, "ਕਿਰਸਾਣ ਜੋ ਕ੍ਰਿਸ਼ ਕਰ, ਜੋ ਜ਼ਮੀਨ ਵਾਹੇ, ਹਲਵਾਹ ਜਾਂ ਕਾਸ਼ਤਕਾਰ ਆਦਿ।"[5] ਇਸ ਤੋਂ ਸਪਸ਼ਟ ਹੈ ਕਿ ਕਿਸਾਨ ਸਮਾਜ ਦਾ ਉਹ ਵਰਗ ਹੈ ਜਿਸਦੀ ਸਮੁੱਚੀ ਆਰਥਿਕਤਾ ਖੇਤੀ ਨਾਲ ਜੁੜੀ ਹੋਈ ਹੈ ਤੇ ਜੋ ਹੱਥੀ ਖੇਤੀ ਕਰਕੇ ਆਪਣੀ ਰੋਜ਼ੀ ਰੋਟੀ ਕਮਾਉਂਦਾ ਹੈ। ਸੰਸਕ੍ਰਿਤ ਭਾਸ਼ਾ ਵਿਚ ਕਿਸਾਨੀ ਲਈ ਕ੍ਰਿਸ਼ੀ ਸ਼ਬਦ ਵਰਤਿਆ ਜਾਂਦਾ ਹੈ, ਜਿਸਦਾ ਅਰਥ ਹੈ ; ਹਲ ਚਲਾਣਾ, ਖੇਤੀ, ਕਾਸ਼ਤਕਾਰੀ ਅਤੇ ਇਸਦੀ ਸੰਗਿਆ ਦੇ ਅਰਥ ਹਨ ਹਾਲੀ, ਕਿਸਾਨੀ ਆਦਿ। ਕ੍ਰਿਸ਼ਕ ਤੋਂ ਸ਼ਬਦ ਕਿਰਸਾਣ (ਕ੍ਰਿਸ਼ + ਆਨਕ) ਭਾਵ ਕ੍ਰਿਸ਼ਆਨਕ, ਕਿਰਸਾਨ।[6]

ਅੰਗਰੇਜ਼ੀ ਵਿਚ ਇਹ ਸ਼ਬਦ ਫਰਾਂਸੀਸੀ ਭਾਸ਼ਾ ਵਿਚੋਂ ਆਇਆ ਹੈ। ਫਰਾਂਸੀਸੀ ਭਾਸ਼ਾ ਵਿਚ ਇਸ ਨੂੰ 'Paysan' ਉਚਾਰਿਆ ਜਾਂਦਾ ਹੈ, ਜਿਸਦਾ ਅਰਥ ਇਲਾਕੇ ਜਾਂ ਖੇਤਰ ਤੋਂ ਲਿਆ ਜਾਂਦਾ ਹੈ ਅਤੇ ਇਸਦਾ ਅਰਥ ਪੇਂਡੂ ਇਲਾਕੇ ਵਿਚ ਆਪਣੀ ਉਪਜੀਵਕਾ ਕਮਾਉਣ ਵਾਲੇ ਤੋਂ ਵੀ ਲਿਆ ਜਾਂਦਾ ਹੈ।[7] ਰੂਸੀ ਸਮਾਜ ਸ਼ਾਸਤਰੀਆਂ ਮੁਤਾਬਿਕ ਕਿਸਾਨੀ ਸਮਾਜ ਸੰਸਾਰ ਦੀ ਉਹ ਬਹੁ-ਸੰਖਿਅਕ

ਸਮਾਜਕ-ਆਰਥਕ ਜਮਾਤ ਸੀ, ਜਿਸਨੂੰ ਸਮਾਜਵਾਦ ਤੋਂ ਪਹਿਲਾਂ ਛੋਟੇ ਪੈਮਾਨੀ ਦੀ ਖੇਤੀ ਉਤਪਾਦਕ ਜਮਾਤ ਸਮਝਿਆ ਜਾਂਦਾ ਸੀ। ਇਹ ਜਮਾਤ ਆਪਣੇ ਪੈਦਾਵਾਰ ਦੇ ਵਸੀਲਿਆਂ ਰਾਹੀਂ ਆਪਣੇ ਹੀ ਪਰਿਵਾਰ ਦੀ ਕਿਰਤ ਨਾਲ ਨਿੱਜੀ ਖੇਤੀ ਕਰਦੀ ਸੀ। ਇਸ ਪ੍ਰਕਾਰ, ਕਿਸਾਨ ਸ਼ਬਦ ਤੋਂ ਸਪਸ਼ੱਟ ਹੈ ਕਿ ਕਿਸਾਨ ਸਮਾਜ ਦਾ ਉਹ ਪ੍ਰਾਣੀ ਹੈ ਜੋ ਆਪਣੀ ਉਪਜੀਵਕਾ ਲਈ ਖੇਤੀ ’ਤੇ ਨਿਰਭਰ ਹੈ ਤੇ ਇਸ ਵਿਚ ਪਰਿਵਾਰ ਦਾ ਯੋਗਦਾਨ ਮਹੱਤਵਪੂਰਣ ਹੈ।

ਕਿਸਾਨੀ ਦੀ ਚੇਤਨਾ ਦਾ ਵਿਕਾਸ ਵੱਖ-ਵੱਖ ਸਮਾਜਕ-ਆਰਥਕ ਪੜਾਵਾਂ ਵਿਚੋਂ ਲੰਘਦਿਆਂ ਹੋਇਆ ਹੈ। ਕਿਸਾਨੀ ਦੀ ਜਮਾਤੀ ਸਥਿਤੀ ਨੂੰ ਸਮਝਣ ਲਈ ਇਤਹਾਸਕ ਤੇ ਆਰਥਕ ਸਥਿਤੀ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਇਥੇ ਅਸੀਂ ਕਿਸਾਨੀ ਨੂੰ ਇਕ ਜਮਾਤ ਦੇ ਤੌਰ ’ਤੇ ਨਿਰਧਾਰਿਤ ਕਰਾਂਗੇ, “ਕਿਸਾਨੀ ਉਹ ਜਮਾਤ ਹੈ ਜੋ ਨਿੱਜੀ ਜਾਂ ਸਾਂਝੇ ਪੈਦਾਵਾਰ ਦੇ ਰਿਸ਼ਤਿਆਂ ਦੁਆਰਾ ਆਪਣੇ ਪਰਿਵਾਰ ਦੀ ਕਿਰਤ ਸ਼ਕਤੀ ਨਾਲ ਖੇਤੀ ਦੀ ਪੈਦਾਵਾਰ ਕਰਦੀ ਹੈ।”[8] ਇਤਹਾਸ ਦੇ ਹਰ ਦੌਰ ਵਿਚ ਇਸਦੀ ਸਮਾਜਕ ਸਥਿਤੀ ਵੱਖ-ਵੱਖ ਰਹੀ ਹੈ, ਕਿਸਾਨੀ ਸਮੁੱਚੇ ਸਮਾਜ ਵਿਚੋਂ ਉਹ ਸਮਾਜਕ ਤੇ ਸਭਿਆਚਾਰਕ ਸ਼੍ਰੇਣੀ ਹੈ ਜੋ ਛੋਟੇ ਪੈਮਾਨੀ ਦੀ ਖੇਤੀ ਉਤਪਾਦਕ ਹੈ। ਇਹ ਜਮਾਤ ਸੱਤਾ ’ਤੇ ਕਾਬਜ਼ ਜਮਾਤਾਂ ਤੋਂ ਅਲੱਗ ਹੁੰਦੀ ਹੈ।[9] “ਪੂਰਬੀ ਯੂਰਪ ਵਿਚ ਛੋਟੇ ਉਦਯੋਗਾਂ ਦੇ ਜਨਮ ਸਮੇਂ ਬਹੁ-ਗਿਣਤੀ ਅਜਿਹੇ ਕਿਸਾਨਾਂ ਦੀ ਸੀ, ਜਿਨ੍ਹਾਂ ਕੋਲ ਬਹੁਤ ਹੀ ਥੋੜ੍ਹਾ ਧਨ ਹੁੰਦਾ ਸੀ ਅਤੇ ਜਨਜੀਵਨ ਵਿਚ ਉਨ੍ਹਾਂ ਦਾ ਕੋਈ ਬਹੁਤਾ ਪ੍ਰਭਾਵ ਨਹੀਂ ਸੀ। ਉਹ ਆਪਣੀ ਮਿਹਨਤ ਦੁਆਰਾ ਜ਼ਮੀਨ ਦੇ ਛੋਟੇ ਟੁਕੜੇ ਉੱਤੇ ਖੇਤੀ ਕਰਦੇ ਸਨ।”[10] ਕਈ ਵਾਰ ਇਹ ਇਸ ਖੇਤੀ ਅਧੀਨ ਜ਼ਮੀਨ ਦੇ ਮਾਲਕ ਵੀ ਨਹੀਂ ਹੁੰਦੇ ਸਨ, ਸਗੋਂ ਆਪਣੀ ਕਿਰਤ ਸ਼ਕਤੀ ਵੇਚਦੇ ਸਨ। ਵੱਖੋ-ਵੱਖਰੀਆਂ ਸਥਿਤੀਆਂ ਵਿਚ ਵੀ ਉਹ ਖੇਤੀ ’ਤੇ ਹੀ ਆਧਾਰਿਤ ਹੁੰਦੇ ਸਨ। ਇਸ ਲਈ ਕਿਸਾਨੀ ਦੀ ਸਮਾਜਕ ਪੱਧਰ ਨੂੰ ਮੁੱਖ ਰੱਖਕੇ ਕਿਹਾ ਜਾ ਸਕਦਾ ਹੈ ਕਿ ਕਿਸਾਨੀ ਅਜਿਹੇ ਵਰਗ ਸਮੂਹ ਨਾਲ ਸੰਬੰਧਿਤ ਹੈ ਜੋ ਸਰੀਰਕ ਕਿਰਤ ਰਾਹੀਂ ਆਪਣੇ ਜੀਵਨ ਨਿਰਬਾਹ ਲਈ ਸੰਘਰਸ਼ ਕਰਦੀ ਹੈ।[11] “ਕਿਸਾਨੀ ਦਾ ਆਰਥਕ ਆਧਾਰ ਖੇਤੀ ਹੋਣ

ਕਰਕੇ ਜ਼ਮੀਨ ਨਾਲ ਉਸਦੀ ਸਾਂਝ ਜਜ਼ਬਾਤੀ ਪੱਧਰ ਦੀ ਹੁੰਦੀ ਹੈ। ਇਹ ਜਜ਼ਬਾਤੀ ਸਾਂਝ ਹੀ ਕਿਸਾਨੀ ਨੂੰ ਪਰਿਵਾਰਕ ਪਰੰਪਰਾ ਨਾਲ ਜੋੜੀ ਰੱਖਦੀ ਹੈ। ਕਈ ਵਾਰ ਉਹ ਵਿਅਕਤੀਗਤ ਲਾਭ ਨਾਲੋਂ ਆਪਣੇ ਵਿਰਸੇ ਨੂੰ ਪਹਿਲ ਦੇਂਦੀ ਹੈ।''[12]

ਕਿਸਾਨੀ ਵਲੋਂ ਕੀਤੀ ਗਈ ਪੈਦਾਵਾਰ ਵਧੇਰੇ ਕਰਕੇ ਉਸਦੀ ਤੇ ਉਸਦੀ ਪਰਿਵਾਰਕ ਕਿਰਤ 'ਤੇ ਆਧਾਰਿਤ ਹੁੰਦੀ ਹੈ। ਲੋੜ ਵੇਲੇ ਘਰੇਲੂ ਨੌਕਰ ਜਾਂ ਕਿਰਾਏ 'ਤੇ ਲਏ ਮਜ਼ਦੂਰ ਵੀ ਇਸ ਵਿਚ ਸ਼ਾਮਲ ਕਰ ਲਏ ਜਾਂਦੇ ਹਨ। ਪਰ ਇਨ੍ਹਾਂ ਦਾ ਯੋਗਦਾਨ ਪਰਿਵਾਰ ਦੇ ਮੁਕਾਬਲੇ ਬਹੁਤ ਹੀ ਨਿਗੂਣਾ ਹੁੰਦਾ ਹੈ। ਪਰਿਵਾਰਕ ਸਾਂਝ ਦੀ ਇਹ ਪਰੰਪਰਾ ਜ਼ਮੀਨ ਪ੍ਰਤਿ ਜਜ਼ਬਾਤੀ ਰਿਸ਼ਤੇ ਦਾ ਆਧਾਰ ਹੁੰਦੀ ਹੈ। ਪਰਿਵਾਰਕ ਕਿਰਤ ਦੀ ਸਾਂਝ ਕਰਕੇ ਕਿਸਾਨੀ ਪਰੰਪਰਾਗਤ ਸੁਭਾਅ ਦੀ ਧਾਰਨੀ ਹੁੰਦੀ ਹੈ, ਜੋ ਗੂੜ੍ਹੀ ਤਰ੍ਹਾਂ ਪਰਿਵਾਰਕ ਸੰਬੰਧਾਂ ਵਿਚ ਗੁੰਦੀ ਹੋਈ ਹੁੰਦੀ ਹੈ। ਕਿਸਾਨੀ ਦੇ ਇਨ੍ਹਾਂ ਲੱਛਣਾਂ ਦਾ ਮੁੱਖ ਆਧਾਰ ਜ਼ਮੀਨ ਦੀ ਮਲਕੀਅਤ ਨਾਲ ਜੁੜਿਆ ਹੋਇਆ ਹੁੰਦਾ ਹੈ। ਪਰਿਵਾਰ ਦੇ ਹਰ ਜੀਅ ਦੀ ਹੋਂਦ ਅਤੇ ਹੈਸੀਅਤ ਇਸ ਉੱਤੇ ਹੀ ਨਿਰਭਰ ਹੁੰਦੀ ਹੈ। ਇਸ ਲਈ ਕਿਸਾਨੀ ਸਮਾਜ ਜੀ ਬੁਨਿਆਦ ਜ਼ਮੀਨ ਤੇ ਪਰਿਵਾਰ ਹੈ।[13] ਕਿਸਾਨੀ ਲਈ ਜ਼ਮੀਨ ਸਿਰਫ਼ ਰੋਜ਼ੀ-ਰੋਟੀ ਕਮਾਉਣ ਦਾ ਜ਼ਰੀਆ ਹੀ ਨਹੀਂ ਹੁੰਦੀ, ਸਗੋਂ ਇਸ ਤੋਂ ਕਿਤੇ ਵਧੀਕ ਹੁੰਦੀ ਹੈ। ਇਸ ਜਜ਼ਬਾਤੀ ਸਾਂਝ ਕਰਕੇ ਹੀ ਲੈਨਿਨ ਨੇ ਕਿਸਾਨੀ ਨੂੰ ਹੱਦੋਂ ਵੱਧ ਅਮਲੀ ਤੇ ਖੇਤੀ ਦੇ ਪੁਰਾਣੇ ਢੰਗਾਂ ਨਾਲ ਚੰਬੜੇ ਹੋਏ ਦੱਸਿਆ ਹੈ। ਇਸ ਲਈ ਉਹ ਕੇਵਲ ਸਲਾਹ ਜਾਂ ਕਿਤਾਬੀ ਹਦਾਇਤਾਂ ਦੇ ਆਧਾਰ 'ਤੇ ਕਿਸੇ ਗੰਭੀਰ ਪਰਿਵਰਤਨ ਲਈ ਰਾਜ਼ੀ ਨਹੀਂ ਹੋ ਸਕਦੀ।[14]

ਕਿਸਾਨ ਭਾਵੇਂ ਵਡੇਰੇ ਸਮਾਜ ਦਾ ਹੀ ਇਕ ਅੰਗ ਹੁੰਦਾ ਹੈ, ਪਰ ਉਹ ਇਸ ਸੰਗਠਿਤ ਸਮਾਜ ਵਿਚ ਆਪਣੀ ਸਭਿਆਚਾਰਕ ਵੱਖਰਤਾ ਨੂੰ ਬਣਾਈ ਰੱਖਦਾ ਹੈ। ਸ਼ਹਿਰ ਤੋਂ ਦੂਰ ਆਪਣੀ ਆਬਾਦੀ ਵਿਚ ਉਸਦੀ ਹਰ ਤਰ੍ਹਾਂ ਦੀ ਖ਼ੁਦਮੁਖ਼ਤਿਆਰੀ ਹੁੰਦੀ ਹੈ, ''ਸਥਾਨਕ ਤੌਰ 'ਤੇ ਉਹ ਆਪਣੀ ਪੁਰਾਣੀ ਪਛਾਣ ਕਾਇਮ ਰੱਖਦਾ ਹੈ।''[15] ਕਿਸਾਨੀ ਮੁੱਖ ਤੌਰ 'ਤੇ ਖੇਤੀ ਨਾਲ ਜੁੜੀ ਹੋਈ ਹੁੰਦੀ ਹੈ, ਪਰ ਖੇਤੀ ਤੋਂ ਇਲਾਵਾ ਪਸ਼ੂ ਪਾਲਣ ਵੀ ਕਿਸਾਨੀ ਦੁਆਰਾ ਕੀਤਾ ਜਾਂਦਾ ਹੈ। ਇਸਨੂੰ ਉਹ

ਵਪਾਰ ਲਈ ਨਹੀਂ, ਸਗੋਂ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਲਈ ਕਰਦੀ ਹੈ। ਕਿਉਂਕਿ ਪਰੰਪਰਾਗਤ ਖੇਤੀ ਵਧੇਰੇ ਕਰਕੇ ਮਨੁੱਖੀ ਕਿਰਤ ਦੇ ਨਾਲ-ਨਾਲ ਪਸ਼ੂ ਸ਼ਕਤੀ 'ਤੇ ਆਧਾਰਿਤ ਹੁੰਦੀ ਹੈ। ਇਸ ਨਾਲ ਕਿਸਾਨੀ ਨੂੰ ਦੂਹਰਾ ਲਾਭ ਹੁੰਦਾ ਹੈ। ਇਕ ਪਾਸੇ ਪਸ਼ੂ ਖੇਤੀ ਵਿਚ ਮਦਦਗਾਰ ਸਾਬਤ ਹੁੰਦੇ ਹਨ ਉੱਥੇ ਪਸ਼ੂਆਂ ਦਾ ਦੁੱਧ/ਮਾਸ/ਖੱਲ/ਉੱਨ ਵੀ ਪਰਿਵਾਰ ਦੇ ਕੰਮ ਆਉਂਦੇ ਹਨ ਤੇ ਪਸ਼ੂਆਂ ਲਈ ਚਾਰਾ ਖੇਤਾਂ ਵਿਚ ਹੀ ਪੈਦਾ ਕਰ ਲਿਆ ਜਾਂਦਾ ਹੈ।

ਪਿੰਡਾਂ ਦੀ ਆਰਥਕ ਸਮਾਜਕ ਬਣਤਰ ਜ਼ਿਮੀਂਦਾਰ, ਕਿਸਾਨ, ਖੇਤ ਮਜ਼ਦੂਰ ਤੇ ਖੇਤੀ ਦੇ ਸਹਾਇਕ ਧੰਦੇ ਕਰਨ ਵਾਲਿਆਂ ਨੂੰ ਮਿਲਾ ਕੇ ਸੰਪੂਰਣ ਹੁੰਦੀ ਹੈ। ਆਪਣੀ ਮਾਲਕ ਤੇ ਕਾਮੇ ਵਾਲੀ ਦੋਹਰੀ ਜਮਾਤੀ ਸਥਿਤੀ ਤੇ ਮਾਨਸਿਕਤਾ ਕਰਕੇ ਕਿਸਾਨੀ ਦੀ ਸਥਿਤੀ ਸਭ ਤੋਂ ਵੱਖਰੀ ਹੁੰਦੀ ਹੈ। ਇਸ ਦੋਹਰੀ ਆਰਥਕ ਸਥਿਤੀ ਕਰਕੇ ਉਸ ਲਈ ਆਰਥਕ ਹਿਤਾਂ ਦੀ ਸਥਿਤੀ ਤੋਂ ਸੰਘਰਸ਼ ਵਿਚ ਖੇਤ ਮਜ਼ਦੂਰਾਂ ਦਾ ਸਾਥੀ ਬਣ ਸਕਣਾ ਸੰਭਵ ਨਹੀਂ ਹੁੰਦਾ, ਪਰ ਜਾਗੀਰਦਾਰੀ ਦੀ ਲੁੱਟ ਦੇ ਖਿਲਾਫ਼ ਸੰਘਰਸ਼ ਉਸਦੀ ਹੋਂਦ ਦੀ ਮਜਬੂਰੀ ਵੀ ਹੁੰਦੀ ਹੈ। ਕਿਸਾਨੀ ਦੀ ਮਾਲਕ ਤੇ ਕਾਮੇ ਵਾਲੀ ਦੋਹਰੀ ਸਥਿਤੀ ਕਰਕੇ ਕਿਸਾਨੀ ਦਾ ਇਹ ਸੰਘਰਸ਼ ਬਹੁਤ ਹੀ ਗੁੰਝਲਦਾਰ ਹੁੰਦਾ ਹੈ ਤੇ ਕਈ ਵਾਰ ਕਿਸਾਨੀ ਧਰਮ, ਜਾਤ, ਭਾਈਚਾਰੇ ਜਾਂ ਜੱਟ ਭਰਾ ਦੇ ਨਾਹਰੇ ਦੇ ਭੁਲਾਵੇ ਹੇਠ ਆਪਣੀਆਂ ਲੋਟੂ ਧਿਰਾਂ ਦੇ ਹੱਕ ਵਿਚ ਹੀ ਭੁਗਤ ਜਾਂਦੀ ਹੈ। ਇਹ ਸਥਿਤੀ ਉਸਦੇ ਆਰਥਕ ਸੰਕਟ ਵਿਚ ਵਾਧੇ ਦਾ ਕਾਰਣ ਬਣਦੀ ਹੈ।[16] ਸਮਾਜਕ ਆਰਥਕ ਵਿਕਾਸ ਕਾਰਣ ਜਿਹੜੀ ਤਬਦੀਲੀ ਖੇਤੀ ਦੇ ਖੇਤਰ ਤੇ ਵਿਸ਼ੇਸ਼ ਕਰਕੇ ਖੇਤੀ ਦੇ ਮਸ਼ੀਨੀਕਰਣ ਦੀ ਪ੍ਰਕ੍ਰਿਆ ਨਾਲ ਵਾਪਰਦੀ ਹੈ, ਸਰਮਾਏ ਦੀ ਘਾਟ ਕਾਰਣ ਕਿਸਾਨੀ ਦਾ ਹੇਠਲਾ ਵਰਗ ਇਸ ਦਾ ਫ਼ਾਇਦਾ ਉਠਾਉਣ ਤੋਂ ਵਾਂਝਿਆਂ ਰਹਿ ਜਾਂਦਾ ਹੈ। ਆਪਣੀ ਇਸ ਹੀਣੀ ਆਰਥਕ ਸਥਿਤੀ ਕਰਕੇ ਕਿਸਾਨੀ ਆਧੁਨਿਕੀਕਰਣ ਦੀ ਪ੍ਰਕ੍ਰਿਆ ਨੂੰ ਅਪਨਾਉਣ ਤੋਂ ਅਸਮਰਥ ਹੁੰਦੀ ਹੈ। ਆਧੁਨਿਕੀਕਰਣ ਦੀ ਇਸ ਪ੍ਰਕ੍ਰਿਆ ਨੂੰ ਅਪਣਾ ਨਾ ਸਕਣ ਕਰਕੇ ਉਸਨੂੰ ਪਿਛਾਂਹਖਿੱਚੂ, ਅਪਰਿਵਰਤਨਸ਼ੀਲ, ਦੱਬੀ ਹੋਈ, ਪਰੰਪਪਰਾਵਾਦੀ ਅਤੇ ਤੀਜੀ ਦੁਨੀਆ ਦੇ ਆਧੁਨਿਕੀਕਰਣ ਵਿਚ ਰੁਕਾਵਟ ਸਮਝਿਆ ਜਾਂਦਾ ਹੈ।[17]

ਕਿਸਾਨੀ ਦੀ ਸਭ ਤੋਂ ਮਾੜੀ ਸਥਿਤੀ ਉਨ੍ਹਾਂ ਦੇਸ਼ਾਂ ਵਿਚ ਸਾਹਮਣੇ ਆਉਂਦੀ ਹੈ, ਜਿਨ੍ਹਾਂ ਵਿਚ ਜਾਗੀਰਦਾਰੀ ਪ੍ਰਬੰਧ ਲੰਮਾ ਸਮਾਂ ਰਿਹਾ ਹੈ। ਇਨ੍ਹਾਂ ਦੇਸ਼ਾਂ ਵਿਚ ਅਤਿ ਦੀ ਗ਼ਰੀਬੀ ਤੇ ਪੱਛੜੀਆਂ ਹੋਈਆਂ ਸਮਾਜਕ ਤੇ ਸਭਿਆਚਾਰਕ ਪ੍ਰਸਥਿਤੀਆਂ ਕਿਸਾਨੀ ਜੀਵਨ ਦੀ ਪਛਾਣ ਬਣ ਜਾਂਦੀਆਂ ਹਨ। ਇਨ੍ਹਾਂ ਮੁਸ਼ਕਿਲ ਪ੍ਰਸਥਿਤੀਆਂ ਕਾਰਣ ਕਿਸਾਨੀ ਦਾ ਇਕ ਹਿੱਸਾ ਬੇ-ਜ਼ਮੀਨੇ ਹੋਣ ਦੀ ਪ੍ਰਕ੍ਰਿਆ ਵਿਚ ਪੈ ਜਾਂਦਾ ਹੈ। ਪਰ ਛੋਟੀ ਕਿਸਾਨੀ ਦਾ ਇਕ ਹਿੱਸਾ ਜਿਸ ਕੋਲ ਥੋੜ੍ਹੀ ਜ਼ਮੀਨ ਹੁੰਦੀ ਹੈ ਉਹ ਕਈ ਪੱਖਾਂ ਤੋਂ ਕਿਸਾਨੀ ਦੀ ਉਪਰਲੀ ਪਰਤ ਦੇ ਪ੍ਰਭਾਵ ਅਧੀਨ ਰਹਿੰਦਾ ਹੈ। ਕਿਉਂਕਿ ਜ਼ਮੀਨ ਦੀ ਮਾਲਕੀ ਨੂੰ ਹਰ ਹੀਲੇ ਕਾਇਮ ਰੱਖਣ ਦੀ ਮਾਨਸਿਕਤਾ ਉਸਦੇ ਸੁਭਾਅ ਦਾ ਹਿੱਸਾ ਬਣ ਜਾਂਦੀ ਹੈ। ਆਰਥਕ ਸੰਬੰਧਾਂ ਦਾ ਭਾਵੇਂ ਕੋਈ ਦੌਰ ਹੋਵੇ ਕਿਸਾਨੀ ਖੇਤੀ ਨਾਲ ਸੰਬੰਧਿਤ ਛੋਟੇ ਪੈਦਾਕਾਰਾਂ ਦੀ ਉਹ ਜਮਾਤ ਹੁੰਦੀ ਹੈ, ਜਿਸਦੀ ਆਰਥਕਤਾ ਨਿਜੀ ਜਾਇਦਾਦ ’ਤੇ ਆਧਾਰਿਤ ਹੁੰਦੀ ਹੈ।

ਗ਼ੁਲਾਮ ਮਾਲਕੀ ਪ੍ਰਣਾਲੀ ਦੇ ਖਾਤਮੇ ਅਤੇ ਜਾਗੀਰਦਾਰੀ ਦੌਰ ਦੇ ਆਰੰਭ ਹੋਣ ਸਮੇਂ ਕਿਸਾਨੀ ਦੀ ਮੁਜ਼ਾਰੇ ਦੇ ਰੂਪ ਵਿਚ ਤਬਦੀਲੀ ਦੀ ਪ੍ਰਕ੍ਰਿਆ ਆਰੰਭ ਹੁੰਦੀ ਹੈ। ਇਸ ਦੌਰ ਵਿਚ ਕਿਸਾਨੀ ਸਭ ਤੋਂ ਵੱਧ ਸ਼ੋਸ਼ਿਤ ਧਿਰ ਦੇ ਰੂਪ ਵਿਚ ਉਭਰਦੀ ਹੈ। ਕਿਸਾਨੀ ਨੇ ਆਪਣੀ ਮੰਦਹਾਲੀ ਵਿਰੁੱਧ ਬਗ਼ਾਵਤਾਂ ਕੀਤੀਆਂ। ਇਨ੍ਹਾਂ ਬਗ਼ਾਵਤਾਂ ਦਾ ਫ਼ਾਇਦਾ ਕਾਬਜ਼ ਧਿਰਾਂ ਨੇ ਸੱਤਾ ਦੀ ਪ੍ਰਾਪਤੀ ਲਈ ਉਠਾਇਆ। ਪੂੰਜੀਵਾਦੀ ਪ੍ਰਬੰਧ ਵਿਚ ਕਿਸਾਨੀ ਨੂੰ ਜ਼ਿਮੀਂਦਾਰਾਂ, ਸੂਦਖੋਰਾਂ ਤੇ ਵਪਾਰੀਆਂ ਦੀ ਲੁੱਟ ਦਾ ਸ਼ਿਕਾਰ ਹੋਣਾ ਪਿਆ। ਪੂੰਜੀਵਾਦ ਦੇ ਸਾਮਰਾਜੀ ਪੜਾਅ ਅਤੇ ਇਸਦੇ ਆਪਣੇ ਸੰਕਟ ਸਮੇਂ ਕਿਸਾਨੀ ਦੀ ਹਾਲਤ ਹੋਰ ਵੀ ਨਿੱਘਰ ਗਈ। ਕਿਸਾਨੀ ਉੱਤੇ ਜਬਰ ਹੋਰ ਤਿੱਖਾ ਹੋ ਗਿਆ। ਬਸਤੀਆਂ ਅਤੇ ਅਰਧ-ਬਸਤੀਆਂ ਵਿਚ ਕਿਸਾਨੀ ਨੂੰ ਹੋਰ ਵੀ ਮਾੜੇ ਹਾਲਾਤ ਦਾ ਸਾਹਮਣਾ ਕਰਨਾ ਪਿਆ। ਇਸ ਵਰਤਾਰੇ ਸਮੇਂ ਉਸ ਨੂੰ ਵਿਦੇਸ਼ੀ ਪੂੰਜੀਪਤੀਆਂ, ਸਥਾਨਕ ਜਾਗੀਰਦਾਰਾਂ ਤੇ ਸ਼ਾਹੂਕਾਰਾਂ ਦੀ ਲੁੱਟ ਦਾ ਸ਼ਿਕਾਰ ਹੋਣਾ ਪਿਆ। ਪੂੰਜੀਵਾਦੀ ਪ੍ਰਬੰਧ ਅਧੀਨ ਕਿਸਾਨੀ ਦੀ ਦੁਰਦਸ਼ਾ ਇਸਦੀ ਮਜ਼ਦੂਰ ਜਮਾਤ ਨਾਲ ਏਕਤਾ ਦੀ ਅਤੇ ਉਸਦੀ ਅਗਵਾਈ ਅਧੀਨ ਆਪਣੇ ਹਿਤਾਂ ਲਈ ਸੰਗਰਾਮ ਦੀ ਬਾਹਰਮੁਖੀ ਲੋੜ ਪੈਦਾ ਕਰ ਦੇਂਦੀ ਹੈ। ਆਰਥਕ ਸੰਕਟ ਦੀ ਇਹ ਸ਼ਿੱਦਤ ਕਿਸਾਨੀ ਨੂੰ

ਪੂੰਜੀਵਾਦ ਦੇ ਵਿਰੁੱਧ ਸੰਘਰਸ਼ ਵਿਚ ਮਜ਼ਦੂਰ ਜਮਾਤ ਦਾ ਕੁਦਰਤੀ ਸਹਿਯੋਗੀ ਬਣਾ ਦੇਂਦੀ ਹੈ। ਹਰ ਸਥਾਪਤ ਪ੍ਰਬੰਧ ਵਿਰੁੱਧ ਜਦੋਂ ਬਗ਼ਾਵਤ ਸ਼ੁਰੂ ਹੁੰਦੀ ਹੈ ਤਾਂ ਕਿਸਾਨੀ ਇਸ ਸੰਘਰਸ਼ ਵਿਚ ਮਹੱਤਵਪੂਰਣ ਰੋਲ ਨਿਭਾਉਂਦੀ ਹੈ। ਇਸ ਤਰ੍ਹਾਂ ਕਿਸਾਨੀ ਆਪਣੀ ਇਸ ਵਿਸ਼ੇਸ਼ਤਾ ਸਦਕਾ ਇਕ ਵਿਲੱਖਣ ਸਮਾਜਕ ਵਰਗ ਬਣਕੇ ਸਾਹਮਣੇ ਆਉਂਦੀ ਹੈ। ਇਹ ਤੱਤ ਉਸਦੀ ਸਮਾਜਕ ਹੋਂਦ ਨੂੰ ਹੀ ਨਿਰਧਾਰਿਤ ਨਹੀਂ ਕਰਦੇ, ਸਗੋਂ ਉਸਨੂੰ ਇਕ ਵਰਗ ਦੇ ਤੌਰ 'ਤੇ ਪ੍ਰਭਾਸ਼ਿਤ ਵੀ ਕਰਦੇ ਹਨ। ਇਨ੍ਹਾਂ ਦੇ ਆਧਾਰ ਉੱਤੇ ਹੀ ਅਸੀਂ ਸਿਧਾਂਤਕ ਪੱਧਰ ਉੱਤੇ ਉਨ੍ਹਾਂ ਕੁਝ ਤੱਤਾਂ ਦੀ ਪਛਾਣ ਕਰ ਸਕਦੇ ਹਾਂ ਜਿਨ੍ਹਾਂ ਵਿਚੋਂ ਕਿਸਾਨੀ ਦਾ ਆਪਣੇ ਆਰਥਕ ਸਮਾਜਕ ਅਤੇ ਸਭਿਆਚਾਰਕ ਪਰਿਪੇਖ ਵਿਚੋਂ ਇਕ ਵਿਸ਼ੇਸ਼ ਸੁਭਾਅ ਉੱਭਰਦਾ ਹੈ।

ਮਨੁੱਖੀ ਵਿਅਕਤਿਤਵ ਦੀ ਉਸਾਰੀ ਅਤੇ ਵਿਕਾਸ ਉਸਦੇ ਸਮਾਜਕ ਖ਼ਾਸੇ ਦੇ ਅਨੁਸਾਰ ਹੁੰਦਾ ਹੈ। ਸਮਾਜਕ ਵਿਵਸਥਾ ਦਾ ਆਧਾਰ ਆਰਥਕ ਸੰਬੰਧ ਹੁੰਦੇ ਹਨ। ਇਹ ਸੰਬੰਧ ਹੀ ਮਨੁੱਖੀ ਰਿਸ਼ਤਿਆਂ ਨੂੰ ਜਨਮ ਦੇਂਦੇ ਤੇ ਨਿਰਧਾਰਿਤ ਕਰਦੇ ਹਨ। ਕਿਸਾਨੀ ਗ਼ੁਲਾਮਦਾਰੀ ਪ੍ਰਬੰਧ ਦੇ ਮੁੱਢ ਵਿਚ ਇਕ ਗ਼ੁਲਾਮ ਸ਼੍ਰੇਣੀ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਅਤੇ ਗ਼ੁਲਾਮਦਾਰੀ ਤੋਂ ਜਾਗੀਰਦਾਰੀ ਵਿਵਸਥਾ ਵਿਚ ਤਬਦੀਲੀ ਦੇ ਅਮਲ ਦੌਰਾਨ ਹਮੇਸ਼ਾ ਹੀ ਜਮਾਤੀ ਸੰਘਰਸ਼ ਵਿਚੋਂ ਗੁਜ਼ਰੀ ਹੈ। ਇਸ ਸੰਘਰਸ਼ ਦੌਰਾਨ ਜਾਂ ਤਾਂ ਉਸਨੇ ਪੁਰਾਣੀ ਪਰੰਪਰਾ ਨੂੰ ਤੋੜ ਕੇ ਨਵੀਂ ਨੂੰ ਸਿਰਜਿਆ ਹੈ ਜਾਂ ਉਸਨੂੰ ਸੰਕਟ ਦੇ ਦੌਰ ਵਿਚੋਂ ਗੁਜ਼ਰਨਾ ਪਿਆ ਹੈ। ਆਪਣੀ ਹੋਂਦ ਦੇ ਬਚਾਅ ਨਾਲ ਜੁੜੇ ਇਸ ਸੰਘਰਸ਼ ਨੇ ਕਿਸਾਨੀ ਦੀ ਮਾਨਸਿਕਤਾ ਨੂੰ ਦੋ ਤਰੀਕਿਆਂ ਨਾਲ ਪ੍ਰਭਾਵਿਤ ਕੀਤਾ ਹੈ। ਜਾਂ ਤਾਂ ਕਿਸਾਨੀ ਦੀ ਮਾਨਸਿਕਤਾ ਬਿਲਕੁਲ ਹੀ ਅਵਿਕਸਿਤ ਰਹਿ ਗਈ ਜਾਂ ਫਿਰ ਪੁਨਰ-ਉਸਾਰੀ ਵਿਚੋਂ ਉਸਦਾ ਵਿਕਾਸ ਇਕ ਬਿਲਕੁਲ ਨਵੇਂ-ਨਰੋਏ ਰੂਪ ਵਿਚ ਹੋਇਆ ਹੈ।[18]

ਆਰਥਕ ਤੌਰ 'ਤੇ ਸਾਧਨ-ਸੰਪੰਨ ਨਾ ਹੋਣ ਕਰਕੇ ਕਿਸਾਨੀ ਪੈਦਾਵਾਰ ਦੇ ਪੁਰਾਣੇ ਸੰਦਾਂ ਨਾਲ ਹੀ ਜੁੜੀ ਰਹਿੰਦੀ ਹੈ। ਇਸ ਕਰਕੇ ਪਰੰਪਰਾ ਨਾਲ ਜੁੜੇ ਹੋਣਾ ਉਸਦੀ ਮਾਨਸਿਕਤਾ ਦਾ ਇਕ ਸੁਭਾਵਿਕ ਪਛਾਣ-ਚਿਨ੍ਹ ਬਣ ਜਾਂਦਾ ਹੈ ਅਤੇ ਉਸਦਾ ਜੀਵਨ ਢੰਗ ਵੀ ਪੁਰਾਤਨ ਕਦਰਾਂ-ਕੀਮਤਾਂ

ਮੁਤਾਬਿਕ ਹੀ ਢਲਿਆ ਹੁੰਦਾ ਹੈ। ਇਹ ਪਰੰਪਰਾਪੂਜ ਮਾਨਸਿਕਤਾ ਉਸਦੀ ਜੀਵਨ-ਜਾਚ ਤੇ ਅਵਚੇਤਨ ਦਾ ਹਿੱਸਾ ਬਣ ਜਾਂਦੀ ਹੈ। ਇਸੇ ਕਰਕੇ ਇਹ ਨਵੇਂ ਆਰਥਕ ਸੰਬੰਧਾਂ ਤੋਂ ਦੂਰ ਹੀ ਰਹਿੰਦੀ ਹੈ।[19] ਪਰੰਤੂ, ਜਿਵੇਂ-ਜਿਵੇਂ ਬਾਹਰਮੁਖੀ ਹਾਲਾਤ ਵਿਚ ਤਬਦੀਲੀ ਵਾਪਰਦੀ ਹੈ ਤਿਵੇਂ-ਤਿਵੇਂ ਪੁਰਾਣੇ ਜੀਵਨ ਢੰਗਾਂ ਦੀ ਜਕੜ ਦੇ ਖ਼ਿਲਾਫ਼ ਉਸਦੀ ਟੱਕਰ ਤਿੱਖੀ ਹੁੰਦੀ ਜਾਂਦੀ ਹੈ। ਇਸ ਟੱਕਰ ਵਿਚੋਂ ਹੀ ਸਮਾਜਕ-ਆਰਥਕ ਤੇ ਰਾਜਨੀਤਿਕ ਸੰਘਰਸ਼ ਸ਼ੁਰੂ ਹੁੰਦਾ ਹੈ। ਜਦੋਂ ਤੱਕ ਬਾਹਰਮੁਖੀ ਟੱਕਰ ਠੋਸ ਹਕੀਕਤ ਦਾ ਰੂਪ ਧਾਰਨ ਨਹੀਂ ਕਰ ਲੈਂਦੀ ਤੇ ਫ਼ੈਸਲਾਕੁੰਨ ਸਥਿਤੀ ਤੱਕ ਨਹੀਂ ਪਹੁੰਚ ਜਾਂਦੀ, ਉਤਨੀ ਦੇਰ ਤੱਕ ਕਿਸਾਨੀ ਪਰੰਪਰਾਗਤ ਕਦਰਾਂ-ਕੀਮਤਾਂ ਨਾਲ ਹੀ ਜੁੜੀ ਰਹਿੰਦੀ ਹੈ। ਇਸ ਤਰ੍ਹਾਂ ਧੁਰ ਅੰਦਰੋਂ ਪਰੰਪਰਾਪੂਜ ਬਿਰਤੀ ਦੀ ਧਾਰਨੀ ਹੋਣਾ ਤੇ ਇਸੇ ਮੁਤਾਬਿਕ ਜੀਵਨ ਗੁਜ਼ਾਰਨਾ ਉਸਦੇ ਸੁਭਾਅ ਦਾ ਵਿਸ਼ੇਸ਼ ਪਛਾਣ-ਚਿਨ੍ਹ ਬਣ ਜਾਂਦਾ ਹੈ। ਇਸੇ ਜੀਵਨ-ਜਾਚ ਵਿਚੋਂ ਹੀ 'ਮਿੱਟੀ ਦਾ ਮੋਹ', 'ਜ਼ਮੀਨ ਕਿਸਾਨ ਦੀ ਮਾਂ' ਤੇ ਵਿਅਕਤੀ ਦੀ ਥਾਂ 'ਭਾਈਚਾਰੇ ਦੀ ਪਹਿਲ' ਵਰਗੇ ਸੰਕਲਪ ਪੈਦਾ ਹੁੰਦੇ ਹਨ। ਇਸੇ ਕਰਕੇ ਹੀ ਕਿਸਾਨੀ ਨਵੀਂ ਜੀਵਨ ਪੱਧਤੀ ਵਿਚ ਢਲਕੇ ਵੀ ਪੁਰਾਣੇ ਪ੍ਰਤਿ ਹੇਰਵੇ ਦੀ ਸਥਿਤੀ ਵਿਚੋਂ ਗੁਜ਼ਾਰਦੀ ਹੈ ਤੇ ਨਵੇਂ ਵਰਤਾਰਿਆਂ ਨੂੰ ਕਦੇ ਵੀ ਅੱਖਾਂ ਬੰਦ ਕਰਕੇ ਆਪਣੀ ਸਵੀਕ੍ਰਿਤੀ ਨਹੀਂ ਦੇਂਦੀ।

ਕਿਸਾਨੀ ਦੇ ਵੱਖਰੇ ਸੁਭਾਅ ਦਾ ਪ੍ਰਗਟਾਵਾ ਵਿਭਿੰਨ ਸਭਿਆਚਾਰਕ ਚਿਹਨਾਂ ਰਾਹੀਂ ਉਜਾਗਰ ਹੁੰਦਾ ਹੈ। ਸਭਿਆਚਾਰਕ ਪਛਾਣ-ਚਿਨ੍ਹਾਂ ਤੋਂ ਇਲਾਵਾ ਉਸਦਾ ਵਿਹਾਰ ਵੀ ਇਸ ਵਿਚ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਪਰੰਪਰਾਵਾਦੀ ਹੋਣ ਕਰਕੇ ਕਿਸਾਨੀ ਦੀ ਸਭਿਆਚਾਰਕ ਪਛਾਣ ਅਤੇ ਮਾਨਸਿਕਤਾ ਵੱਖਰਤਾ ਦੀ ਧਾਰਨੀ ਹੁੰਦੀ ਹੈ। ਕਾਬਜ਼ ਜਮਾਤਾਂ ਦਾ ਸਭਿਆਚਾਰ ਹੀ ਸਮੁੱਚੀਆਂ ਸਮਾਜਕ ਜਮਾਤਾਂ ਲਈ ਜੀਵਨ ਮੁੱਲਾਂ ਦਾ ਪ੍ਰਮਾਣਿਕ ਪੈਮਾਨਾ ਹੁੰਦਾ ਹੈ, ਕਿਉਂਕਿ, "ਕੁਦਰਤ ਨਾਲ ਆਪਣੇ ਸਮੂਹ ਸੰਘਰਸ਼ ਵਿਚ ਰੁੱਝਿਆ ਜਨ-ਸਮੂਹ ਪੈਦਾਵਾਰੀ ਸਾਧਨਾਂ ਤੇ ਸੰਦਾਂ ਦੀ ਅਸਾਵੀਂ ਵੰਡ ਅਤੇ ਉਨ੍ਹਾਂ ਦੇ ਸਮਾਨਾਂਤਰ ਲੁੱਟ ਦੇ ਰਿਸ਼ਤੇ ਜਮਾਤੀ ਸਮਾਜ ਵਿਚ ਆਰਥਕ ਪੱਖੋਂ ਭਾਰੂ ਜਮਾਤ ਦੇ ਸਭਿਆਚਾਰ ਦੀ ਪ੍ਰਭੁ-ਸੱਤਾ ਸਥਾਪਿਤ ਕਰਦੇ ਹਨ।"[20] ਪੈਦਾਵਾਰੀ ਸਾਧਨਾਂ 'ਤੇ ਕਾਬਜ਼

ਧਿਰਾਂ ਦੇ ਗ਼ਲਬੇ ਦੇ ਬਾਵਜੂਦ ਕਿਸਾਨੀ ਸੁਭਾਵਿਕ ਤੌਰ ’ਤੇ ਭਾਰੂ ਸਭਿਆਚਾਰ ਦਾ ਅੰਗ ਹੁੰਦੀ ਹੋਈ ਵੀ ਅਲੱਗ ਜੀਵਨ-ਜਾਚ ਤੇ ਜੀਵਨ-ਮੁੱਲਾਂ ਦੀ ਧਾਰਨੀ ਹੁੰਦੀ ਹੈ।[21] ਇਸ ਸਭਿਆਚਾਰਕ ਵਖਰੇਵੇਂ ਵਿਚ ਉਸਦੇ ਜਜ਼ਬੇ, ਸੁਪਨੇ, ਰੀਝਾਂ, ਔਕੜਾਂ, ਥੁੜਾਂ, ਲੋੜਾਂ, ਪ੍ਰਾਪਤੀਆਂ ਆਦਿ ਆਪਣੇ ਜਮਾਤੀ ਸੁਭਾਅ ਅਨੁਸਾਰ ਵੱਖਰੇ ਤਰੀਕੇ ਨਾਲ ਅਭਿਵਿਅਕਤ ਹੁੰਦੇ ਹਨ।

ਆਪਣੇ ਮਾਲਕ ਅਤੇ ਕਾਮੇ ਵਾਲੇ ਦੂਹਰੇ ਸੁਭਾਅ ਕਰਕੇ ਅਤੇ ਲਗਾਤਾਰ ਸੰਘਰਸ਼ ਕਰਦੀ ਰਹੀ ਹੋਣ ਕਰਕੇ ਕਿਸਾਨੀ ਦੀ ਮਾਨਸਿਕਤਾ ਕਈ ਪੱਖਾਂ ਤੋਂ ਵਿਲੱਖਣ ਹੁੰਦੀ ਹੈ। ਲਗਾਤਾਰ ਸੰਘਰਸ਼ ਕਰਦੀ ਹੋਣ ਕਰਕੇ ਉਸ ਵਿਚ ਸਥਾਨਕ ਨੇਤਾ ਵਾਲੇ ਗੁਣ ਵੀ ਦੇਖੇ ਜਾ ਸਕਦੇ ਹਨ ਤੇ ਉਪਰਲੀ ਧਿਰ ਨਾਲ ਸੰਘਰਸ਼ਾਂ ਵਿਚ ਵਧੇਰੇ ਕਰਕੇ ਹਾਰਾਂ ਦਾ ਸਾਹਮਣਾ ਕਰਨ ਕਰਕੇ ਮਾਅਕਰੇਬਾਜ਼ੀ ਵਾਲੀ ਮਾਨਸਿਕਤਾ ਦਾ ਸ਼ਿਕਾਰ ਵੀ ਕਿਸਾਨੀ ਹੁੰਦੀ ਹੈ। ਸਮਾਜਕ-ਆਰਥਕ ਵਿਕਾਸ ਸਮੇਂ ਤਬਦੀਲੀ ਦੇ ਹਰ ਦੌਰ ਵਿਚ ਵਿਚ ਕਿਸਾਨੀ ਦੀ ਵਿਸ਼ੇਸ਼ ਭੂਮਿਕਾ ਰਹੀ ਹੈ, ਕਿਉਂਕਿ ਸਭ ਤੋਂ ਵੱਧ ਆਰਥਕ ਦਬਾਅ ਕਿਸਾਨੀ ਉੱਤੇ ਹੀ ਹੁੰਦੇ ਹਨ ਅਤੇ ਇਨ੍ਹਾਂ ਸਮੁੱਚੇ ਹਾਲਾਤ ਕਰਕੇ ਉਸਨੂੰ ਹੀ ਸਭ ਤੋਂ ਵੱਧ ਸੰਕਟਮਈ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸੰਕਟਮਈ ਸਥਿਤੀਆਂ ਉਸ ਦੀ ਹੋਂਦ ਲਈ ਵੀ ਖ਼ਤਰਾ ਬਣ ਜਾਂਦੀਆਂ ਹਨ ਜਿਸ ਕਰਕੇ ਹਾਲਾਤ ਉਸ ਦੇ ਸਾਹਮਣੇ ‘ਕਰੋ ਜਾਂ ਮਰੋ’ ਵਾਲੀ ਸਥਿਤੀ ਬਣਾ ਦੇਂਦੇ ਹਨ। ਇਹ ਸਥਿਤੀ ਕਿਸਾਨੀ ਦੀ ਮਾਨਸਿਕਤਾ ਨੂੰ ਘੜਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਕਾਬਜ਼ ਜਮਾਤਾਂ ਦੇ ਲਗਾਤਾਰ ਜ਼ੁਲਮ ਨੇ ਕਿਸਾਨਾਂ ਨੂੰ ਸਥਾਪਤੀ ਵਿਰੁੱਧ ਬਗ਼ਾਵਤ ਦੇ ਰਾਹ ਤੋਰਿਆ ਹੈ। ਸਥਾਪਤ ਪ੍ਰਬੰਧ ਦੀ ਕੁੱਖ ਵਿਚ ਪਲ ਰਹੇ ਆਰਥਕ ਸੰਬੰਧ ਜਦੋਂ ਆਰਥਕ ਸਾਧਨਾਂ ਦੇ ਅਨੁਸਾਰੀ ਨਹੀਂ ਰਹਿੰਦੇ ਤੇ ਸੰਦਾਂ ਦਾ ਪਰਿਵਰਤਨ ਨਵੇਂ ਰਿਸ਼ਤਿਆਂ ਲਈ ਜ਼ਮੀਨ ਤਿਆਰ ਕਰਦਾ ਹੈ। ਇਹ ਨਵੇਂ ਆਰਥਕ ਸੰਬੰਧ ਤੇ ਰਿਸ਼ਤੇ ਨਵੇਂ ਸਮਾਜਕ ਪ੍ਰਬੰਧ ਨੂੰ ਸਿਰਜਣ ਵੱਲ ਵਧਦੇ ਹਨ। ਬਾਹਰਮੁੱਖੀ ਹਾਲਾਤ ਦੇ ਪੂਰੀ ਤਰ੍ਹਾਂ ਤਿਆਰ ਹੋ ਜਾਣ ਨਾਲ ਨਵਾਂ ਪ੍ਰਬੰਧ ਵੇਲਾ ਵਿਹਾ ਚੁੱਕੇ ਪ੍ਰਬੰਧ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਹੁੰਦਾ ਹੈ। ਨਵੀਆਂ ਜੀਵਨ ਕੀਮਤਾਂ ਨੂੰ ਪ੍ਰਣਾਈਆਂ ਜਮਾਤਾਂ ਪੁਰਾਣੇ ਪ੍ਰਬੰਧ ਤੋਂ ਨਾਬਰ ਹੋ ਜਾਂਦੀਆਂ ਹਨ। ਸਥਾਪਿਤ ਪ੍ਰਬੰਧ ਆਪਣੀ ਢਿੱਲੀ ਪੈ ਰਹੀ

ਜਕੜ ਨੂੰ ਪੱਕਿਆਂ ਕਰਨ ਲਈ ਬਹੁ-ਪਰਤੀ ਦਬਾਅ ਪਾਉਣ ਦਾ ਯਤਨ ਕਰਦਾ ਹੈ, ''ਜਾਗੀਰਦਾਰੀ ਦੇ ਜਬਰ ਵਿਰੁੱਧ ਕਿਸਾਨਾਂ ਨੇ ਵੱਡੀਆਂ ਬਗ਼ਾਵਤਾਂ ਕੀਤੀਆਂ ਤੇ ਇਸਦਾ ਟਾਕਰਾ ਡਟਵੇਂ ਰੂਪ ਵਿਚ ਕੀਤਾ, ਕਿਉਂਕਿ ਕਿਸਾਨੀ ਉੱਤੇ ਜਬਰ ਸ਼੍ਰੇਣੀ ਜਬਰ ਵਿਚੋਂ ਪੈਦਾ ਹੁੰਦਾ ਹੈ।''[22]

ਕਿਸਾਨੀ ਦਾ ਇਹ ਸੰਘਰਸ਼ ਕਦੇ ਵੀ ਸਿੱਧਾ ਤੇ ਸਰਲ ਨਹੀਂ ਹੁੰਦਾ। ਕਿਸਾਨੀ ਆਪਣੇ ਮਾਲਕ ਅਤੇ ਕਾਮੇ ਵਾਲੇ ਦੂਹਰੇ ਸੁਭਾਅ ਦੀਆਂ ਸੀਮਾਵਾਂ ਕਾਰਣ ਕਈ ਵਾਰ ਦੋ-ਚਿੱਤੀ ਦਾ ਸ਼ਿਕਾਰ ਵੀ ਹੁੰਦੀ ਹੈ। ਕਿਸਾਨੀ ਦੇ ਸੁਭਾਅ ਦੀ ਇਸ ਦੁਵੱਲਤਾ ਕਾਰਣ ਹੀ ਉਸਦਾ ਬਹੁਤ ਲੰਮਾਂ ਤੇ ਉਲਝਿਆ ਹੋਇਆ ਵਿਚਾਰਧਾਰਾਈ ਤੇ ਰਾਜਨੀਤਿਕ ਇਤਹਾਸ ਹੈ।[23] ਪਰ ਸੁਭਾਅ ਵਿਚਲੀਆਂ ਇਨ੍ਹਾਂ ਦੁਵੱਲਤਾਵਾਂ ਦੇ ਬਾਵਜੂਦ ਕਿਸਾਨੀ ਦੇ ਖਾੜਕੂ ਸੁਭਾਅ ਅਤੇ ਜ਼ਮੀਨ ਪ੍ਰਤਿ ਲਗਾਉ ਕਾਰਣ ਹੀ ਕਿਸਾਨ ਨੂੰ ਭੂਮੀ ਪੁੱਤਰ ਕਿਹਾ ਜਾਂਦਾ ਹੈ ਅਤੇ ਇਸਦੀ ਰੱਖਿਆ ਲਈ ਉਹ ਕਾਬਜ਼ ਜਮਾਤਾਂ ਵਿਰੁੱਧ ਸੰਘਰਸ਼ ਕਰਦਾ ਹੈ ਅਤੇ ਸਥਾਨਕ ਪੱਧਰ 'ਤੇ ਆਗੂ ਬਣ ਜਾਂਦਾ ਹੈ ਅਤੇ ਸੰਘਰਸ਼ ਸਮੇਂ ਹਰ ਤਰ੍ਹਾਂ ਦੇ ਜ਼ੁਲਮ ਦਾ ਟਾਕਰਾ ਦ੍ਰਿੜਤਾ ਨਾਲ ਕਰਦਾ ਹੈ।[24] ਸਮੁੱਚੀ ਜ਼ਿੰਦਗ਼ੀ ਰੋਜ਼ੀ-ਰੋਟੀ ਲਈ ਹੱਡ-ਭੰਨਵੀਂ ਮਿਹਨਤ ਤੋਂ ਇਲਾਵਾ ਆਪਣੀ ਹੋਂਦ ਨੂੰ ਬਚਾਉਣ ਲਈ ਕੀਤੇ ਸੰਘਰਸ਼ ਕਾਰਣ ਕਿਸਾਨ ਸੁਭਾਵਕ ਤੌਰ 'ਤੇ ਸਖ਼ਤ ਸੁਭਾਅ ਦਾ ਧਾਰਨੀ ਹੁੰਦਾ ਹੈ। ਮਜ਼ਬੂਤ ਇਰਾਦਾ ਉਸਦੀ ਜ਼ਿੰਦਗ਼ੀ ਦੇ ਸਖ਼ਤ ਸੰਘਰਸ਼ ਵਿਚੋਂ ਪੈਦਾ ਹੁੰਦਾ ਹੈ। ਇਸ ਲਈ ਸਭਿਆਚਾਰਕ ਇਕਾਈ ਦਾ ਹਰ ਪਹਿਲੂ ਉਸਦੇ ਸੁਭਾਅ ਦੀ ਤਰਜ਼ਮਾਨੀ ਕਰਦਾ ਹੈ। ਉਸ ਦੁਆਰਾ ਰੰਗਾਂ ਦੀ ਚੋਣ, ਗੀਤ, ਨਾਚ, ਪਹਿਰਾਵਾ, ਖੇਡਾਂ ਉਸਦੀ ਵਿਲੱਖਣਤਾ ਨੂੰ ਪੇਸ਼ ਕਰਨ ਵਾਲੇ ਸੰਦ ਹਨ।

ਸਮਾਜਕ ਪਰਿਵਰਤਨ ਦੀ ਬੁਨਿਆਦੀ ਪ੍ਰਕ੍ਰਿਆ ਅਧੀਨ ਜਾਂ ਸੰਘਰਸ਼ ਦੇ ਸਮੇਂ ਦੌਰਾਨ ਵੀ ਕਿਸਾਨੀ ਕਈ ਵਾਰ ਡਾਵਾਂਡੋਲ ਮਾਨਸਿਕ ਸਥਿਤੀ ਵਿਚੋਂ ਗੁਜ਼ਰਦੀ ਹੈ। ਵਿਸ਼ੇਸ਼ ਤੌਰ 'ਤੇ ਜ਼ਮੀਨ ਦੀ ਮਾਲਕੀ ਦਾ ਮੋਹ ਉਸ ਲਈ ਸੰਕਟ ਪੈਦਾ ਕਰਦਾ ਹੈ, ਕਿਉਂਕਿ ਜ਼ਮੀਨ ਦੀ ਮਾਲਕੀ ਕਿਸਾਨੀ ਲਈ ਸਿਰਫ਼ ਰੋਜ਼ੀ-ਰੋਟੀ ਦਾ ਸਾਧਨ ਮਾਤਰ ਹੀ ਨਹੀਂ, ਸਗੋਂ ਉਸਦਾ ਸਮਾਜਕ ਰੁਤਬਾ, ਉਸਦੀ ਹਸਤੀ-ਹੋਂਦ ਦਾ ਆਧਾਰ ਹੀ ਜ਼ਮੀਨ ਦੀ ਮਾਲਕੀ ਨਾਲ ਜੁੜਿਆ ਹੁੰਦਾ ਹੈ। ਕਿਸਾਨੀ ਦੀ ਉਪਰਲੀ

ਪਰਤ ਦਾ ਝੁਕਾਅ ਵੀ ਜ਼ਮੀਨ ਮਾਲਕੀ ਪ੍ਰਤਿ ਉਲਾਰ ਹੁੰਦਾ ਹੈ। ਛੋਟਾ ਕਿਸਾਨ ਜੋ ਜਾਗੀਰਦਾਰ ਅਤੇ ਸ਼ਾਹੂਕਾਰ ਦੀ ਦੂਹਰੀ ਲੁੱਟ ਦਾ ਸ਼ਿਕਾਰ ਹੁੰਦਾ ਹੈ, ਦਾ ਅਸਲ ਵਿਰੋਧ ਕਾਬਜ਼ ਧਿਰ ਨਾਲ ਹੁੰਦਾ ਹੈ ਅਤੇ ਪ੍ਰੋਲੇਤਾਰੀ ਨਾਲ ਉਸਦੀ ਸਾਂਝ ਦੋਹਾਂ ਧਿਰਾਂ ਦੇ ਆਰਥਕ-ਸਮਾਜਕ ਹਿਤਾਂ ਲਈ ਲਾਜ਼ਮੀ ਹੁੰਦੀ ਹੈ, ਕਿਉਂਕਿ ਪ੍ਰੋਲੇਤਾਰੀ ਮਜ਼ਦੂਰ ਕਿਸਾਨੀ ਨਾਲੋਂ ਵਧੇਰੇ ਸੰਗਠਿਤ, ਸੁਚੇਤ ਤੇ ਅਗਵਾਈ ਕਰ ਸਕਣ ਦੇ ਸਮਰਥ ਹੁੰਦਾ ਹੈ। ਪਰੰਤੂ, ਕਿਸਾਨੀ ਆਪਣੇ ਪਰੰਪਰਾਗਤ ਸੁਭਾਅ ਦੀਆਂ ਸੀਮਾਵਾਂ ਕਾਰਣ ਜਾਤੀ ਸੰਬੰਧਾਂ ਪ੍ਰਤਿ ਆਰਥਿਕ ਹਿਤਾਂ ਨਾਲੋਂ ਵਧੇਰੇ ਉਲਾਰ ਹੁੰਦੀ ਹੈ ਅਤੇ ਦੂਸਰੇ, ਜ਼ਮੀਨ ਮਾਲਕੀ ਦਾ ਮੋਹ ਤੇ ਮਾਲਕੀ ਨਾਲ ਜੁੜੀ ਹੋਈ ਹਉਮੈਂ ਵੀ ਕਿਸਾਨੀ ਨੂੰ ਪ੍ਰੋਲੇਤਾਰੀ ਦੀ ਅਗਵਾਈ ਕਬੂਲਣ ਲਈ ਤਿਆਰ ਨਹੀਂ ਹੋਣ ਦੇਂਦੀ। ਪਰ ਇਹ ਸਥਿਤੀ ਸਦਾ ਲਈ ਕਾਇਮ ਨਹੀਂ ਰਹਿ ਸਕਦੀ। ਜਦੋਂ ਬਾਹਰਮੁਖੀ ਹਾਲਾਤ ਤਿਆਰ ਹੋ ਜਾਂਦੇ ਹਨ ਤੇ ਲੰਮੇ ਸੰਘਰਸ਼ਾਂ ਵਿਚ ਪੈ ਕੇ ਕਿਸਾਨੀ ਆਪਣੀਆਂ ਇਨ੍ਹਾਂ ਕਮਜ਼ੋਰੀਆਂ ’ਤੇ ਕਾਬੂ ਪਾ ਲੈਣ ਦੇ ਸਮਰੱਥ ਹੋ ਜਾਂਦੀ ਹੈ। ਪਰੰਤੂ, ਕਿਸਾਨੀ ਵਿਚ ਇਹ ਤਬਦੀਲੀ ਇਤਨੀ ਆਸਾਨ ਨਹੀਂ ਵਾਪਰਦੀ, ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਕੀਤਾ ਲਗਾਤਾਰ ਸੰਘਰਸ਼ ਤੇ ਪ੍ਰੋਲੇਤਾਰੀ ਤੋਂ ਗ੍ਰਹਿਣ ਕੀਤੀ ਜਮਾਤੀ ਚੇਤਨਾ ਕਾਰਣ ਕਿਸਾਨੀ ਵਿਚ ਇਹ ਸਿਫ਼ਤੀ ਤਬਦੀਲੀ ਵਾਪਰਣ ਦੀ ਸੰਭਾਵਨਾ ਪੈਦਾ ਹੋ ਜਾਂਦੀ ਹੈ।[25] ਪਰ ਇਸ ਸਮੁੱਚੇ ਸੰਘਰਸ਼ ਵਿਚ ਵੀ ਕਿਸਾਨੀ ਕਈ ਵਾਰ ਦੋ-ਚਿੱਤੀ ਤੇ ਡਾਵਾਂਡੋਲਤਾ ਵਾਲੀ ਸਥਿਤੀ ਦਾ ਸ਼ਿਕਾਰ ਹੁੰਦੀ ਹੈ, ਕਿਉਂਕਿ ਉਸਦਾ ਕਾਮੇ ਤੇ ਮਾਲਕ ਵਾਲਾ ਦੂਹਰਾ ਸੁਭਾਅ ਉਸਦੀ ਇਸ ਮਾਨਸਿਕਤਾ ਨੂੰ ਨਿਰਧਾਰਿਤ ਕਰਨ ਵਿਚ ਫ਼ੈਸਲਾਕੁੰਨ ਭੂਮਿਕਾ ਨਿਭਾਉਂਦਾ ਹੈ, “ਇਹ ਅਖੌਤੀ ਮਿਹਨਤਕਸ਼ ਕਿਸਾਨ ਅਸਲ ਵਿਚ ਛੋਟਾ ਜਾਇਦਾਦ ਮਾਲਕ ਜਾਂ ਪੈਟੀ ਬੁਰਜੁਆ ਹੈ, ਜੋ ਕਈ ਵਾਰ ਆਪ ਕਿਰਾਏ ਤੇ ਕਿਸੇ ਲਈ ਕੰਮ ਕਰਦਾ ਹੈ ਜਾਂ ਆਪ ਮਜ਼ਦੂਰਾਂ ਨੂੰ ਕਿਰਾਏ ’ਤੇ ਰੱਖਦਾ ਹੈ। ਛੋਟਾ ਜਾਇਦਾਦ ਮਾਲਕ ਹੋਣ ਦੇ ਨਾਤੇ ਮਿਹਨਤਕਸ਼ ਕਿਸਾਨ ਸਿਆਸਤ ਵਿਚ ਮਾਲਕਾਂ ਅਤੇ ਮਜ਼ਦੂਰਾਂ ਵਿਚਾਲੇ ਡੋਲਦਾ ਹੈ।”[26] ਬੇਸ਼ੱਕ, ਕਿਸਾਨੀ ਆਪਣੇ ਖਾੜਕੂ ਤੇ ਮਾਅਰਕੇਬਾਜ਼ੀ ਵਾਲੇ ਸੁਭਾਅ ਕਰਕੇ ਰਾਜਨੀਤੀ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ, ਪਰ ਆਪਣੇ ਮਾਲਕ ਤੇ ਕਾਮੇ ਵਾਲੀ

ਦੋਹਰੀ ਮਾਨਸਿਕਤਾ ਕਰਕੇ ਡਾਵਾਂਡੋਲ ਅਵਸਥਾ ਵਿਚੋਂ ਵੀ ਗੁਜ਼ਰਦੀ ਹੈ।[27]

ਅੱਡਰੀ ਸਭਿਆਚਾਰਕ ਇਕਾਈ, ਮਾਨਸਿਕ ਤੌਰ ’ਤੇ ਪਰੰਪਰਾਵਾਦੀ ਅਤੇ ਵਿਸ਼ੇਸ਼ ਸਮਾਜਕ ਬਣਤਰ ਕਾਰਣ ਕਿਸਾਨੀ ਸੁਭਾਵਿਕ ਤੌਰ ’ਤੇ ਵਹਿਮਾਂ-ਭਰਮਾਂ ਦੀ ਸ਼ਿਕਾਰ, ਕਿਸਮਤ ਵਿਚ ਵਿਸ਼ਵਾਸ ਰੱਖਣ ਵਾਲੀ ਤੇ ਧਾਰਮਿਕ ਵਿਚਾਰਾਂ ਦੀ ਧਾਰਨੀ ਹੁੰਦੀ ਹੈ। ਬਾਹਰਮੁਖੀ ਪਦਾਰਥਕ ਹਾਲਤਾਂ ਦੀ ਪਰਿਵਰਤਨ ਪ੍ਰਕ੍ਰਿਆ ਵਿਚ ਜਦੋਂ ਬਹੁ-ਪੱਖੀ ਸੰਘਰਸ਼ ਚਲਦੇ ਹਨ ਤਾਂ ਸਮਾਜਕ-ਇਤਹਾਸ ਦੇ ਅਵਿਕਸਿਤ ਦੌਰ ਵਿਚ ਅਤੇ ਵਿਗਿਆਨਕ ਨਜ਼ਰੀਏ ਦੀ ਅਣਹੋਂਦ ਵਿਚ ਸੰਘਰਸ਼ਾਂ ਵਿਚ ਹਾਰ ਕੇ ਸ਼ੋਸ਼ਤ ਵਰਗ ਧਰਮ, ਵਹਿਮਾਂ-ਭਰਮਾਂ ਵਿਚੋਂ ਆਪਣੀ ਮੁਕਤੀ ਤਲਾਸ਼ਦਾ ਹੈ। ਸੱਤਾ ’ਤੇ ਕਾਬਜ਼ ਧਿਰਾਂ ਇਸ ਅਵਸਥਾ ਨੂੰ ਸੁਚੇਤ ਰੂਪ ਵਿਚ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ ਕਰਦੀਆਂ ਹਨ। ਅਜਿਹਾ ਦਰਸ਼ਨ ਲੋਕਾਂ ਨੂੰ ਰੱਬਪੂਜ ਤੇ ਕਿਸਮਤਪ੍ਰਸਤ ਬਣਾ ਦੇਂਦਾ ਹੈ ਅਤੇ ਇਸ ਦਾ ਮਕਸਦ ਇਸ ਦਿਸਦੇ ਸੰਸਾਰ ਦੀ ਥਾਂ ਅਗਲੇ ਸੰਸਾਰ ਵਿਚ ਵਿਸ਼ਵਾਸ ਤੇ ਉਸ ਨੂੰ ਸੰਵਾਰਨ ਵਿਚ ਲੋਕਾਂ ਦੇ ਵਿਸ਼ਵਾਸ ਨੂੰ ਪੱਕਿਆਂ ਕਰਨਾ ਹੁੰਦਾ ਹੈ ਤਾਂ ਕਿ ਲੋਕਾਂ ਵਿਚ ਦਿਸਦੇ ਸੰਸਾਰ ਬਾਰੇ ਸੋਝੀ ਪੈਦਾ ਹੋਣ ਦੀ ਸੰਭਾਵਨਾ ਹੀ ਪੈਦਾ ਨਾ ਹੋ ਸਕੇ।

ਖੇਤੀ ਸਿੱਧੇ ਰੂਪ ਵਿਚ ਕੁਦਰਤ ਨਾਲ ਜੁੜੀ ਹੋਈ ਹੋਣ ਕਰਕੇ ਕਿਸਾਨੀ ਦਾ ਵਾਹ ਸਿੱਧੇ ਰੂਪ ਵਿਚ ਕੁਦਰਤ ਨਾਲ ਹੁੰਦਾ ਹੈ। ਕੁਦਰਤ ਨੂੰ ਆਪਣੇ ਮੁਤਾਬਿਕ ਢਾਲਣ ਲਈ ਮਨੁੱਖ ਲਗਾਤਾਰ ਇਸ ਨਾਲ ਸੰਘਰਸ਼ ਕਰਦਾ ਹੈ, ਜਦੋਂ ਹਾਲਾਤ ਮਨੁੱਖ ਦੇ ਅਨੁਸਾਰੀ ਨਾ ਹੋਣ ਤਾਂ ਕੁਦਰਤੀ ਤਾਕਤਾਂ ਸਾਹਮਣੇ ਹਾਰ ਉਸਦੀ ਪੂਜਾ ਦਾ ਪ੍ਰੇਰਣਾ ਸਰੋਤ ਬਣ ਜਾਂਦੀ ਹੈ। ਕੁਦਰਤ ਦੀਆਂ ਪ੍ਰਤੱਖ ਦਿਸਦੀਆਂ ਸ਼ਕਤੀਆਂ ਨੂੰ ਖ਼ੁਸ਼ ਕਰਨ ਲਈ ਜਾਦੂ, ਮੰਤਰ, ਟੂਣੇ ਦਾ ਸਹਾਰਾ ਲਿਆ ਜਾਂਦਾ ਹੈ। ਅਜਿਹੀ ਸਥਿਤੀ ਕਰਕੇ ਕਿਸਾਨੀ ਨਵੇਂ ਵਿਚਾਰਾਂ ਤੋਂ ਦੂਰ ਚਲੀ ਜਾਂਦੀ ਹੈ। ਸਰਮਾਏਦਾਰੀ ਦੇ ਵਿਕਾਸ ਨਾਲ ਵਿਗਿਆਨ ਤੇ ਤਕਨਾਲੌਜੀ ਦਾ ਵਿਕਾਸ ਹੁੰਦਾ ਹੈ। ਇਸ ਪ੍ਰਕਾਰ ਸਰਮਾਏਦਾਰੀ ਆਰਥਕ-ਸਮਾਜਕ ਪ੍ਰਬੰਧ ਦਾ ਪਹਿਲਾ ਵਾਰ ਜਾਗੀਰਦਾਰੀ ਪ੍ਰਬੰਧ ਨਾਲ ਜੁੜੇ ਜੀਵਨ-ਵਿਸ਼ਵਾਸਾਂ ’ਤੇ ਹੁੰਦਾ ਹੈ ਅਤੇ ਵਿਗਿਆਨਕ ਨਜ਼ਰੀਏ ਨੂੰ ਵਿਕਸਿਤ ਕਰਨ ਦਾ ਸਬੱਬ ਬਣਦਾ ਹੈ।

ਸਰਮਾਏਦਾਰੀ ਪ੍ਰਬੰਧ ਦਾ ਸਭ ਤੋਂ ਪਹਿਲਾ ਪ੍ਰਭਾਵ ਉਸ ਇਕਾਈ ’ਤੇ ਹੁੰਦਾ ਹੈ ਜਿੱਥੇ ਕੱਚਾਮਾਲ ਵੇਚਣਯੋਗ ਤਿਆਰ ਮਾਲ ਵਿਚ ਤਬਦੀਲ ਹੁੰਦਾ ਹੈ। ਇਸ ਤੋਂ ਬਾਅਦ ਤਿਆਰ ਮਾਲ ਦੀ ਵਿਕਰੀ ਲਈ ਮੰਡੀ ਦੀ ਤਲਾਸ਼ ਹੁੰਦੀ ਹੈ। ਮੰਡੀ ਦਾ ਵਿਕਾਸ ਪਿੰਡਾਂ ਤੋਂ ਦੂਰ ਸ਼ਹਿਰ ਵਿਚ ਹੁੰਦਾ ਹੈ, ਜਿੱਥੇ ਵਿਕਾਸ ਦੀਆਂ ਸਾਰੀਆਂ ਸਹੂਲਤਾਂ ਮੌਜੂਦ ਹੁੰਦੀਆਂ ਹਨ। ਮੰਡੀ ਦੇ ਵਿਕਾਸ ਦੇ ਸਮਾਨਾਂਤਰ ਪਿੰਡ ਜਾਗੀਰਦਾਰੀ ਜਾਂ ਪਰੰਪਰਾਗਤ ਆਰਥਿਕ ਪ੍ਰਬੰਧ ਦੇ ਪ੍ਰਭਾਵ ਅਧੀਨ ਇਕ ਸੁਤੰਤਰ ਤੇ ਸ੍ਵੈ-ਨਿਰਭਰ ਇਕਾਈ ਵਜੋਂ ਸਥਾਪਿਤ ਹੁੰਦਾ ਹੈ। ਪਿੰਡਾਂ ਵਿਚ ਨਵੇਂ ਵਿਚਾਰਾਂ, ਜੀਵਨ-ਜਾਚ, ਵਿਸ਼ਵਾਸ ਤੇ ਪੈਦਾਵਾਰੀ ਸੰਬੰਧ ਦਾ ਪ੍ਰਭਾਵ ਮੱਧਮ ਰੂਪ ਵਿਚ ਨਜ਼ਰ ਆਉਂਦਾ ਹੈ, ਕਿਉਂਕਿ, “ਨਵੇਂ ਵਿਚਾਰ ਸਮਾਜਕ ਅਮਲ ਵਿਚੋਂ ਪੈਦਾ ਹੁੰਦੇ ਹਨ ਅਤੇ ਇਹ ਵਿਚਾਰ ਤਿੰਨ ਕਿਸਮ ਦੇ ਸਮਾਜਕ ਅਮਲ ਵਿਚੋਂ ਆਉਂਦੇ ਹਨ; ਬੰਦੇ ਦੀ ਪੈਦਾਵਾਰ ਵਾਸਤੇ ਕੁਦਰਤ ਨਾਲ ਜਦੋ ਜਹਿਦ, ਜਮਾਤੀ ਜਦੋ-ਜਹਿਦ ਅਤੇ ਸਾਇੰਸ ਦੇ ਤਜਰਬਿਆਂ ਵਿਚੋਂ।”[28] ਇਸ ਤਰ੍ਹਾਂ ਇਸ ਲੰਮੇ ਇਤਹਾਸਕ ਸਮੇਂ ਦੌਰਾਨ ਕਿਸਾਨੀ ਦੇ ਜੋ ਵਿਲੱਖਣ ਲੱਛਣ ਉਜਾਗਰ ਹੁੰਦੇ ਹਨ, ਉਨ੍ਹਾਂ ਮੁਤਾਬਿਕ ਕਿਸਾਨੀ ਸੁਭਾਵਿਕ ਤੌਰ ’ਤੇ ਪਰੰਪਰਾਵਾਦੀ, ਸਭਿਆਚਾਰਕ ਤੌਰ ’ਤੇ ਪੱਛੜੀ ਹੋਈ, ਰਾਜਸੀ ਤੌਰ ’ਤੇ ਡਾਵਾਂਡੋਲ, ਮਾਅਰਕੇਬਾਜ਼ੀ ਦੀ ਸ਼ਿਕਾਰ, ਸਮਾਜਕ ਤੌਰ ’ਤੇ ਜਾਗੀਰਦਾਰੀ, ਸ਼ਾਹੂਕਾਰ ਤੇ ਪੇਂਡੂ ਪ੍ਰੋਲੇਤਾਰੀ ਦੇ ਵਿਚਕਾਰਲੀ ਅਵਸਥਾ ਵਾਲੀ ਜਮਾਤ ਹੈ।”[29]

ਕਿਸਾਨੀ ਦੇ ਇਤਹਾਸਕ ਵਿਕਾਸ ਅਤੇ ਸੁਭਾਅ ਬਾਰੇ ਚਰਚਾ ਤੋਂ ਬਾਅਦ ਅਸੀਂ ਕਿਸਾਨੀ ਦੇ ਬੁਨਿਆਦੀ ਲੱਛਣਾਂ ਦੀ ਪਛਾਣ ਕਰ ਸਕਦੇ ਹਾਂ। ਖੇਤੀ ਨਾਲ ਜੁੜੀ ਹੋਈ ਜਮਾਤ ਹੋਣ ਕਰਕੇ ਇਸ ਵਰਗ ਦਾ ਸਭ ਤੋਂ ਉਘੜਵਾਂ ਲੱਛਣ ਜ਼ਮੀਨੀ ਸੰਬੰਧਾਂ ’ਤੇ ਹੀ ਆਧਾਰਿਤ ਹੋ ਸਕਦਾ ਹੈ। ਕਿਸੇ ਵੀ ਸਮਾਜਕ-ਆਰਥਕ ਵਰਗ ਦੀ ਸਮਾਜਕ ਸਥਿਤੀ ਨੂੰ ਜਾਨਣ ਲਈ ਉਸ ਦੌਰ ਦੇ ਪੈਦਾਵਾਰੀ ਰਿਸ਼ਤਿਆਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਸਮਾਜਕ ਵਿਕਾਸ ਦੇ ਆਰੰਭਲੇ ਦੌਰ ਵਿਚ ਮਨੁੱਖ ਦਾ ਕੁਦਰਤ ਨਾਲ ਟਕਰਾਅ ਬਹੁਤ ਸਿੱਧਾ ਤੇ ਸਪਸ਼ਟ ਸੀ, ਸਮਾਜਕ ਵਿਕਾਸ ਦੀ ਤੋਰ ਨੇ ਇਸ ਨੂੰ ਵਧੇਰੇ ਗੁੰਝਲਦਾਰ ਬਣਾ ਦਿੱਤਾ। ਪੈਦਾਵਾਰ ਦਾ ਮੁੱਖ ਸਾਧਨ ਖੇਤੀ ਹੋਣ ਕਰਕੇ ਮਨੁੱਖੀ ਰਿਸ਼ਤਿਆਂ

ਦੀ ਆਧਾਰ ਭੂਮੀ ਵੀ ਇਹੀ ਰਿਸ਼ਤੇ ਸਨ। ਗ਼ੁਲਾਮਦਾਰੀ ਯੁੱਗ ਵਿਚ ਭੂਮੀਪਤੀ ਗ਼ੁਲਾਮਾਂ ਦੇ ਮਾਲਕ ਸਨ, ਜਿਨ੍ਹਾਂ ਤੋਂ ਖੇਤੀ ਵਿਚ ਕੰਮ ਲਿਆ ਜਾਂਦਾ ਸੀ। ਸਮਾਜਕ ਵਿਕਾਸ ਦੇ ਇਸ ਪੜਾਅ ’ਤੇ ਗ਼ੁਲਾਮ ਅਤੇ ਮਾਲਕ ਵਿਚ ਰਿਸ਼ਤਾ ਬਿਲਕੁੱਲ ਸਿੱਧਾ ਸੀ। ਸਮੁੱਚੀ ਉਪਜ ਦਾ ਮਾਲਕ ਜ਼ਿਮੀਂਦਾਰ ਸੀ। ਗ਼ੁਲਾਮਾਂ ਨੂੰ ਮਜ਼ਦੂਰੀ ਦੇ ਬਦਲੇ ਵਿਚ ਸਿਰਫ਼ ਉਤਨਾ ਹੀ ਦਿੱਤਾ ਜਾਂਦਾ ਸੀ ਜੋ ਉਨ੍ਹਾਂ ਦੇ ਜ਼ਿੰਦਾ ਰਹਿਣ ਲਈ ਲਾਜ਼ਮੀ ਸੀ। ਸਮਾਜਕ ਵਿਕਾਸ ਦੇ ਅਗਲੇ ਪੜਾਅ ’ਤੇ ਜਾਗੀਰਦਾਰੀ ਪ੍ਰਬੰਧ ਹੋਂਦ ਵਿਚ ਆਇਆ। ਸਮਾਜਕ ਵਿਕਾਸ ਦੇ ਇਸ ਪੜਾਅ ’ਤੇ ਗ਼ੁਲਾਮਾਂ ਨੇ ਮਾਲਕੀ ਦੇ ਕੁਝ ਹੱਕ ਪ੍ਰਾਪਤ ਕਰ ਲਏ ਸਨ, ਪਰ ਉਨ੍ਹਾਂ ਦੀ ਮਾਲਕੀ ਬਹੁਤ ਨਿਗੁਣੀ ਸੀ। ਜਾਗੀਰਦਾਰ ਦੀ ਜ਼ਮੀਨ ਉੱਤੇ ਮਿਹਨਤ ਕਰਨ ਦੇ ਬਦਲੇ ਉਸਨੂੰ ਪੈਦਾਵਾਰ ਦਾ ਕੁਝ ਹਿੱਸਾ ਮਜ਼ਦੂਰੀ ਦੇ ਰੂਪ ਵਿਚ ਪ੍ਰਾਪਤ ਹੁੰਦਾ ਸੀ। ਇਸ ਨਾਲ ਕਿਸਾਨ ਵੀ ਕੁਝ ਜਾਇਦਾਦ ਦੀ ਮਾਲਕੀ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ, ਜ਼ਮੀਨ ਤੋਂ ਇਲਾਵਾ ਖੇਤੀ ਦੇ ਸੰਦ, ਪਸ਼ੂ ਤੇ ਰਹਿਣ ਲਈ ਘਰ ਵੀ ਕਿਸਾਨ ਦੀ ਪੂੰਜੀ ਵਿਚ ਸ਼ਾਮਲ ਸਨ। ਇਸ ਦੌਰ ਵਿਚ ਪੈਦਾਵਾਰ ਦੀ ਵੰਡ ਦੋ ਤਰੀਕਿਆਂ ਨਾਲ ਕੀਤੀ ਜਾਂਦੀ ਸੀ; ਇਕ ਲਗਾਨ ਦੇ ਰੂਪ ਵਿਚ ਅਤੇ ਦੂਸਰੀ ਵਗਾਰ ਦੇ ਰੂਪ ਵਿਚ। ਇਸ ਦੌਰ ਦਾ ਵਾਧੂ ਸਰਮਾਇਆ ਜਿਸ ਸ਼੍ਰੇਣੀ ਦੇ ਹੱਥਾਂ ਵਿਚ ਇਕੱਤਰ ਹੋ ਰਿਹਾ ਸੀ, ਉਹ ਸ਼ਾਹੂਕਾਰ ਸ਼੍ਰੇਣੀ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਈ। ਇਸ ਸਮਾਜ ਦੀ ਆਰਥਕ-ਸਮਾਜਕ ਸੰਰਚਨਾ ਵਿਚ ਜਾਗੀਰਦਾਰ ਤੇ ਸ਼ਾਹੂਕਾਰ ਇਕ ਪਾਸੇ ਤੇ ਕਿਸਾਨ ਤੇ ਖੇਤ-ਮਜ਼ਦੂਰ ਦੂਸਰੇ ਪਾਸੇ ਆਉਂਦੇ ਸਨ।

ਜਾਗੀਰਦਾਰੀ ਆਰਥਕ-ਸਮਾਜਕ ਪ੍ਰਬੰਧ ਦਾ ਸਮੁੱਚਾ ਸਰਮਾਇਆ ਸ਼ਾਹੂਕਾਰ ਸ਼੍ਰੇਣੀ ਦੇ ਹੱਥਾਂ ਵਿਚ ਇਕੱਠਾ ਹੋਇਆ ਹੁੰਦਾ ਹੈ, ਜਦੋਂ ਮੌਜੂਦਾ ਪ੍ਰਬੰਧ ਇਸ ਸਰਮਾਏ ਦੇ ਵਿਕਾਸ ਦੀਆਂ ਸਮੁੱਚੀਆਂ ਸੰਭਾਵਨਾਵਾਂ ਹੰਢਾ ਲੈਂਦਾ ਹੈ ਤਾਂ ਸ਼ਾਹੂਕਾਰ ਸ਼੍ਰੇਣੀ ਆਪਣੇ ਸਰਮਾਏ ਦੇ ਵਿਕਾਸ ਲਈ ਇਸ ਪ੍ਰਬੰਧ ਨੂੰ ਢਾਹ ਕੇ ਇਸ ਦੀ ਥਾਂ ਸਰਮਾਏਦਾਰੀ ਵਿਵਸਥਾ ਉਸਾਰਨ ਦਾ ਇਤਿਹਾਸਕ ਰੋਲ ਅਦਾ ਕਰਦੀ ਹੈ। ਇਸ ਨਾਲ ਸਮੁੱਚੇ ਪੈਦਾਵਾਰੀ ਸਾਧਨਾਂ ਵਿਚ ਤਬਦੀਲੀ ਵਾਪਰਦੀ ਹੈ ਤੇ ਸਰਮਾਏਦਾਰੀ ਦਾ ਵਿਕਾਸ ਹੁੰਦਾ ਹੈ। ਇਸ ਪ੍ਰਬੰਧ ਵਿਚ ਜਾਗੀਰਦਾਰ ਧਨੀ ਕਿਸਾਨੀ ਵਿਚ ਪਰਿਵਰਤਤ ਹੋ ਜਾਂਦੇ ਹਨ।

ਜਾਗੀਰਦਾਰੀ ਅਰਥਚਾਰੇ ਵਿਚਲੀ ਇਸ ਤਬਦੀਲੀ ਨਾਲ ਜਿਨਸ ਮਜ਼ਦੂਰੀ ਵੀ ਨਕਦ ਮਜ਼ਦੂਰੀ ਵਿਚ ਤਬਦੀਲ ਹੋ ਜਾਂਦੀ ਹੈ। ਇਸ ਸਮੁੱਚੇ ਵਰਤਾਰੇ ਨਾਲ ਖੇਤੀ ਦਾ ਮਸ਼ੀਨੀਕਰਣ ਅਤੇ ਵਪਾਰੀਕਰਣ ਹੋ ਜਾਂਦਾ ਹੈ ਤੇ ਖੇਤੀ ਦੀ ਉਪਜ ਨਿਰੋਲ ਮੰਡੀ ਦੀ ਵਸਤ ਬਣ ਜਾਂਦੀ ਹੈ। ਸਰਮਾਏਦਾਰੀ ਅਰਥ-ਵਿਵਸਥਾ ਵਿਚ ਕਿਸਾਨਾਂ ਨੂੰ ਬੈਂਕਾਂ ਤੇ ਨਵੇਂ ਸ਼ਾਹੂਕਾਰਾਂ (ਆੜ੍ਹਤੀਆਂ) ਦੀ ਲੁੱਟ ਦਾ ਸ਼ਿਕਾਰ ਹੋਣਾ ਪਿਆ। ਸਿੱਟੇ ਵਜੋਂ ਕਿਸਾਨੀ ਦਾ ਆਰਥਕ ਸੰਕਟ ਹੋਰ ਡੂੰਘਾ ਹੋ ਗਿਆ। ਇਸ ਆਰਥਕ ਸੰਕਟ ਤੇ ਪੂੰਜੀ ਦੇ ਦਖ਼ਲ ਨੇ ਕਿਸਾਨੀ ਦੇ ਪਰੰਪਰਾਗਤ ਸਰੂਪ ਨੂੰ ਤੋੜਕੇ ਨਵੇਂ ਰੂਪ ਤੇ ਨਵੇਂ ਲੱਛਣਾਂ ਨੂੰ ਸਾਹਮਣੇ ਲਿਆਂਦਾ। ਇਹ ਲੱਛਣ ਵੱਖ-ਵੱਖ ਅਰਥ-ਵਿਵਸਥਾਵਾਂ ਵਿਚ ਵੱਖਰੇ-ਵੱਖਰੇ ਰੂਪਾਂ ਵਿਚ ਸਾਹਮਣੇ ਆਏ।

ਜ਼ਮੀਨੀ ਰਿਸ਼ਤਿਆਂ ਵਿਚ ਨਿਜੀ ਮਲਕੀਅਤ ਨੇ ਸਰਮਾਏਦਾਰੀ ਪ੍ਰਬੰਧ ਵਿਚ ਕਿਸਾਨੀ ਦਾ ਇਕ ਵੱਖਰਾ ਰੂਪ ਉਭਾਰਿਆ। ਜ਼ਮੀਨ ਦੀ ਨਿਜੀ ਮਾਲਕੀ ਛੋਟੀ ਜਾਂ ਦਰਮਿਆਨੀ ਕਿਸਾਨੀ ਦਾ ਇਕ ਉਭਰਵਾਂ ਲੱਛਣ ਹੈ। ਉਹ ਸਰਮਾਏਦਾਰੀ ਪ੍ਰਬੰਧ ਵਿਚ ਮਸ਼ੀਨੀਕਰਣ ਦੀ ਵੱਧ ਤੋਂ ਵੱਧ ਵਰਤੋਂ ਲਈ ਵੱਡੇ ਕਿਸਾਨ ਤੋਂ ਜ਼ਮੀਨ ਹਿੱਸੇ/ਠੇਕੇ ’ਤੇ ਲੈਂਦਾ ਹੈ। ਪਰ ਅਜੋਕੇ ਸਮਿਆਂ ਵਿਚ ਇਹ ਵਰਤਾਰਾ ਉਲਟੇ ਰੂਪ ਵਿਚ ਵਾਪਰ ਰਿਹਾ ਹੈ। ਧਨੀ ਜਾਂ ਵੱਡੇ ਕਿਸਾਨ ਇਕ ਪ੍ਰਬੰਧਕ ਦੇ ਰੂਪ ਵਿਚ ਵੱਡੇ ਆਕਾਰ ਦੀ ਖੇਤੀ ਕਰ ਰਹੇ ਹਨ ਤੇ ਨਿਰੋਲ ਵਪਾਰਕ ਫ਼ਸਲਾਂ ਬੀਜ ਕੇ ਵੱਡਾ ਮੁਨਾਫ਼ਾ ਕਮਾ ਰਹੇ ਹਨ ਤੇ ਸਰਕਾਰੀ ਰਿਆਇਤਾਂ ਦਾ ਵੀ ਵੱਡੇ ਪੱਧਰ ’ਤੇ ਫ਼ਾਇਦਾ ਉਠਾ ਰਹੇ ਹਨ। ਮਸ਼ੀਨੀਕਰਣ ਦੇ ਵਿਕਾਸ ਦੀ ਇਸ ਪ੍ਰਕ੍ਰਿਆ ਅਧੀਨ ਛੋਟਾ ਕਿਸਾਨ ਸਰਮਾਏ ਦੀ ਘਾਟ, ਖੇਤੀ ਤਕਨੀਕਾਂ ਦੀ ਵਰਤੋਂ ਨਾ ਕਰ ਸਕਣ ਕਰਕੇ ਤੇ ਪੈਦਾਵਾਰੀ ਲਾਗਤ ਦੇ ਲਗਾਤਾਰ ਵਧਣ ਕਰਕੇ ਤੇ ਜ਼ਮੀਨਾਂ ਦੀਆਂ ਕੀਮਤਾਂ ਲਗਾਤਾਰ ਵਧਣ ਕਰਕੇ ਖੇਤੀ ਵਿਚੋਂ ਬਾਹਰ ਹੋ ਰਿਹਾ ਹੈ। ਖੇਤੀ ਅਰਥਚਾਰੇ ਵਿਚ ਪੂੰਜੀਵਾਦ ਦੇ ਪ੍ਰਵੇਸ਼ ਨਾਲ ਬਹੁ-ਫ਼ਸਲੀ ਖੇਤੀ ਵਪਾਰਕ ਫ਼ਸਲ ਵਾਲੀ ਇਕ ਪਰਤੀ ਖੇਤੀ ਵਿਚ ਵਟ ਗਈ ਹੈ। ਇਸ ਨਾਲ ਖੇਤੀ ਦੀ ਉਪਜ ਜੀਵਨ-ਨਿਰਬਾਹ ਲਈ ਨਾ ਰਹਿ ਕੇ ਨਿਰੋਲ ਮੰਡੀ ਦੀ ਵਸਤ ਬਣ ਗਈ ਹੈ। ਵਿਗਿਆਨ ਤੇ ਤਕਨਾਲੋਜੀ ਦੀ ਤਰੱਕੀ, ਮਸ਼ੀਨੀਕਰਣ,

ਖਾਦਾਂ, ਕੀੜੇਮਾਰ ਦਵਾਈਆਂ ਤੇ ਨਵੇਂ ਬੀਜਾਂ ਦੀ ਵਰਤੋਂ ਨੇ ਖੇਤੀ ਪੈਦਾਵਾਰ ਵਿਚ ਵਾਧਾ ਕੀਤਾ ਹੈ। ਵਿਕਸਿਤ ਦੇਸ਼ਾਂ ਵਿਚ ਅਨਾਜ ਦੀ ਪੈਦਾਵਾਰ ਇਤਨੀ ਵਧ ਗਈ ਹੈ ਕਿ ਇਹ ਅੰਤਰ-ਰਾਸ਼ਟਰੀ ਮੰਡੀ ਦਾ ਹਿੱਸਾ ਬਣ ਗਈ ਹੈ। ਇਸ ਵਰਤਾਰੇ ਨੇ ਖੇਤੀ ਦੇ ਅਰਥ ਮੂਲੋਂ ਹੀ ਉਲਟਾ ਕੇ ਰੱਖ ਦਿੱਤੇ ਹਨ।

ਵਿਕਸਿਤ ਦੇਸ਼ਾਂ ਵਿਚ ਖੇਤੀ ਇਕ ਉਦਯੋਗ ਦਾ ਰੂਪ ਧਾਰਨ ਕਰ ਚੁੱਕੀ ਹੈ। ਇਨ੍ਹਾਂ ਦੇਸ਼ਾਂ ਵਿਚ ਖੇਤੀ ਸਰੀਰਕ ਕਿਰਤ ਜਾਂ ਪਰਿਵਾਰ ਦੀ ਮਿਹਨਤ ’ਤੇ ਆਧਾਰਿਤ ਨਾ ਹੋ ਕੇ ਨਿਰੋਲ ਮਜ਼ਦੂਰਾਂ ’ਤੇ ਆਧਾਰਿਤ ਹੈ। ਮਸ਼ੀਨੀਕਰਣ ਨੇ ਖੇਤੀ ਦਾ ਸਰੂਪ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਨ੍ਹਾਂ ਦੇਸ਼ਾਂ ਵਿਚ ਖੇਤੀ ਵਿਸ਼ਾਲ ਫ਼ਾਰਮਾਂ ਵਿਚ ਕੀਤੀ ਜਾਂਦੀ ਹੈ, ਜਿਨ੍ਹਾਂ ਵਿਚ ਵਿਕਾਸਸ਼ੀਲ ਜਾਂ ਪੱਛੜੇ ਦੇਸ਼ਾਂ ਵਿਚੋਂ ਖੇਤ ਮਜ਼ਦੂਰਾਂ ਦਾ ਨਿਰਯਾਤ ਕੀਤਾ ਜਾਂਦਾ ਹੈ। ਇਨ੍ਹਾਂ ਵੱਡੇ ਆਕਾਰ ਵਾਲੇ ਫ਼ਾਰਮਾਂ ਵਿਚ ਵਪਾਰਕ ਫ਼ਸਲਾਂ ਦੀ ਖੇਤੀ ਕੀਤੀ ਜਾਂਦੀ ਹੈ। ਤਿਆਰ ਫ਼ਸਲਾਂ ਬਹੁ-ਰਾਸ਼ਟਰੀ ਕੰਪਨੀਆਂ ਰਾਹੀਂ ਵਿਕਾਸਸ਼ੀਲ ਜਾਂ ਪੱਛੜੇ ਦੇਸ਼ਾਂ ਵਿਚ ਵੇਚੀਆਂ ਜਾਂਦੀਆਂ ਹਨ। ਤਿਆਰ ਫ਼ਸਲਾਂ ਕਈ ਵਾਰ ਉਸੇ ਹੀ ਰੂਪ ਵਿਚ ਜਾਂ ਉਨ੍ਹਾਂ ਤੋਂ ਅੱਡ-ਅੱਡ ਖਾਣ ਵਾਲੀਆਂ ਵਸਤਾਂ ਤਿਆਰ ਕਰਕੇ ਵਿਕਾਸਸ਼ੀਲ ਜਾਂ ਪੱਛੜੇ ਦੇਸ਼ਾਂ ਵਿਚ ਕਈ ਗੁਣਾਂ ਮੁਨਾਫ਼ਾ ਲੈ ਕੇ ਵੇਚੀਆਂ ਜਾਂਦੀਆਂ ਹਨ। ਇਸ ਪ੍ਰਕਾਰ ਵਿਕਸਿਤ ਸਰਮਾਏਦਾਰੀ ਦੇਸ਼ਾਂ ਵਿਚ ਕਿਸਾਨੀ ਪੂਰੀ ਤਰ੍ਹਾਂ ਵਪਾਰਕ ਜਮਾਤ ਬਣ ਚੁੱਕੀ ਹੈ ਜੋ ਸੰਸਾਰ ਮੰਡੀ ਨੂੰ ਧਿਆਨ ਵਿਚ ਰੱਖ ਕੇ ਆਪਣੀ ਫ਼ਸਲ ਪੈਦਾ ਕਰਦੀ ਹੈ ਅਤੇ ਕਿਸਾਨੀ ਦਾ ਪਰੰਪਰਾਗਤ ਖ਼ਾਸਾ ਪੂਰੀ ਤਰ੍ਹਾਂ ਬਦਲ ਚੁੱਕਾ ਹੈ।

ਮਨੁੱਖੀ ਇਤਿਹਾਸ ਵਿਚ ਸਮਾਜਵਾਦ ਦਾ ਪੜਾਅ ਮਹੱਤਵਪੂਰਣ ਹੀ ਨਹੀਂ, ਸਗੋਂ ਜੀਵਨ ਜਿਊਣ ਤੇ ਉਤਪਾਦਨ ਵਿਧੀ ਦਾ ਇਕ ਨਵਾਂ ਤਜਰਬਾ ਸੀ। 1917 ਵਿਚ ਰੂਸ ਵਿਚ ਸਮਾਜਵਾਦੀ ਇਨਕਲਾਬ ਨੇ ਮਨੁੱਖੀ ਇਤਿਹਾਸ ਨੂੰ ਨਵਾਂ ਮੋੜ ਦਿੱਤਾ। ਦੂਸਰੀ ਸੰਸਾਰ ਜੰਗ ਸਮੇਂ ਰੂਸ ਦੁਨੀਆਂ ਦੀ ਪ੍ਰਮੁੱਖ ਤਾਕਤ ਬਣ ਕੇ ਉਭਰਿਆ। ਚੀਨ ਵਿਚ ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਨੇ ਇਸ ਪ੍ਰਬੰਧ ਵਿਚ ਲੋਕਾਂ ਦੇ ਵਿਸ਼ਵਾਸ ਨੂੰ ਹੋਰ ਪੱਕਿਆਂ ਕੀਤਾ। ਭਾਵੇਂ ਇਹ ਪ੍ਰਬੰਧ ਵੀਹਵੀਂ ਸਦੀ ਦੇ

ਆਖਰੀ ਦਹਾਕੇ ਵਿਚ ਲੜਖੜਾ ਗਿਆ, ਪਰ ਇਸ ਨੇ ਵਿਕਾਸ ਦਾ ਇਕ ਸਮਾਨਾਂਤਰ ਮਾਡਲ ਪੇਸ਼ ਕੀਤਾ। ਸਮਾਜਵਾਦੀ ਪ੍ਰਬੰਧ ਸਮਾਜਕ, ਆਰਥਕ ਤੇ ਰਾਜਨੀਤਿਕ ਪੱਖੋਂ ਇਕ ਵਿਕਸਿਤ ਦੌਰ ਸੀ। ਇਸ ਪ੍ਰਬੰਧ ਅਧੀਨ ਨਿਜੀ ਮਾਲਕੀ ਵਾਲੀ ਖੇਤੀ ਦੀ ਥਾਂ ਸਾਂਝੇ ਫ਼ਾਰਮਾਂ ਦੀ ਸਥਾਪਨਾ ਕੀਤੀ ਗਈ। ਖੇਤੀ ਦੀ ਨਵੀਂ ਤਕਨੀਕ ਤੇ ਸੰਦਾਂ ਦੀ ਵਰਤੋਂ ਉਤਪਾਦਨ ਵਿਚ ਵਾਧੇ ਲਈ ਕੀਤੀ ਗਈ। ਖੇਤੀ ਦੀ ਇਸ ਵਿਧੀ ਵਿਚ ਪੈਦਾਵਾਰ ਤੇ ਘਾਟਾ ਸਮੂਹਿਕ ਰੂਪ ਧਾਰਨ ਕਰ ਗਿਆ। ਇਸ ਲਈ ਸਰਮਾਏਦਾਰੀ ਦੇਸ਼ਾਂ ਵਾਲੇ ਕਿਸਾਨੀ ਦੇ ਲੱਛਣ ਸਮਾਜਵਾਦੀ ਦੇਸ਼ਾਂ ਵਿਚ ਲਾਗੂ ਨਹੀਂ ਹੁੰਦੇ। ਸਮਾਜਵਾਦੀ ਪ੍ਰਬੰਧ ਵਾਲੇ ਦੇਸ਼ਾਂ ਵਿਚ ਸਥਾਨਕ ਲੋੜਾਂ ਮੁਤਾਬਿਕ ਖੇਤੀ ਦੇ ਵੱਖੋ-ਵੱਖਰੇ ਮਾਡਲ ਸਥਾਪਿਤ ਕੀਤੇ ਗਏ। ਕੁਝ ਇਕ ਸਮਾਜਵਾਦੀ ਪ੍ਰਬੰਧ ਵਾਲੇ ਦੇਸ਼ਾਂ ਵਿਚ ਭੂਮੀ ਕਿਸਾਨਾਂ ਵਿਚ ਵੰਡ ਦਿੱਤੀ ਗਈ ਅਤੇ ਵੱਡੀਆਂ ਮਾਲਕੀਅਤਾਂ ਦਾ ਕੌਮੀਕਰਣ ਕੀਤਾ ਗਿਆ।[30] ਸਮਾਜਵਾਦੀ ਪ੍ਰਬੰਧ ਵਾਲੇ ਦੇਸ਼ਾਂ ਵਿਚ ਸਮਾਜਕ ਵਿਕਾਸ ਇਕੋ ਜਿਹਾ ਨਾ ਹੋਣ ਕਰਕੇ ਇਨ੍ਹਾਂ ਵਿਚ ਸਥਾਨਕ ਲੋੜਾਂ ਮੁਤਾਬਿਕ ਵੱਖ-ਵੱਖ ਖੇਤੀ ਮਾਡਲ ਅਪਣਾਏ ਗਏ।

ਵਿਕਾਸਸ਼ੀਲ ਦੇਸ਼ਾਂ ਵਿਚ ਕਿਸਾਨੀ ਕੌਮੀ ਮੁਕਤੀ ਦੇ ਅੰਦੋਲਨਾਂ ਤੋਂ ਲੈ ਕੇ ਵਿਸ਼ਵੀਕਰਣ ਦੀ ਪ੍ਰਕ੍ਰਿਆ ਤੱਕ ਵੱਖ-ਵੱਖ ਪੜਾਵਾਂ ਵਿਚੋਂ ਲੰਘੀ ਹੈ। ਇਨ੍ਹਾਂ ਦੇਸ਼ਾਂ ਵਿਚ ਕਿਸਾਨੀ ਦਾ ਸੁਭਾਅ ਅਤੇ ਲੱਛਣ ਇਕ ਇਤਹਾਸਕ ਪ੍ਰਕ੍ਰਿਆ ਵਿਚੋਂ ਲੰਘ ਕੇ ਅਜੋਕੇ ਦੌਰ ਤੱਕ ਪਹੁੰਚੇ ਹਨ, ਇਸੇ ਲਈ ਇਹ ਸਥਾਨਕਤਾ ਦੇ ਲਿਹਾਜ ਨਾਲ ਵੱਖੋ-ਵੱਖਰੇ ਸੁਭਾਅ ਵਾਲੇ ਹਨ। ਪਰੰਤੂ, ਸਾਮਰਾਜ ਦੇ ਗ਼ਲਬੇ ਦੀ ਅਧੀਨਤਾ ਦੀ ਸਾਂਝ ਕਾਰਣ ਕੁਝ ਇਕ ਲੱਛਣ ਮਿਲਦੇ-ਜੁਲਦੇ ਵੀ ਹਨ। ਵਿਕਾਸਸ਼ੀਲ ਦੇਸ਼ਾਂ ਵਿਚ ਉਹ ਦੇਸ਼ ਸ਼ਾਮਲ ਹਨ ਜੋ ਲੰਮਾ ਸਮਾਂ ਸਾਮਰਾਜ ਦੀਆਂ ਬਸਤੀਆਂ ਰਹੇ ਹਨ। ਇਨ੍ਹਾਂ ਦੇਸ਼ਾਂ ਦਾ ਆਰਥਕ-ਸਮਾਜਕ ਵਿਕਾਸ ਦਾ ਪੱਧਰ ਵੀ ਇਕੋ-ਜਿਹਾ ਨਹੀਂ ਸੀ, ਕਿਤੇ ਜਾਗੀਰਦਾਰੀ ਆਰਥਕ ਵਿਵਸਥਾ ਆਪਣੇ ਸਿਖ਼ਰ ਉੱਤੇ ਸੀ ਤੇ ਕਿਤੇ ਅਜੇ ਮੁੱਢਲੇ ਪੜਾਅ ਉੱਤੇ ਹੀ ਸੀ। ਬਸਤੀਵਾਦੀ ਦੇਸ਼ਾਂ ਵਿਚ ਕਿਸਾਨੀ ਨੂੰ ਇਕ ਪਾਸੇ ਜਾਗੀਰਦਾਰਾਂ ਦੀ ਲੁੱਟ ਦਾ ਸ਼ਿਕਾਰ ਹੋਣਾ ਪਿਆ ਤੇ ਦੂਸਰੇ ਪਾਸੇ ਸਾਮਰਾਜੀ ਲੁੱਟ ਦਾ ਵੀ। ਇਨ੍ਹਾਂ ਦੇਸ਼ਾਂ ਵਿਚ ਬਸਤੀਕਾਰਾਂ ਨੇ ਸਥਾਨਕ ਜਾਗੀਰਦਾਰੀ

ਨਾਲ ਸਮਝੌਤਾ ਕਰਕੇ ਉਨ੍ਹਾਂ ਨੂੰ ਲਗਾਨ ਆਦਿ ਇਕੱਠਾ ਕਰਨ ਲਈ ਵਰਤਿਆ। ਜਾਗੀਰਦਾਰ ਇਕ ਨਿਸ਼ਚਿਤ ਲਗਾਨ ਬਸਤੀਕਾਰਾਂ ਨੂੰ ਦੇਂਦੇ ਸਨ, ਪਰ ਆਪ ਮਨਮਰਜ਼ੀ ਨਾਲ ਕਿਸਾਨਾਂ ਤੋਂ ਲਗਾਨ ਵਸੂਲਦੇ ਸਨ। ਇਸ ਲੁੱਟ ਕਰਕੇ ਕਿਸਾਨੀ ਦੀ ਜ਼ਿੰਦਗੀ ਬਹੁਤ ਹੀ ਔਖੀ ਤੇ ਮੁਸੀਬਤਾਂ ਭਰੀ ਸੀ ਅਤੇ ਕਰਜ਼ਾਈ ਰਹਿਣਾ ਕਿਸਾਨੀ ਦੀ ਹੋਣੀ ਦਾ ਹਿੱਸਾ ਸੀ। ਇਨ੍ਹਾਂ ਦੇਸ਼ਾਂ ਵਿਚ ਸਰਮਾਏਦਾਰੀ ਦੇ ਵਿਕਾਸ ਨੇ ਕੌਮੀ ਸਰਮਾਏਦਾਰੀ ਦੇ ਵਿਕਾਸ ਦੇ ਅਨੁਕੂਲ ਹਾਲਾਤ ਪੈਦਾ ਕੀਤੇ, ਜਿਸ ਨੇ ਵਿਦੇਸ਼ੀ ਸਾਮਰਾਜ ਵਿਰੁੱਧ ਕੌਮੀ ਮੁਕਤੀ ਅੰਦੋਲਨ ਲੜਿਆ। ਕਿਸਾਨੀ ਨੇ ਵੀ ਇਸ ਅੰਦੋਲਨ ਵਿਚ ਕੌਮੀ ਸਰਮਾਏਦਾਰੀ ਦਾ ਸਾਥ ਦਿੱਤਾ। ਇਸ ਸਮੁੱਚੇ ਸੰਘਰਸ਼ ਵਿਚ ਸਰਮਾਏਦਾਰੀ ਦੇ ਅਗਵਾਨੂੰ ਹੋਣ ਕਰਕੇ ਆਜ਼ਾਦੀ ਪ੍ਰਾਪਤੀ ਤੋਂ ਬਾਅਦ ਸੱਤਾ ਉੱਪਰ ਵੀ ਇਹੀ ਸ਼੍ਰੇਣੀ ਕਾਬਜ਼ ਹੋਈ ਤੇ ਕਿਸਾਨੀ ਦੀ ਹਾਲਤ ਵਿਚ ਕੋਈ ਸਿਫ਼ਤੀ ਤਬਦੀਲੀ ਨਾ ਆ ਸਕੀ।

ਬਾਕੀ ਦੇਸ਼ਾਂ ਦੇ ਮੁਕਾਬਲੇ ਭਾਰਤ ਦੀ ਸਥਿਤੀ ਕੁਝ ਵੱਖਰੀ ਤਰ੍ਹਾਂ ਦੀ ਸੀ। ਇਥੋਂ ਦਾ ਸਮਾਜਕ ਢਾਂਚਾ ਵਧੇਰੇ ਗੁੰਝਲਦਾਰ ਸੀ ਜੋ ਜਮਾਤਾਂ ਦੇ ਨਾਲ-ਨਾਲ ਜਾਤਾਂ ਵਿਚ ਵੀ ਵੰਡਿਆ ਹੋਇਆ ਸੀ। ਜਾਤੀ ਵੰਡ ਦੇ ਫ਼ੈਸਲਾਕੁੰਨ ਪ੍ਰਭਾਵਾਂ ਸਦਕਾ ਸਾਡੀ ਸਥਾਨਕ ਸਰਮਾਏਦਾਰੀ ਦਾ ਵਿਕਾਸ ਕੌਮੀ ਸਰਮਾਏਦਾਰੀ ਦੇ ਰੂਪ ਵਿਚ ਹੋਣ ਦੀ ਥਾਂ ਧਾਰਮਿਕ ਦਾਇਰਿਆਂ ਵਿਚ ਹੋਇਆ, ਜਿਸ ਕਰਕੇ ਸਾਡਾ ਕੌਮੀ ਮੁਕਤੀ ਅੰਦੋਲਨ ਕੌਮੀਅਤ ਦੀ ਸਾਂਝੀ ਭਾਵਨਾ ਉਸਾਰ ਸਕਣ ਵਿਚ ਨਾਕਾਮ ਰਿਹਾ, ਜਿਸਦੇ ਸਿੱਟੇ ਵਜੋਂ ਆਜ਼ਾਦੀ ਦੇ ਨਾਲ ਦੇਸ਼ ਵੰਡ ਦਾ ਸੰਤਾਪ ਵੀ ਇਥੋਂ ਦੇ ਲੋਕਾਂ ਨੂੰ ਭੋਗਣਾ ਪਿਆ। ਆਜ਼ਾਦੀ ਤੋਂ ਬਾਅਦ ਭਾਰਤ ਦਾ ਆਰਥਕ ਵਿਕਾਸ ਸਰਮਾਏਦਾਰੀ ਤਰਜ਼ 'ਤੇ ਹੋਇਆ। ਆਜ਼ਾਦ ਰਿਆਸਤਾਂ ਨੂੰ ਭਾਰਤੀ ਗਣਰਾਜ ਦਾ ਹਿੱਸਾ ਬਣਾ ਦਿੱਤਾ ਗਿਆ। ਇਨ੍ਹਾਂ ਰਿਆਸਤਾਂ ਵਿਚ ਜ਼ਮੀਨਾਂ ਦੇ ਮਾਲਕ ਕਿਸਾਨ ਨਹੀਂ ਵੱਡੇ ਜ਼ਿਮੀਂਦਾਰ ਤੇ ਰਾਜਿਆਂ ਦੇ ਅਹਿਲਕਾਰ ਸਨ। ਜ਼ਮੀਨ ਦੀ ਮਾਲਕੀ ਲਈ ਕਿਸਾਨੀ ਨੂੰ ਲੰਮੇਂ ਸੰਘਰਸ਼ ਕਰਨੇ ਪਏ, ਜਿਸਦੇ ਸਿੱਟੇ ਵਜੋਂ ਕਿਸਾਨਾਂ/ਮੁਜ਼ਾਰਿਆਂ ਨੂੰ ਜ਼ਮੀਨ ਮਾਲਕੀ ਦੇ ਹੱਕ ਮਿਲ ਸਕੇ। ਆਜ਼ਾਦੀ ਤੋਂ ਬਾਅਦ ਖੇਤੀ ਪੈਦਾਵਾਰ ਵਿਚ ਵਾਧੇ ਲਈ ਖੇਤੀ ਦਾ ਮਸ਼ੀਨੀਕਰਣ ਕੀਤਾ ਗਿਆ। ਨਵੇਂ ਖੇਤੀ ਸੰਦ ਹੋਂਦ ਵਿਚ ਆਏ। ਨਵੇਂ ਬੀਜ, ਖਾਦਾਂ, ਕੀੜੇਮਾਰ

ਦਵਾਈਆਂ ਦੀ ਖੋਜ ਕੀਤੀ ਗਈ। ਖੇਤੀਬਾੜੀ ਯੂਨੀਵਰਸਿਟੀਆਂ ਦੀ ਸਥਾਪਨਾ ਹੋਈ। ਇਨ੍ਹਾਂ ਸਮੁੱਚੇ ਵਰਤਾਰਿਆਂ ਨਾਲ ਖੇਤੀ ਵਿਚ ਪੂੰਜੀ ਆਧਾਰਿਤ ਰਿਸ਼ਤਿਆਂ ਦਾ ਪ੍ਰਵੇਸ਼ ਸ਼ੁਰੂ ਹੋਇਆ। ਖੇਤੀ ਜੀਵਨ ਨਿਰਬਾਹ ਲਈ ਨਾ ਰਹਿ ਕੇ ਵਪਾਰਕ ਕਿੱਤੇ ਵਿਚ ਤਬਦੀਲੀ ਹੋ ਗਈ, ਜਿਸ ਨਾਲ ਲੋਕਾਂ ਦੇ ਜੀਵਨ ਵਿਚ ਖ਼ੁਸ਼ਹਾਲੀ ਤੇ ਪੈਸੇ ਦਾ ਦਖ਼ਲ ਵਧਿਆ। ਵਿਦਿਆ ਦਾ ਫ਼ੈਲਾਅ ਪਿੰਡਾਂ ਤੱਕ ਪਹੁੰਚਿਆ ਤੇ ਪਿੰਡਾਂ ਦੇ ਬੱਚੇ ਉੱਚ-ਵਿਦਿਆ ਦੀ ਪ੍ਰਾਪਤੀ ਲਈ ਸ਼ਹਿਰਾਂ ਵੱਲ ਜਾਣ ਲੱਗੇ। ਇਸ ਵਿਕਾਸ ਨੇ ਨਵੇਂ ਧੰਦਿਆਂ ਤੇ ਸਰਕਾਰੀ ਨੌਕਰੀ ਦੇ ਮੌਕਿਆਂ ਵਿਚ ਵਾਧਾ ਕੀਤਾ। ਇਸ ਨਾਲ ਪਿੰਡਾਂ ਵਿਚ ਇਕ ਨਵੀਂ ਮੱਧ ਸ਼੍ਰੇਣੀ ਹੋਂਦ ਵਿਚ ਆਈ, ਜੋ ਜੀਵਨ ਨਿਰਬਾਹ ਲਈ ਸਿਰਫ਼ ਖੇਤੀ ’ਤੇ ਨਿਰਭਰ ਨਹੀਂ ਸੀ। ਖੇਤੀ ਇਸ ਵਰਗ ਲਈ ਇਕ ਸਹਾਇਕ ਧੰਦਾ ਸੀ। ਸ਼ਹਿਰਾਂ ਵਿਚ ਵਿਕਾਸ ਦੇ ਵਧੇਰੇ ਮੌਕਿਆਂ ਕਰਕੇ ਪਿੰਡਾਂ ਦੇ ਸ਼ਾਹੂਕਾਰਾਂ ਨੇ ਆਪਣੀ ਪੂੰਜੀ ਸ਼ਹਿਰਾਂ ਵਿਚ ਲਾਉਣੀ ਸ਼ੁਰੂ ਕੀਤੀ। ਬੈਂਕਾਂ ਨੂੰ ਸਰਕਾਰੀ ਅਧਿਕਾਰ ਹੇਠ ਲੈਣ ਕਾਰਣ ਕਿਸਾਨਾਂ ਲਈ ਖੇਤੀ ਦੇ ਵਿਕਾਸ ਲਈ ਕਰਜ਼ੇ ਪ੍ਰਾਪਤ ਕਰਨੇ ਵਧੇਰੇ ਮੁਸ਼ਕਲ ਨਾ ਰਹੇ। ਜਾਗੀਰਦਾਰੀ ਧਨੀ ਕਿਸਾਨੀ ਵਿਚ ਤਬਦੀਲ ਹੋ ਗਈ। ਦਰਮਿਆਨੀ ਕਿਸਾਨੀ ਦੀ ਗਿਣਤੀ ਵਧੀ। ਪਰਿਵਾਰਕ ਵੰਡੀਆਂ ਕਾਰਣ ਜ਼ਮੀਨ ਦੀਆਂ ਮਲਕੀਅਤਾਂ ਸੁੰਗੜਨ ਲੱਗੀਆਂ। ਇਸ ਸਮੁੱਚੇ ਵਰਤਾਰੇ ਨੇ ਕਿਸਾਨੀ ਦੇ ਪਰੰਪਰਾਗਤ ਆਰਥਕ-ਸਮਾਜਕ ਢਾਂਚੇ ਨੂੰ ਵੀ ਪ੍ਰਭਾਵਿਤ ਕੀਤਾ। ਸਰਮਾਏਦਾਰੀ ਦੇ ਵਿਕਾਸ ਨਾਲ ਧਨੀ, ਦਰਮਿਆਨੀ ਤੇ ਛੋਟੀ ਕਿਸਾਨੀ ਤਿੰਨ ਪਰਤਾਂ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਤਿੰਨਾਂ ਪਰਤਾਂ ਦੀ ਸਮਾਜਕ ਤੇ ਆਰਥਕ ਸਥਿਤੀ ਵੱਖੋ-ਵੱਖਰੀ ਹੈ। ਇਸੇ ਆਧਾਰ ’ਤੇ ਨਵੇਂ ਆਰਥਕ ਪ੍ਰਬੰਧ ਵਿਚ ਕਿਸਾਨੀ ਦੇ ਵੱਖਰੇ ਲੱਛਣਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ ਤੇ ਇਸ ਵਿਚੋਂ ਕਿਸਾਨੀ ਦੇ ਉਭਰਦੇ ਨਵੇਂ ਸਰੂਪ ਨੂੰ ਪਛਾਣਿਆ ਜਾ ਸਕਦਾ ਹੈ।

ਛੋਟਾ ਕਿਸਾਨ ਜ਼ਮੀਨ ਦੀ ਨਿੱਜੀ ਮਾਲਕੀ ਵਾਲਾ ਵਰਗ ਹੈ। ਇਸ ਵਰਗ ਕੋਲ ਖੇਤੀ ਲਈ ਬਹੁਤ ਘੱਟ ਜ਼ਮੀਨ ਹੈ ਤੇ ਪਰਿਵਾਰਕ ਵੰਡ ਕਾਰਣ ਇਹ ਮਾਲਕੀ ਹੋਰ ਵੀ ਸੁੰਗੜਦੀ ਜਾ ਰਹੀ ਹੈ। ਜ਼ਮੀਨ ਦੀ ਆਮਦਨ ’ਤੇ ਇਸ ਵਰਗ ਦਾ ਗੁਜ਼ਾਰਾ ਹੋਣਾ ਮੁਸ਼ਕਿਲ ਹੈ, ਇਸ ਲਈ ਕੰਮ ਦੀ ਭਾਲ

ਵਿਚ ਸ਼ਹਿਰਾਂ ਵੱਲ ਜਾਣ ਦਾ ਰੁਝਾਣ ਵੀ ਇਸ ਵਰਗ ਵਿਚ ਦੇਖਣ ਨੂੰ ਮਿਲਦਾ ਹੈ ਤੇ ਜਾਂ ਸਰਮਾਏਦਾਰੀ ਦੇ ਵਿਕਾਸ ਨਾਲ ਪੈਦਾ ਹੋਏ ਨਵੇਂ ਧੰਦਿਆਂ ਨੂੰ ਅਪਨਾਉਣ ਦੀ ਕੋਸ਼ਿਸ਼ ਵੀ ਇਹ ਵਰਗ ਕਰਦਾ ਹੈ। ਸਿਧਾਂਤਕ ਤੌਰ ’ਤੇ ਇਸਦੇ ਹਿਤ ਪੇਂਡੂ ਪ੍ਰੋਲੇਤਾਰੀ ਭਾਵ ਖੇਤ-ਮਜ਼ਦੂਰਾਂ ਨਾਲ ਜੁੜਦੇ ਹਨ। ਇਹ ਵਰਗ ਪਰਿਵਾਰਕ ਮੈਂਬਰਾਂ ਦੀ ਮਦਦ ਨਾਲ ਖੇਤੀ ਕਰਦਾ ਹੈ। ਇਨ੍ਹਾਂ ਦੇ ਖੇਤੀ ਦੇ ਸੰਦ ਵੀ ਪੱਛੜੇ ਹੋਏ ਹੁੰਦੇ ਹਨ ਜਾਂ ਲੋੜ ਵੇਲੇ ਧਨੀ ਜਾਂ ਦਰਮਿਆਨੇ ਕਿਸਾਨਾਂ ਦੇ ਮਸ਼ੀਨੀ ਸੰਦਾਂ ਨੂੰ ਕਿਰਾਏ ’ਤੇ ਵੀ ਲੈਂਦਾ ਹੈ। ਇਹ ਵਰਗ ਸਿਰ.ਫ ਆਰਥਕ ਪੱਖੋਂ ਹੀ .ਗੁਰਬਤ ਨਹੀਂ ਹੰਢਾ ਰਿਹਾ ਸਗੋਂ ਸਮਾਜਕ ਤੌਰ ’ਤੇ ਵੀ ਵਹਿਮਾਂ-ਭਰਮਾਂ ਤੇ ਜਾਦੂ-ਟੂਣਿਆਂ ਦੀ ਗ੍ਰਿ.ਫਤ ਵਿਚ ਹੁੰਦਾ ਹੈ। .ਗੁਰਬਤ ਇਸ ਵਰਗ ਦੇ ਜੀਵਨ ਦਾ ਅਟੁੱਟ ਹਿੱਸਾ ਹੈ। ਸੰਸਕਾਰਾਂ ਦੀ ਜਕੜ ਇਸ ਵਰਗ ਉੱਪਰ ਇਤਨੀ ਭਾਰੂ ਹੁੰਦੀ ਹੈ ਕਿ ਆਪਣੇ ਆਰਥਕ ਸੰਕਟ ਨੂੰ ਵੀ ਸਾਂਸਕ੍ਰਿਤਿਕ ਸੰਕਟ ਬਣਾ ਲੈਂਦਾ ਹੈ ਤੇ ਵਹਿਮ-ਭਰਮ ਉਸਦੇ ਸੰਕਟ ਨੂੰ ਹੋਰ ਡੂੰਘਿਆਂ ਕਰਨ ਦਾ ਕਾਰਣ ਬਣ ਜਾਂਦੇ ਹਨ। ਜੀਵਨ ਨਿਰਬਾਹ ਲਈ ਕਰਜ਼ਾ ਲੈਣਾ ਇਸ ਵਰਗ ਦੀ ਮਜਬੂਰੀ ਹੈ, ਪਰ ਆਪਣੀ ਮੰਦੀ ਆਰਥਕ ਸਥਿਤੀ ਕਰਕੇ ਇਸਦੇ ਕਰਜ਼ੇ ਦੇ ਸਰੋਤ ਸਰਕਾਰੀ ਜਾਂ ਸਹਿਕਾਰੀ ਬੈਂਕ ਨਹੀਂ, ਸਗੋਂ ਸ਼ਾਹੂਕਾਰ, ਆੜ੍ਹਤੀਏ ਤੇ ਧਨੀ ਕਿਸਾਨ ਹੁੰਦੇ ਹਨ, ਜੋ ਹਰ ਲਿਹਾਜ਼ ਨਾਲ ਇਸ ਵਰਗ ਦੀ ਲੁੱਟ ਕਰਦੇ ਹਨ। ਇਸ ਲੁੱਟ ਕਾਰਣ ਇਸ ਵਰਗ ਦੀ ਜ਼ਮੀਨ ਹੌਲੀ-ਹੌਲੀ ਇਸ ਦੇ ਹੱਥੋਂ ਖਿਸਕਦੀ ਚਲੀ ਜਾਂਦੀ ਹੈ ਤੇ ਇਹ ਜ਼ਮੀਨ ਵਿਹੂਣੇ ਹੋਣ ਦੇ ਰਾਹ ਪੈ ਜਾਂਦਾ ਹੈ। ਜਿਨਸਾਂ ਦੀ ਕੀਮਤ ਵਿਚ ਵਾਧੇ ਦਾ ਇਸ ਵਰਗ ਨੂੰ ਕੋਈ ਵਿਸ਼ੇਸ਼ .ਫਾਇਦਾ ਨਹੀਂ ਹੁੰਦਾ, ਕਿਉਂਕਿ ਇਸ ਕੋਲ ਵੇਚਣਯੋਗ ਖੇਤੀ ਉਪਜ ਨਾ ਹੋਣ ਦੇ ਬਰਾਬਰ ਹੁੰਦੀ ਹੈ। ਜੇਕਰ ਕਿਸੇ ਸਮਾਜਕ ਜ਼ਰੂਰਤ ਦੀ ਪੂਰਤੀ ਇਸ ਨੂੰ .ਫਸਲ ਮੰਡੀ ਵਿਚ ਵੇਚਣੀ ਵੀ ਪਵੇ ਤਾਂ ਬਾਅਦ ਵਿਚ ਮਹਿੰਗੇ ਭਾਅ ਦੀ ਖ਼ਰੀਦ ਇਸ ਲਈ ਹੋਰ ਵੀ ਸੰਕਟ ਦਾ ਕਾਰਣ ਬਣਦੀ ਹੈ।[31] ਇਸੇ ਤਰ੍ਹਾਂ ਇਹ ਖੇਤੀ ਲਈ ਮਜ਼ਦੂਰੀ ਵੀ ਨਾ ਦੇ ਬਰਾਬਰ ਹੀ ਖ਼ਰੀਦਦੇ ਹਨ ਤੇ ਪਰਿਵਾਰਕ ਮੈਂਬਰਾਂ ਦੀ ਕਿਰਤ ’ਤੇ ਨਿਰਭਰ ਕਰਦੇ ਹਨ। ਅਜੋਕੇ ਸਮਿਆਂ ਵਿਚ ਵਧ ਰਹੇ ਸ਼ਹਿਰੀਕਰਣ ਕਰਕੇ ਸ਼ਹਿਰਾਂ ਨੇੜਲੀ ਜ਼ਮੀਨ ਦੀਆਂ ਕੀਮਤਾਂ ਨਿਰੰਤਰ ਵਧ ਰਹੀਆਂ ਹਨ। ਵਧੀਆਂ ਕੀਮਤਾਂ ਕਰਕੇ ਛੋਟਾ

ਕਿਸਾਨ ਆਪਣੀ ਸ਼ਹਿਰ ਨੇੜਲੀ ਜ਼ਮੀਨ ਮਹਿੰਗੇ ਭਾਅ ’ਤੇ ਵੇਚ ਕੇ ਹੋਰ ਧੰਦਿਆਂ ਵੱਲ ਪਰਿਵਰਤਤ ਹੋ ਰਿਹਾ ਹੈ ਜਾਂ ਦੂਰ ਪਿੰਡਾਂ ਵਿਚ ਜਾ ਕੇ ਵਧੇਰੇ ਜ਼ਮੀਨ ਖ਼ਰੀਦ ਕੇ ਖੇਤੀ ਕਰ ਰਿਹਾ ਹੈ ਤੇ ਕੁਝ ਇਕ ਅਜਿਹੇ ਵੀ ਹਨ ਜੋ ਇਸ ਪੈਸੇ ਨੂੰ ਸਿਰਫ਼ ਮਹਿੰਗੀਆਂ ਕਾਰਾਂ, ਵੱਡੇ ਘਰ ਬਣਾਉਣ ’ਤੇ ਖਰਚ ਕਰ ਰਹੇ ਹਨ ਜਾਂ ਨਸ਼ਿਆਂ ਦੇ ਚੱਕਰ ਵਿਚ ਫਸ ਕੇ ਬਰਬਾਦ ਵੀ ਹੋ ਰਹੇ ਹਨ ਤੇ ਸਮਾਜ ਵਿਰੋਧੀ ਤੱਤਾਂ ਦੇ ਹੱਥ ਠੋਕੇ ਬਣ ਰਹੇ ਹਨ। ਪਿਛਲੇ ਥੋੜ੍ਹੇ ਹੀ ਸਮੇਂ ਵਿਚ ਇਸ ਵਰਗ ਦੇ ਜੀਵਨ ਵਿਚ ਵੱਡੀ ਤਬਦੀਲੀ ਵਾਪਰੀ ਹੈ। ਇਨ੍ਹਾਂ ਵਰਤਾਰਿਆਂ ਨਾਲ ਪੇਂਡੂ ਖੇਤਰ ਵਿਚ ਪੂੰਜੀ ਦੀ ਤੋਰ ਤੇਜ਼ ਹੋਈ ਹੈ ਤੇ ਇਸ ਤਬਦੀਲੀ ਨੇ ਕਿਸਾਨੀ ਦੇ ਪਰੰਪਰਾਗਤ ਜੀਵਨ ਵਿਸ਼ਵਾਸਾਂ ਨੂੰ ਮੂਲੋਂ ਹੀ ਬਦਲ ਦਿੱਤਾ ਹੈ ਤੇ ਕਿਸੇ ਸਿਹਤਮੰਦ ਜਾਂ ਮਨੁੱਖ ਹਿਤੂ ਦਿਸ਼ਾ ਵੱਲ ਵਧਣ ਦੀ ਥਾਂ ਨਿਘਾਰਗ੍ਰਸਤ ਅਵਸਥਾ ਵਲ ਵਧਦੀ ਨਜ਼ਰ ਆਉਂਦੀ ਹੈ, ਜਿਸ ਨਾਲ ਪੰਜਾਬ ਦੀ ਕਿਸਾਨੀ ਦੇ ਕਿਰਤ ਕਰਨ ਵਾਲੇ ਪਰੰਪਰਾਗਤ ਜੀਵਨ ਮੁੱਲ ਆਪਣੀ ਚੂਲ ਤੋਂ ਹਿੱਲੇ ਹੋਏ ਨਜ਼ਰ ਆਉਂਦੇ ਹਨ।

ਕਿਸਾਨੀ ਦਾ ਦੂਸਰਾ ਵਰਗ ਦਰਿਆਨੇ ਕਿਸਾਨ ਦਾ ਹੈ। ਇਸ ਵਰਗ ਕੋਲ ਗੁਜ਼ਾਰੇ ਜੋਗੀ ਜ਼ਮੀਨ ਹੈ। ਇਸ ਵਰਗ ਦਾ ਪਰਿਵਾਰ ਖੇਤੀ ਦੀ ਪੈਦਾਵਾਰ ਵਿਚ ਵਧੇਰੇ ਹਿੱਸਾ ਨਹੀਂ ਲੈਂਦਾ, ਸਗੋਂ ਖੇਤੀ ਲਈ ਸਥਾਈ ਮਜ਼ਦੂਰਾਂ/ਨੌਕਰਾਂ ’ਤੇ ਨਿਰਭਰ ਕਰਦਾ ਹੈ। ਜਿਨ੍ਹਾਂ ਨੂੰ ਮਜ਼ਦੂਰੀ ਨਕਦੀ ਦੇ ਰੂਪ ਵਿਚ ਦਿੱਤੀ ਹੈ। ਕਿਸਾਨੀ ਦਾ ਇਹ ਵਰਗ ਖੇਤੀ ਲਈ ਮਸ਼ੀਨੀਕਰਣ ਤੇ ਨਵੀਆਂ ਤਕਨੀਕਾਂ ਦੀ ਵਰਤੋਂ ਕਰਦਾ ਹੈ। ਆਪਣੀ ਮਾਲਕੀ ਨੂੰ ਕਾਇਮ ਰੱਖਣਾ ਤੇ ਇਸ ਮਾਲਕੀ ਵਿਚ ਵਾਧਾ ਕਰਨਾ ਇਸ ਵਰਗ ਦਾ ਮਨਭਾਉਂਦਾ ਸੁਪਨਾ ਹੈ। ਇਸ ਵਰਗ ਦੀ ਮੰਗ ਵਧੇਰੇ ਵਾਹੀਯੋਗ ਜ਼ਮੀਨ ਤੇ ਸੌਖੇ ਅਤੇ ਸਸਤੇ ਸਰਕਾਰੀ ਕਰਜ਼ੇ ਦੀ ਹੈ।[32] ਸਥਾਈ ਮਜ਼ਦੂਰਾਂ ਦੇ ਨਾਲ-ਨਾਲ ਲੋੜ ਵੇਲੇ ਕਿਰਾਏ ਦੇ ਮਜ਼ਦੂਰਾਂ ਦੀ ਵਰਤੋਂ ਵੀ ਇਹ ਵਰਗ ਕਰਦਾ ਹੈ। ਇਹ ਵਰਗ ਪੈਟੀ-ਬੁਰਜੁਆ ਮਾਨਸਿਕਤਾ ਦਾ ਧਾਰਨੀ ਹੁੰਦਾ ਹੈ, ਇਸੇ ਕਰਕੇ ਛੋਟੀ ਕਿਸਾਨੀ ਨਾਲ ਮਿਲਕੇ ਚੱਲਣ ਲਈ ਤਿਆਰ ਨਹੀਂ ਹੁੰਦਾ ਪਰ ਸਰਕਾਰੀ ਰਿਆਇਤਾਂ, ਫ਼ਸਲਾਂ ਦੀਆਂ ਵੱਧ ਕੀਮਤਾਂ ਲੈਣ ਲਈ ਚੱਲਣ ਵਾਲੀਆਂ ਲਹਿਰਾਂ ਦਾ ਕੇਂਦਰ-ਬਿੰਦੂ ਇਹੀ ਵਰਗ ਹੁੰਦਾ ਹੈ ਤੇ ਧਨੀ ਕਿਸਾਨੀ ਦੇ ਸਹਾਇਕ ਦੇ ਰੂਪ

ਵਿਚ ਉਸ ਵਰਗ ਦੀਆਂ ਰਾਜਸੀ ਅਕਾਂਖਿਆਵਾਂ ਦੀ ਪੂਰਤੀ ਦਾ ਸਾਧਨ ਵੀ ਮੁੱਖ ਰੂਪ ਵਿਚ ਇਹੀ ਵਰਗ ਹੁੰਦਾ ਹੈ। ਇਸ ਵਰਗ ਦੇ ਬੱਚੇ ਪੜ੍ਹ-ਲਿਖ ਕੇ ਸਰਕਾਰੀ ਨੌਕਰੀਆਂ ਵਿਚ ਦਾਖ਼ਲ ਹੋ ਕੇ ਪਰਿਵਾਰ ਦੀ ਆਰਥਕ ਹਾਲਤ ਵਿਚ ਹੋਰ ਸੁਧਾਰ ਕਰ ਰਹੇ ਹਨ। ਜ਼ਮੀਨ ਦੀਆਂ ਛੋਟੀਆਂ ਹੁੰਦੀਆਂ ਜਾ ਰਹੀਆਂ ਹਿੱਸੇਦਾਰੀਆਂ ਨੂੰ ਬਚਾਅ ਕੇ ਰੱਖਣ ਦਾ ਇਹੀ ਇਕ ਰਸਤਾ ਇਸ ਵਰਗ ਨੂੰ ਨਜ਼ਰ ਆਉਂਦਾ ਹੈ ਕਿ ਪਰਿਵਾਰ ਦਾ ਇਕ ਜੀਅ ਹੋਰ ਧੰਦਿਆਂ ਵਿਚ ਲੱਗਾ ਰਹੇ, ਪਰ ਜਿਸ ਤਰਜ਼ ’ਤੇ ਪੂੰਜੀਵਾਦੀ ਰਿਸ਼ਤਿਆਂ ਦਾ ਫ਼ੈਲਾਅ ਹੋ ਰਿਹਾ ਹੈ। ਉਸ ਲਿਹਾਜ਼ ਨਾਲ ਇਹ ਵਰਗ ਲੰਮੇਂ ਸਮੇਂ ਤੱਕ ਆਪਣੀ ਜ਼ਮੀਨ ਮਾਲਕੀ ਕਾਇਮ ਰੱਖ ਸਕੇਗਾ, ਇਸ ਵਿਚ ਸੰਦੇਹ ਹੀ ਹੈ, ਕਿਉਂਕਿ ਇਸ ਦੌਰ ਵਿਚ ਜ਼ਮੀਨ ਦੀਆਂ ਕੀਮਤਾਂ ਜਿਸ ਉਚਾਈ ’ਤੇ ਪਹੁੰਚ ਚੁੱਕੀਆਂ ਹਨ, ਉਹ ਕੀਮਤ ਅਦਾ ਕਰ ਸਕਣਾ ਇਸਦੀ ਸਮਰੱਥਾ ਤੋਂ ਬਾਹਰ ਹੈ ਅਤੇ ਜੇਕਰ ਇਹ ਵਰਗ ਅਜੇਹਾ ਕਰ ਵੀ ਲਵੇ ਤਾਂ ਇਸ ਕੀਮਤ ’ਤੇ ਖ਼ਰੀਦੀ ਜ਼ਮੀਨ ਖੇਤੀ ਵਿਚੋਂ ਆਪਣਾ ਲਾਗਤ ਮੁੱਲ ਵੀ ਪੂਰਾ ਕਰ ਸਕਣ ਦੇ ਸਮਰੱਥ ਨਹੀਂ। ਇਸ ਵਰਤਾਰੇ ਦਾ ਫ਼ਾਇਦਾ ਵੀ ਅੰਤਿਮ ਰੂਪ ਵਿਚ ਕਿਸਾਨੀ ਦੇ ਉਪਰਲੇ ਵਰਗ ਨੂੰ ਹੀ ਮਿਲਣ ਦੀ ਉਮੀਦ ਹੈ। ਉਸ ਵੇਲੇ ਉਪਰਲਾ ਵਰਗ ਇਹ ਜ਼ਮੀਨ ਆਪਣੇ ਦੁਆਰਾ ਨਿਰਧਾਰਿਤ ਕੀਤੀਆਂ ਕੀਮਤਾਂ ’ਤੇ ਖ਼ਰੀਦੇਗਾ, ਕਿਉਂਕਿ ਪੂੰਜੀਵਾਦ ਦਾ ਅੰਤਿਮ ਰੂਪ ਵਿਚ ਇਜਾਰੇਦਾਰੀ ਵਿਚ ਤਬਦੀਲ ਹੋਣਾ ਸ੍ਵੈ-ਸਿੱਧ ਵਰਤਾਰਾ ਹੈ।

ਕਿਸਾਨੀ ਦੀ ਉਪਰਲੀ ਪਰਤ ਧਨੀ ਕਿਸਾਨੀ ਦੀ ਹੈ, ਜਿਸ ਨੂੰ ਪਰੰਪਰਾਗਤ ਅਰਥਾਂ ਵਿਚ ਕਿਸਾਨ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਸ ਵਰਗ ਦਾ ਕੋਈ ਵੀ ਪਰਿਵਾਰਕ ਮੈਂਬਰ ਸਿੱਧੇ ਰੂਪ ਵਿਚ ਖੇਤੀ ਨਹੀਂ ਕਰਦਾ, ਸਗੋਂ ਖੇਤੀ-ਪ੍ਰਬੰਧਕ ਦੇ ਰੂਪ ਵਿਚ ਸਿਰਫ਼ ਪ੍ਰਬੰਧ ਜਾਂ ਨਜ਼ਰਸਾਨੀ ਕਰਦਾ ਹੈ। ਹਰੇ ਇਨਕਲਾਬ ਤੋਂ ਬਾਅਦ ਇਸ ਵਰਗ ਦੀ ਦੌਲਤ ਵਿਚ ਵਾਧਾ ਬਹੁਤ ਤੇਜ਼ ਗਤੀ ਨਾਲ ਹੋਇਆ ਹੈ। ਇਹ ਵਰਗ ਸਿਰਫ਼ ਖੇਤੀ ਦੇ ਧੰਦੇ ਤੱਕ ਸੀਮਤ ਨਹੀਂ, ਸਗੋਂ ਇਸ ਨੇ ਆਪਣਾ ਸਰਮਾਇਆ ਖੇਤੀ ਆਧਾਰਿਤ ਸਨਅਤਾਂ, ਟਰਾਂਸਪੋਰਟ ਤੇ ਹੋਰ ਧੰਦਿਆਂ ਵਿਚ ਵੀ ਲਗਾਇਆ ਹੋਇਆ ਹੈ। ਸਿਰਫ਼ ਆਰਥਕ ਖੇਤਰ ਵਿਚ ਹੀ ਨਹੀਂ, ਸਗੋਂ ਰਾਜਸੀ ਖੇਤਰ ਵਿਚ ਵੀ ਇਸ ਵਰਗ

ਦਾ ਪੂਰਾ ਦਬਦਬਾ ਕਾਇਮ ਹੈ। ਅਜੋਕੇ ਦੌਰ ਵਿਚ ਇਸ ਵਰਗ ਦਾ ਇਕ ਹਿੱਸਾ ਰਾਜਸੀ ਤਾਕਤ ਦੇ ਸਿਰ ’ਤੇ ਭੂਮੀ ਮਾਫ਼ੀਏ ਦੇ ਤੌਰ ’ਤੇ ਵੀ ਵਿਚਰ ਰਿਹਾ ਹੈ। ਇਹ ਵਰਗ ਰਾਜਸੱਤਾ ਤੇ ਬਾਕੀ ਲੋਕਤੰਤਰੀ ਸੰਸਥਾਵਾਂ ਉੱਪਰ ਪੂਰੀ ਤਰ੍ਹਾਂ ਕਾਬਜ਼ ਹੈ। ਰਾਜਸੀ ਤਾਕਤ ਦੀ ਪ੍ਰਾਪਤੀ ਅਤੇ ਇਸ ਨੂੰ ਕਾਇਮ ਰੱਖਣ ਲਈ ਇਹ ਵਰਗ ਧਨ ਤੇ ਸ਼ਕਤੀ ਦੀ ਖੁੱਲ ਕੇ ਵਰਤੋਂ ਕਰਦਾ ਹੈ। ਇਹ ਵਰਗ ਰਾਜਸੱਤਾ ’ਤੇ ਕਾਬਜ਼ ਹੋਣ ਲਈ ਕੌਮੀ ਸਰਮਾਏਦਾਰੀ ਨਾਲ ਮਿਲ ਕੇ ਚਲਦਾ ਹੈ। ਕਈ ਵਾਰ ਸਥਾਨਕ ਬੁਰਜੁਆਜ਼ੀ ਦੇ ਰੂਪ ਵਿਚ ਜਦੋਂ ਇਸ ਨੂੰ ਆਪਣੀ ਪੂੰਜੀ ਵਿਚ ਵਾਧੇ ਦੇ ਮੌਕੇ ਨਹੀਂ ਮਿਲਦੇ ਤਾਂ ਇਹ ਵਰਗ ਆਪਣੇ ਆਰਥਕ ਹਿਤਾਂ ਲਈ ਕੌਮੀ ਸਰਮਾਏਦਾਰੀ ਨਾਲ ਟਕਰਾਅ ਦਾ ਰਾਹ ਵੀ ਅਪਣਾ ਲੈਂਦਾ ਹੈ। ਪਿੰਡ ਦੀ ਪੰਚਾਇਤ ਤੋਂ ਲੈ ਕੇ ਰਾਜ ਸਰਕਾਰ ਤੱਕ ਇਸ ਵਰਗ ਦਾ ਕਬਜ਼ਾ ਹੈ ਅਤੇ ਪ੍ਰਬੰਧਕੀ ਢਾਂਚੇ ਦੀਆਂ ਸਿਖ਼ਰਲੀਆਂ ਪਦਵੀਆਂ ’ਤੇ ਵੀ ਇਸਦਾ ਪ੍ਰਭਾਵ ਹੈ। ਰਾਜਸੀ ਖੇਤਰ ਵਿਚ ਖੇਤਰੀ ਪਾਰਟੀਆਂ ਦੇ ਉਭਾਰ ਦੇ ਵਰਤਾਰੇ ਨੂੰ ਇਸ ਪ੍ਰਸੰਗ ਵਿਚ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਆਪਣੀਆਂ ਰਾਜਸੀ ਅਕਾਂਖਿਆਵਾਂ ਦੀ ਪੂਰਤੀ ਲਈ ਕਿਸਾਨੀ ਦੇ ਬਾਕੀ ਵਰਗਾਂ ਨੂੰ ਧਰਮ, ਜਾਤ, ਇਲਾਕੇ ਤੇ ਜੱਟ ਭਰਾ ਦੇ ਨਾਹਰੇ ਹੇਠ ਆਪਣੇ ਪਿੱਛੇ ਲਾ ਸਕਣ ਵਿਚ ਵੀ ਇਹ ਵਰਗ ਮੋਹਰੀ ਹੈ।[33]

ਇਹਨਾਂ ਪਰਤਾਂ ਵਿਚੋਂ ਕਿਸਾਨੀ ਦਾ ਅਜੋਕਾ ਰੂਪ ਉਭਰ ਕੇ ਸਾਹਮਣੇ ਆਉਂਦਾ ਹੈ। ਪੰਜਾਬ ਦੀ ਕਿਸਾਨੀ ਦਾ ਸਮਾਜਕ-ਇਤਹਾਸਕ ਵਿਕਾਸ ਇਸ ਦੇ ਆਸ-ਪਾਸ ਹੀ ਘੁੰਮਦਾ ਹੈ। ਕਿਸਾਨੀ ਪੰਜਾਬ ਦੀ ਆਰਥਕਤਾ ਦਾ ਹੀ ਨਹੀਂ, ਸਗੋਂ ਭਾਰਤੀ ਆਰਥਕਤਾ ਦਾ ਧੁਰਾ ਰਹੀ ਹੈ। ਖੇਤੀ ਆਧਾਰਿਤ ਆਰਥਕਤਾ ਨੇ ਹੀ ਸਮਾਜਕ ਵਿਕਾਸ ਦੀਆਂ ਸੰਚਾਲਕ ਸ਼ਕਤੀਆਂ ਨੂੰ ਵਿਕਸਿਤ ਕੀਤਾ ਹੈ।

ਪੰਜਾਬ ਭਾਰਤ ਦਾ ਉਹ ਖਿੱਤਾ ਹੈ ਜਿੱਥੇ ਸਭਿਅਤਾ ਦਾ ਵਿਕਾਸ ਸਭ ਤੋਂ ਪਹਿਲਾਂ ਹੋਇਆ। ਸਭਿਅਤਾ ਦਾ ਇਹ ਵਿਕਾਸ ਪੰਜਾਬ ਦੀ ਕਿਸਾਨੀ ਨੂੰ ਸਮਝਣ ਵਿਚ ਪ੍ਰਾਸੰਗਿਕ ਹੈ। ਮਨੁੱਖੀ ਸਮਾਜ ਵਿਕਾਸ ਦੇ ਮੁੱਢਲੇ ਦੌਰ ਵਿਚ ਕੁਦਰਤੀ ਪੈਦਾਵਾਰ ਉੱਤੇ ਨਿਰਭਰ ਕਰਦਾ ਸੀ। ਇਹ ਕੁਦਰਤੀ ਪੈਦਾਵਾਰ ਹੀ ਖੇਤੀ ਦਾ ਮੁੱਢ ਸੀ। ਇਸ ਦੌਰ ਵਿਚ ਸਮਾਜਕ ਬਣਤਰ ਜਟਿਲ ਨਹੀਂ, ਸਿੱਧੀ-ਸਾਦੀ

ਸੀ। ਮਨੁੱਖ ਆਪਣੀ ਭੁੱਖ ਨੂੰ ਤ੍ਰਿਪਤ ਕਰਨ ਲਈ ਜੰਗਲੀ ਜਾਨਵਰਾਂ, ਪੌਦਿਆਂ ਉੱਤੇ ਨਿਰਭਰ ਕਰਦਾ ਸੀ। ਇਸ ਦੌਰ ਵਿਚ ਪੈਦਾਵਾਰੀ ਰਿਸ਼ਤੇ ਸਾਂਝੀਵਾਲਤਾ 'ਤੇ ਆਧਾਰਿਤ ਸਨ। ਕਿਸੇ ਵਿਸ਼ੇਸ਼ ਇਲਾਕੇ ਵਿਚ ਸ਼ਿਕਾਰ ਦੀ ਕਮੀ ਨੇ ਮਨੁੱਖ ਨੂੰ ਖੇਤੀ ਵੱਲ ਪ੍ਰੇਰਿਤ ਕੀਤਾ। ਸ਼ਿਕਾਰ ਤੋਂ ਖੇਤੀ ਵੱਲ ਤਬਦੀਲੀ ਮਨੁੱਖੀ ਵਿਕਾਸ ਦਾ ਉਹ ਆਦਿ ਬਿੰਦੂ ਕਿਹਾ ਜਾ ਸਕਦਾ ਹੈ, ਜੋ ਅਜੋਕੇ ਸਮਾਜਕ ਵਿਕਾਸ ਦਾ ਕੇਂਦਰੀ ਧੁਰਾ ਬਣਿਆ। ਇਸ ਤਬਦੀਲੀ ਨੇ ਮਨੁੱਖੀ ਜੀਵਨ-ਜਾਚ ਨੂੰ ਇਕ ਵਿਸ਼ੇਸ਼ ਦਿੱਖ ਪ੍ਰਦਾਨ ਕੀਤੀ। ਮਨੁੱਖ ਟੱਪਰੀਵਾਸਾਂ ਵਾਲੀ ਘੁਮੱਕੜ ਜੀਵਨ ਸ਼ੈਲੀ ਦਾ ਤਿਆਗ ਕਰਕੇ, ਇਕ ਥਾਂ ਵਸੇਬਾ ਕਰਕੇ ਰਹਿਣ ਲੱਗਾ, ਜੋ ਕਿ ਖੇਤੀ ਤੇ ਸਭਿਅਤਾ ਦੇ ਵਿਕਾਸ ਲਈ ਲਾਜ਼ਮੀ ਸੀ। ਖੇਤੀ ਪੈਦਾਵਾਰ ਨੇ ਸਮਾਜਕ ਜੀਵਨ ਵਿਚ ਇਕ ਵਿਸ਼ੇਸ਼ ਤਬਦੀਲੀ ਲਿਆਂਦੀ ਅਤੇ ਖੇਤੀ ਦੀ ਵਾਫ਼ਰ ਪੈਦਾਵਾਰ ਸਮਾਜ ਵਿਚ ਦਰਜਾਬੰਦੀ ਪੈਦਾ ਕਰਨ ਦਾ ਕਾਰਣ ਬਣੀ। ਇਸ ਆਰਥਕ ਦਰਜਾਬੰਦੀ ਨੇ ਹੀ ਗ਼ੁਲਾਮਦਾਰੀ ਯੁੱਗ ਨੂੰ ਜਨਮ ਦਿੱਤਾ ਅਤੇ ਇਸ ਵਰਤਾਰੇ ਨਾਲ ਖੇਤੀ ਗ਼ੁਲਾਮਾਂ ਦੀ ਇਕ ਜਮਾਤ ਸਾਹਮਣੇ ਆਈ। ਗ਼ੁਲਾਮਦਾਰੀ ਪ੍ਰਬੰਧ ਦੇ ਅਗਲੇਰੇ ਵਿਕਾਸ ਵਿਚੋਂ ਹੀ ਜਾਗੀਰਦਾਰੀ ਵਿਵਸਥਾ ਪੈਦਾ ਹੁੰਦੀ ਹੈ। ਇਸ ਦੌਰ ਵਿਚ ਕਿਸਾਨੀ ਇਕ ਆਜ਼ਾਦ ਵਰਗ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਕਿਸਾਨੀ ਦੇ ਜਾਗੀਰਦਾਰੀ ਵਿਰੁੱਧ ਮਾਲਕੀ ਦੇ ਹੱਕਾਂ ਲਈ ਸੰਘਰਸ਼ ਵਿਚੋਂ ਇਸ ਵਿਵਸਥਾ ਦਾ ਖ਼ਾਤਮਾ ਤੇ ਸਰਮਾਏਦਾਰੀ ਵਿਵਸਥਾ ਦਾ ਜਨਮ ਹੁੰਦਾ ਹੈ। ਇਸ ਦੌਰ ਵਿਚ ਕਿਸਾਨੀ ਦਾ ਆਪਣੀ ਹੋਂਦ ਲਈ ਸੰਘਰਸ਼ ਬਹੁ-ਪਰਤੀ ਤੇ ਵਧੇਰੇ ਗੁੰਝਲਦਾਰ ਹੋ ਜਾਂਦਾ ਹੈ।

ਪੰਜਾਬ ਉੱਤਰੀ ਭਾਰਤ ਦਾ ਇਕ ਵੱਡਾ ਹਿੱਸਾ ਸੀ। ਮੂਲ ਰੂਪ ਵਿਚ ਇਹ ਇਕ ਸਭਿਆਚਾਰਕ ਖਿੱਤਾ ਸੀ, ਜਿਸ ਦੀਆਂ ਰਾਜਨੀਤਿਕ ਤੇ ਭੂਗੋਲਿਕ ਹੱਦਾਂ ਭਾਵੇਂ ਤਬਦੀਲ ਹੁੰਦੀਆਂ ਰਹੀਆਂ, ਪਰ ਸਭਿਆਚਾਰਕ ਸੂਤਰ ਸਾਂਝੇ ਰਹੇ। ਇਨ੍ਹਾਂ ਸਾਂਝੇ ਸਭਿਆਚਾਰਕ ਸੂਤਰਾਂ ਦਾ ਆਧਾਰ ਅਸਲ ਵਿਚ ਕਿਸਾਨੀ ਸਭਿਆਚਾਰ ਹੀ ਰਿਹਾ ਹੈ। ਖੇਤੀਬਾੜੀ ਆਦਿ ਕਾਲ ਤੋਂ ਹੀ ਭਾਰਤੀ ਅਰਥ-ਵਿਵਸਥਾ ਦਾ ਧੁਰਾ ਰਹੀ ਹੈ, "ਜ਼ਮੀਨ ਦੀ ਰਾਜਕੀ ਮਾਲਕੀ, ਜੋ ਭਾਰਤ ਵਿਚ ਪ੍ਰਾਚੀਨ ਸਮਿਆਂ ਤੋਂ ਚਲੀ ਆਉਂਦੀ ਸੀ, ਜ਼ਰਾਇਤੀ ਸੰਬੰਧਾਂ ਅਤੇ ਉਸ ਸਮੇਂ ਦੇ ਸਮੁੱਚੇ ਆਰਥਕ ਢਾਂਚੇ, ਦੋਹਾਂ ਉੱਪਰ ਹੀ

ਪ੍ਰਭਾਵ ਪਾਉਣ ਵਾਲਾ ਇਕ ਨਿਰਣਾਇਕ ਤੱਤ ਸੀ। ਚਰਾਗਾਹਾਂ, ਬੰਜਰ ਜ਼ਮੀਨ ਅਤੇ ਘਾਹ ਦੇ ਮੈਦਾਨਾਂ ਉੱਪਰ ਸਮੂਹਿਕ ਮਾਲਕੀ ਹੁੰਦੀ ਸੀ ਅਤੇ ਉਨ੍ਹਾਂ 'ਤੇ ਟੈਕਸ ਨਹੀਂ ਲਗਦੇ ਸਨ।''[34] ਇਤਹਾਸਕਾਰਾਂ ਮੁਤਾਬਿਕ ਪ੍ਰਾਚੀਨ ਭਾਰਤ ਵਿਚ ਪੱਥਰ ਯੁੱਗ ਦੇ ਲੋਕਾਂ ਨੂੰ ਖੇਤੀ ਬਾਰੇ ਕੋਈ ਗਿਆਨ ਨਹੀਂ ਸੀ। ਪਰੰਤੂ, ਨਵੀਨ ਪੱਥਰ ਯੁੱਗ ਸਮੇਂ ਲੋਕ ਧਰਤੀ ਨੂੰ ਜੋਤਣਾ ਸਿਖ ਗਏ ਸਨ। ਧਾਤੂਕਾਲ ਸਮੇਂ ਭਾਰਤ ਵਿਚ ਖੇਤੀ ਕਾਫ਼ੀ ਵਿਕਸਿਤ ਹੋ ਚੁੱਕੀ ਸੀ। ਹਿੰਦੀ ਵਿਸ਼ਵਕੋਸ਼ ਮੁਤਾਬਿਕ ਇਸ ਯੁੱਗ ਵਿਚ ਦੇਸ਼ ਦੀ ਪ੍ਰਧਾਨ ਅਰਥ-ਵਿਵਸਥਾ ਖੇਤੀ 'ਤੇ ਆਧਾਰਿਤ ਸੀ ਅਤੇ ਸਮਾਜ ਵਿਚ ਕਿਸਾਨ ਦਾ ਬਹੁਤ ਆਦਰ ਸੀ ਤੇ ਖੇਤੀ ਦੀ ਰੱਖਿਆ ਕਰਨਾ ਰਾਜ-ਪ੍ਰਬੰਧ ਦਾ ਪ੍ਰਮੁੱਖ ਕਰਤਵ ਮੰਨਿਆ ਜਾਂਦਾ ਸੀ।[35]

ਕਿਸਾਨੀ ਦੇ ਅਜੋਕੇ ਸਰੂਪ ਨੂੰ ਵਧੇਰੇ ਕਾਰਗਰ ਤੇ ਢੁੱਕਵੇਂ ਤਰੀਕੇ ਨਾਲ ਸਮਝਣ ਲਈ ਜ਼ਰੂਰੀ ਹੈ ਕਿ ਇਸ ਦੀਆਂ ਜੜ੍ਹਾਂ ਤੇ ਇਤਿਹਾਸਕ ਵਿਕਾਸ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ। ਵਿਦਵਾਨ ਇਤਹਾਸਕਾਰ ਇਸ ਮਤ ਨਾਲ ਸਹਿਮਤ ਹਨ ਕਿ ਪੰਜਾਬ ਧਰਤੀ ਦੇ ਉਨ੍ਹਾਂ ਖਿੱਤਿਆਂ ਵਿਚੋਂ ਇਕ ਹੈ ਜਿੱਥੇ ਮਨੁੱਖੀ ਸਭਿਅਤਾ ਦਾ ਵਿਕਾਸ ਹੋਇਆ, ''ਭਾਰਤ ਵਿਚ ਸਭ ਤੋਂ ਮੁੱਢਲੀਆਂ ਮਨੁੱਖੀ ਸਰਗਰਮੀਆਂ ਦੇ ਸੰਕੇਤ ਲਗਭਗ 4 ਲੱਖ ਤੋਂ 20 ਲੱਖ ਵਰ੍ਹੇ ਪੁਰਾਣੇ ਹਨ, ਜਿਨ੍ਹਾਂ ਅਨੁਸਾਰ ਪੱਥਰ ਦੇ ਔਜ਼ਾਰਾਂ ਦੀ ਵਰਤੋਂ ਦੇ ਸਬੂਤ ਮਿਲਦੇ ਹਨ।''[36]

ਵਿਦਵਾਨਾਂ ਦੁਆਰਾ ਦਿੱਤੇ ਹਵਾਲਿਆਂ ਮੁਤਾਬਿਕ ਖੇਤੀ ਨਾਲ ਸੰਬੰਧਿਤ ਮੁੱਢਲੀਆਂ ਸਰਗਰਮੀਆਂ ਲੱਗਭਗ 7000 B.C. ਵਿਚ ਪੱਛਮੀ ਏਸ਼ੀਆ ਵਿਚ ਮਿਲਦੀਆਂ ਹਨ, ਜਿੱਥੇ ਮਨੁੱਖ ਨੇ ਫ਼ਸਲ ਬੀਜਣੀ ਤੇ ਪਸ਼ੂਆਂ ਨੂੰ ਪਾਲਤੂ ਬਣਾਉਣਾ ਆਰੰਭਿਆ। ਉਸ ਤੋਂ ਬਾਅਦ ਭਾਰਤ ਦੇ ਸਿੰਧ ਤੇ ਪੰਜਾਬ ਦੇ ਇਲਾਕੇ ਵਿਚ ਖੇਤੀ ਹੋਣ ਦੇ ਹਵਾਲੇ ਮਿਲਦੇ ਹਨ। ਆਰੀਆ ਦੁਆਰਾ ਲੋਹੇ ਦੇ ਹੱਲ ਦੀ ਖੋਜ ਨਾਲ ਬਹੁਤ ਸਾਰੀ ਭੂਮੀ ਨੂੰ ਖੇਤੀ ਯੋਗ ਬਣਾ ਲਿਆ ਗਿਆ। ਵਿਦਵਾਨ ਮਨੁੱਖ ਦੀਆਂ ਇਨ੍ਹਾਂ ਸਰਗਰਮੀਆਂ ਨੂੰ ਵੀ ਖੇਤੀ ਇਨਕਲਾਬ ਦਾ ਨਾਂ ਦੇਂਦੇ ਹਨ।[37] ਪੁਰਾਤਨ ਸਮਿਆਂ ਵਿਚ ਪੰਜਾਬ ਨੂੰ ਸਪਤ-ਸਿੰਧੂ ਕਿਹਾ ਜਾਂਦਾ ਸੀ, ਜਿਸਦਾ ਭਾਵ ਹੈ ਕਿ ਪੰਜਾਬ ਸਿੰਧ ਦੇ ਮੈਦਾਨਾਂ ਤੋਂ

ਲੈ ਕੇ ਜਮਨਾ ਦੇ ਮੈਦਾਨਾਂ ਤੱਕ ਫੈਲਿਆ ਹੋਇਆ ਭੂਗੋਲਿਕ ਖਿੱਤਾ ਸੀ, ਜਿਸ ਵਿਚ ਸੱਤ ਦਰਿਆ ਵਗਦੇ ਹੋਣ ਕਰਕੇ ਇਹ ਭੂਮੀ ਖੇਤੀਯੋਗ ਤੇ ਬਹੁਤ ਉਪਜਾਊ ਸੀ। ਸਿੰਧ ਅਤੇ ਬਲੋਚਿਸਤਾਨ ਤੋਂ ਪ੍ਰਾਪਤ ਸਮੱਗਰੀ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਉਸ ਸਮੇਂ ਖੇਤੀਬਾੜੀ ਕਾਫ਼ੀ ਤਰੱਕੀ ਕਰ ਚੁੱਕੀ ਸੀ ਅਤੇ ਪਿੰਡਾਂ ਵਿਚ ਰਹਿਣ ਵਾਲੇ ਕਬੀਲਿਆਂ ਦਾ ਆਰਥਕ ਆਧਾਰ ਖੇਤੀ ਹੀ ਸੀ, ''ਅਜੋਕੇ ਯੁੱਗ ਦੇ ਵਿਗਿਆਨ ਨੇ ਹੜੱਪਾ ਸਭਿਆਚਾਰ ਦੀ ਕਿਸਾਨੀ ਦੀ ਅਸਲੀਅਤ ਨੂੰ ਲੱਭਣ ਵਿਚ ਬਹੁਤ ਮਦਦ ਕੀਤੀ ਅਤੇ ਦੋ ਤਰਕ ਸੰਗਤ ਪ੍ਰਮਾਣ ਦਿੱਤੇ; ਪਹਿਲਾ ਖੇਤੀਬਾੜੀ ਤੇ ਸ਼ਹਿਰ ਨਿਰਮਾਣ ਇਨ੍ਹਾਂ ਦੀ ਖਾਸ ਦੇਣ ਸੀ। ਦੂਸਰਾ, ਦਰਾਵੜ ਭਾਈਚਾਰੇ ਵਿਚ ਮਾਤ-ਪ੍ਰਧਾਨ ਪ੍ਰਣਾਲੀ ਪ੍ਰਚੱਲਤ ਸੀ।[38] ਭਾਵੇਂ ਜਾਤ-ਪ੍ਰਣਾਲੀ ਪ੍ਰਚਲਤ ਨਹੀਂ ਸੀ, ਪਰ ਕਿੱਤੇ ਨਾਲ ਜੁੜੇ ਵੱਖੋਂ-ਵੱਖਰੇ ਵਰਗ ਹੋਂਦ ਰਖਦੇ ਸਨ।[39] ਉਸ ਵੇਲੇ ਪੰਜਾਬ ਦਾ ਮੁੱਖ ਸਭਿਆਚਾਰ ਦਰਾਵੜੀ ਸਭਿਆਚਾਰ ਸੀ ਅਤੇ ਇਸ ਦਾ ਸਮਾਂ 3250 ਪੂਰਵ ਈਸਵੀ ਤੋਂ 2000 ਪੂਰਵ ਈਸਵੀ ਮੰਨਿਆ ਜਾਂਦਾ ਹੈ।[40]

ਈਸਾ ਤੋਂ ਲਗਭਗ ਹਜ਼ਾਰ ਸਾਲ ਪਹਿਲਾਂ ਇਸ ਸਭਿਅਤਾ ਦਾ ਅੰਤ ਹੋ ਗਿਆ। ਇਕ ਤਾਂ ਦਰਿਆਵਾਂ ਦੇ ਆਪਣਾ ਰਸਤਾ ਬਦਲ ਲੈਣ ਨਾਲ ਭੂਮੀ ਖੇਤੀਯੋਗ ਨਾ ਰਹੀ ਤੇ ਦੂਸਰੇ ਆਰੀਆਂ ਨੇ ਸਥਾਨਕ ਲੋਕਾਂ ਨੂੰ ਹਰਾ ਕੇ ਆਪਣੀ ਸਰਦਾਰੀ ਕਾਇਮ ਕਰ ਲਈ ਅਤੇ ਸਥਾਨਕ ਲੋਕ ਹਾਰ ਕੇ ਦੱਖਣ ਵੱਲ ਦੌੜ ਗਏ ਤੇ ਜਿਹੜੇ ਬਾਕੀ ਬਚੇ ਉਨ੍ਹਾਂ ਨੂੰ ਦੂਸਰੇ ਦਰਜੇ ਦੇ ਸ਼ਹਿਰੀ ਬਣਾ ਦਿੱਤਾ ਗਿਆ, ਜਿਨ੍ਹਾਂ ਨੂੰ ਦਾਸ ਆਖਿਆ ਜਾਂਦਾ ਸੀ।[41] ਆਰੀਆ ਦੀ ਭਾਰਤ ਵਿਚ ਆਮਦ ਤੋਂ ਬਾਅਦ ਲੰਮਾ ਸਮਾਂ ਇੱਥੇ ਸੁੱਖ ਸ਼ਾਂਤੀ ਬਣੀ ਰਹੀ, ਜਿਸ ਕਰਕੇ ਇਥੋਂ ਦੀ ਸਭਿਅਤਾ ਦਾ ਸਰਬਪੱਖੀ ਵਿਕਾਸ ਹੋਇਆ ਤੇ ਰਿਗਵੇਦ ਵਰਗੇ ਮਹਾਨ ਤੇ ਦੁਨੀਆਂ ਦੇ ਸਭ ਤੋਂ ਪੁਰਾਣੇ ਗ੍ਰੰਥ ਦੀ ਰਚਨਾ ਵੀ ਇਸ ਸਮੇਂ ਦੌਰਾਨ ਹੀ ਹੋਈ। ਵਧੇਰੇ ਇਤਿਹਾਸਕਾਰਾਂ ਮੁਤਾਬਿਕ ਇਹ ਗ੍ਰੰਥ 1500 ਈ. ਪੂਰਵ ਤੋਂ 1000 ਈ. ਪੂਰਵ ਵਿਚਕਾਰ ਰਚੇ ਗਏ।[42] ਆਰੀਆ ਦੀ ਜਨਮ ਭੂਮੀ ਬਾਰੇ ਵਿਦਵਾਨਾਂ ਵਿਚ ਮੱਤਭੇਦ ਹੈ, ਪਰ ਇਸ ਨਾਲ ਸਮੁੱਚੇ ਵਿਦਵਾਨ ਸਹਿਮਤ ਹਨ ਕਿ ਉਨ੍ਹਾਂ ਦਾ ਮੁੱਖ ਧੰਦਾ ਖੇਤੀ ਸੀ।[43] ਮੁੱਖ ਧੰਦਾ ਖੇਤੀਬਾੜੀ ਹੋਣ ਕਰਕੇ ਆਰੀਆ ਨੇ ਪਿੰਡਾਂ ਨੂੰ ਆਪਣਾ ਨਿਵਾਸ ਸਥਾਨ ਬਣਾਇਆ ਤੇ ਪਿੰਡਾਂ ਦੇ

ਪ੍ਰਬੰਧ ਲਈ ਪੰਚਾਇਤੀ ਪ੍ਰਬੰਧ ਸ਼ੁਰੂ ਕੀਤਾ। ਇਹ ਵਿਵਸਥਾ ਸਿਰਫ਼ ਪਿੰਡ ਦੀ ਪੱਧਰ ਤੱਕ ਹੀ ਸੀਮਤ ਨਹੀਂ ਸੀ ਸਗੋਂ ਸਥਾਨਕ ਜਨਪਦ/ਰਾਜ-ਪ੍ਰਬੰਧ ਵੀ ਇਸੇ ਪ੍ਰਬੰਧ ਅਧੀਨ ਚਲਾਇਆ ਜਾਂਦਾ ਸੀ ਅਤੇ ਜੋ ਬਾਅਦ ਵਿਚ ਇਕ ਪੁਰਖੀ ਰਾਜ ਵਿਚ ਤਬਦੀਲ ਹੋ ਗਿਆ।[44] ਆਰੀਆ ਦੇ ਸਥਾਪਤ ਹੋਣ ਨਾਲ ਖੇਤੀਬਾੜੀ ਦਾ ਸਿਲਸਿਲਾ ਇਕ ਸਮਾਜਕ ਦਰਜਾ ਧਾਰਨ ਕਰ ਚੁੱਕਾ ਸੀ। ਇਸ ਕਾਲ ਦੀਆਂ ਲਿਖਤਾਂ ਵਿਚੋਂ ਜ਼ਮੀਨ ਦੇ ਦਾਨ ਅਤੇ ਖ਼ਰੀਦਣ ਸੰਬੰਧੀ ਵਿਵਰਣ ਮਿਲਦੇ ਹਨ। ਭਾਵੇਂ ਜਾਇਦਾਦ ਦਾ ਹੱਕ ਵੱਡੀ ਹੱਦ ਤੱਕ ਕਬੀਲੇ ਦੀ ਰਜ਼ਾ ਉੱਤੇ ਆਧਾਰਿਤ ਸੀ। ਕਬੀਲੇ ਦੁਆਰਾ ਵਿਅਕਤੀ ਨੂੰ ਦਿੱਤੇ ਵਾਹੀ ਦੇ ਹੱਕ ਨੇ ਤੇ ਇਸ ਨਾਲ ਜੁੜੇ ਸਮਾਜੀ ਦਰਜੇ ਨੇ ਸਮਾਜ ਵਿਚ ਨਾ-ਬਰਾਬਰੀ ਵਾਲੇ ਹਾਲਾਤ ਪੈਦਾ ਕਰ ਦਿੱਤੇ ਸਨ। ਵਿਰਾਸਤ ਦੇ ਮਸਲੇ ਮਹੱਤਵਪੂਰਣ ਹੋ ਗਏ ਸਨ। ਵਿਅਕਤੀ ਇੱਥੋਂ ਤਕ ਕਿ ਕਬੀਲੇ ਵੀ ਜ਼ਮੀਨ ਦੀ ਮਾਲਕੀ ਲਈ ਲੜਨ-ਝਗੜਨ ਲੱਗ ਪਏ ਸਨ।[45]

ਇਸੇ ਸਮੇਂ ਤੱਕ ਸਮਾਜ ਵਿਚ ਦਰਜਾਬੰਦੀ ਸਥਾਪਤ ਹੋ ਗਈ ਸੀ ਅਤੇ ਇਸ ਦਾ ਸੰਬੰਧ ਜ਼ਮੀਨ ਦੀ ਮਾਲਕੀ ਨਾਲ ਸੀ। ਇਸ ਦੌਰ ਵਿਚ ਖੇਤੀਬਾੜੀ ਨੇ ਕਾਫ਼ੀ ਤਰੱਕੀ ਕਰ ਲਈ ਸੀ। ਖਾਦ ਅਤੇ ਸਿੰਜਾਈ ਦੀ ਵਰਤੋਂ ਕੀਤੀ ਜਾਂਦੀ ਸੀ।[46] ਖੇਤੀ ਦੇ ਵਿਕਾਸ ਨੇ ਇਸ ਨਾਲ ਜੁੜੇ ਸਹਾਇਕਾਂ ਨੂੰ ਜਨਮ ਦਿੱਤਾ ਅਤੇ ਹੌਲੀ-ਹੌਲੀ ਇਹ ਹੁਨਰ ਬਕਾਇਦਾ ਕਿੱਤਿਆਂ ਵਿਚ ਤਬਦੀਲ ਹੋ ਗਏ। ਇਨ੍ਹਾਂ ਨੂੰ ਕਿਸਾਨੀ ਦੀ ਸਹਾਇਤਾ ਦੇ ਇਵਜ਼ ਵਿਚ ਫ਼ਸਲ ਵਿਚੋਂ ਨਿਸ਼ਚਿਤ ਹਿੱਸਾ ਅਦਾ ਕੀਤਾ ਜਾਂਦਾ ਸੀ। ਪਰੰਤੂ, ਪਿਛਲੇ ਵੈਦਿਕ ਕਾਲ ਵਿਚ ਮੁਦਰਾ ਦੀ ਵਰਤੋਂ ਦੇ ਸਬੂਤ ਵੀ ਮਿਲਦੇ ਹਨ।[47] ਮੁਦਰਾ ਦੀ ਵਰਤੋਂ ਨਾਲ ਵਪਾਰ ਵਿਚ ਤਰੱਕੀ ਹੋਣੀ ਸ਼ੁਰੂ ਹੋਈ ਤੇ ਵਪਾਰਕ ਕੇਂਦਰਾਂ ਦੇ ਰੂਪ ਵਿਚ ਵੱਡੇ ਕਸਬੇ ਹੋਂਦ ਵਿਚ ਆਏ। ਇਸ ਵਿਕਾਸ ਨਾਲ ਘਰੇਲੂ ਸਨਅਤ ਵੀ ਵਧਣੀ-ਫੁੱਲਣੀ ਸ਼ੁਰੂ ਹੋਈ ਤੇ ਕਈ ਨਵੇਂ ਧੰਦੇ ਹੋਂਦ ਵਿਚ ਆਏ।[48] ਈਸਾ ਤੋਂ ਕੁਝ ਸਮਾਂ ਪਹਿਲਾਂ ਨਿਜੀ ਮਲਕੀਅਤ ਦਾ ਸਿਲਸਿਲਾ ਹੋਰ ਵਿਕਸਿਤ ਹੋਇਆ। ਜ਼ਮੀਨ ਦੀ ਮਲਕੀਅਤ ਦੀਆਂ ਵੱਖ-ਵੱਖ ਪਰਤਾਂ ਸਨ। ਕਿਸਾਨੀ ਦੀ ਪਹਿਲੀ ਪਰਤ ਵਿਚ ਉਹ ਲੋਕ ਸ਼ਾਮਲ ਸਨ ਜਿਨ੍ਹਾਂ ਦੀ ਜ਼ਮੀਨ ਵਿਚ ਕਈ ਹਲ਼

ਚਲਦੇ ਸਨ ਤੇ ਖੇਤੀ ਦਾ ਕੰਮ ਗ਼ੁਲਾਮਾਂ ਅਤੇ ਭਾੜੇ ਦੇ ਮਜ਼ਦੂਰਾਂ ਪਾਸੋਂ ਕਰਵਾਇਆ ਜਾਂਦਾ ਸੀ। ਛੋਟੇ ਮਾਲਕ ਵੀ ਸਨ ਜੋ ਆਪਣੇ ਪਰਿਵਾਰਕ ਮੈਂਬਰਾਂ ਦੀ ਸਹਾਇਤਾ ਨਾਲ ਖੇਤੀ ਕਰਕੇ ਗੁਜ਼ਾਰਾ ਕਰਦੇ ਸਨ।[49]

ਇਹ ਸਮਾਂ ਮੁੱਖ ਰੂਪ ਵਿਚ ਤਰੱਕੀ ਤੇ ਖ਼ੁਸ਼ਹਾਲੀ ਵਾਲਾ ਸੀ, ਜਿਸ ਕਰਕੇ ਆਰਥਕ ਪੱਖੋਂ ਹੀ ਨਹੀਂ, ਸਗੋਂ ਸਮਾਜਕ ਤੇ ਕਲਾ ਪੱਖੋਂ ਵੀ ਬਹੁਤ ਤਰੱਕੀ ਹੋਈ। ਵੇਦਾਂ ਤੋਂ ਇਲਾਵਾ ਰਮਾਇਣ ਤੇ ਮਹਾਂਭਾਰਤ ਵਰਗੀਆਂ ਰਚਨਾਵਾਂ ਵੀ ਇਸੇ ਕਾਲ ਵਿਚ ਰਚੀਆਂ ਗਈਆਂ। ਸਮਾਜ ਵਿਚ ਕਿਸਾਨ ਦਾ ਬਹੁਤ ਆਦਰ ਸੀ ਅਤੇ ਖੇਤੀ ਦੀ ਰੱਖਿਆ ਰਾਜ ਸਰਕਾਰ ਦਾ ਪ੍ਰਮੁੱਖ ਕਰਤੱਵ ਸਮਝਿਆ ਜਾਂਦਾ ਸੀ।[50] ਉਸ ਵੇਲੇ ਦੇ ਇਨ੍ਹਾਂ ਮਹਾਨ ਗ੍ਰੰਥਾਂ ਵਿਚ ਵੀ ਰਾਜਿਆਂ-ਮਹਾਰਾਜਿਆਂ ਦੇ ਹਲ਼ ਵਾਹੁਣ ਦਾ ਜ਼ਿਕਰ ਮਿਲਦਾ ਹੈ। ਰਮਾਇਣ ਵਿਚ ਰਾਜਾ ਜਨਕ ਤੇ ਮਹਾਭਾਰਤ ਵਿਚ ਭਗਵਾਨ ਕ੍ਰਿਸ਼ਨ ਦੇ ਭਰਾ ਬਲਰਾਮ ਦੇ ਹਲ਼ ਵਾਹੁਣ ਦੇ ਹਵਾਲੇ ਉਪਲਬਧ ਹਨ।[51] ਸੰਸਕ੍ਰਿਤ ਵਿਚ ਆਧੁਨਿਕ 'ਪੰਜਾਬ' ਦਾ ਸਮਾਨ ਰੂਪੀ ਸ਼ਬਦ 'ਪੰਚਨਦ' ਹੈ ਜਿਸਦਾ ਜ਼ਿਕਰ ਮਹਾਭਾਰਤ ਅਤੇ ਅਗਨੀ ਪੁਰਾਣ ਵਿਚ ਮਿਲਦਾ ਹੈ।[52] ਸਥਾਨਕ ਵਸਨੀਕਾਂ ਨੂੰ 'ਵਾਹੀਕਾਸ' ਜਾਂ 'ਜਾਰਟੀਕਾਸ' ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਅਨੁਮਾਨ ਮੁਤਾਬਿਕ ਪੰਜਾਬ ਦੀ ਜੱਟ ਜਾਤੀ ਦੀਆਂ ਜੜ੍ਹਾਂ ਇਨ੍ਹਾਂ ਵਿਚੋਂ ਹੀ ਮਿਲਦੀਆਂ ਹਨ।[53] ਜਦਕਿ ਮਹਿੰਦਰ ਸਿੰਘ ਰੰਧਾਵਾ ਜੱਟਾਂ ਦਾ ਪਿਛੋਕੜ ਸਕਾਈਥੀਅਨ ਤੇ ਹੂਨ ਜਾਤੀ ਨਾਲ ਜੋੜਦਾ ਹੈ। ਉਸ ਮੁਤਾਬਿਕ ਜੱਟਾਂ ਦੀ ਕੌਮ, ਭਾਰਤੀ ਇਸਤਰੀਆਂ ਨਾਲ ਵਿਆਹ ਰਚਾ ਲੈਣ ਵਾਲੇ ਮੱਧ ਏਸ਼ੀਆਈ ਕਬੀਲਿਆਂ ਦੇ ਸੈਨਿਕਾਂ ਦਾ ਵੰਸ਼ ਹਨ।[54]

ਆਰੀਆ ਦੀ ਆਮਦ ਨਾਲ ਪੰਜਾਬ ਦੀ ਸਮੁੱਚੀ ਆਰਥਕ-ਸਮਾਜਕ ਬਣਤਰ ਵਿਚ ਇਕ ਫ਼ੈਸਲਾਕੁੰਨ ਤਬਦੀਲੀ ਆਈ। ਆਰੀਆ ਨੇ ਕਿੱਤਾ ਵੰਡ ਨੂੰ ਪੱਕੀ ਤਰ੍ਹਾਂ ਸਥਾਪਿਤ ਕਰਕੇ ਇਸ ਨੂੰ ਵਰਣ ਵੰਡ ਵਿਚ ਤਬਦੀਲ ਕਰ ਦਿੱਤਾ ਤੇ ਜਿਸ ਦਾ ਸੰਬੰਧ ਵਿਅਕਤੀ ਦੇ ਜਨਮ ਨਾਲ ਜੋੜਿਆ ਤੇ ਮੰਨੂ ਨੇ 200 ਈਸਵੀ ਪੂਰਵ-100 ਈਸਵੀ ਪੂਰਵ ਦੇ ਦਰਮਿਆਨ 'ਮੰਨੂ ਸਿਮ੍ਰਤੀ' ਦਾ ਸੰਕਲਨ ਕਰਕੇ ਇਸ ਉੱਪਰ ਹਿੰਦੂਵਾਦ ਦੀ ਪੱਕੀ ਮੋਹਰ ਲਾ ਦਿੱਤੀ।[55] ਆਰੀਆ ਤੋਂ ਲੰਮਾ ਸਮਾਂ ਬਾਅਦ

ਯੂਨਾਨ ਤੋਂ ਸੰਸਾਰ ਨੂੰ ਜਿੱਤਣ ਦਾ ਸੁਪਨਾ ਲੈ ਕੇ ਤੁਰਿਆ ਸਿਕੰਦਰ ਪੰਜਾਬ ਤੱਕ ਪੁੱਜਿਆ ਤੇ ਸਥਾਨਕ ਜਨਪਦਾਂ, ਜੋ ਕਿ ਛੋਟੇ-ਛੋਟੇ ਰਾਜ ਸਨ, ਨੇ ਆਪਣੀ ਆਜ਼ਾਦੀ ਤੇ ਸ੍ਵੈ-ਮਾਣ ਦੀ ਖ਼ਾਤਿਰ ਉਸਦਾ ਬਹਾਦਰੀ ਨਾਲ ਮੁਕਾਬਲਾ ਕੀਤਾ ਪਰ ਇਹ ਛੋਟੇ ਜਨਪਦ ਸਿਕੰਦਰ ਦੇ ਵਿਸ਼ਾਲ ਸਾਮਰਾਜ ਦੀ ਫ਼ੌਜ ਦਾ ਮੁਕਾਬਲਾ ਕਰ ਸਕਣ ਦੇ ਅਸਮਰਥ ਸਨ। ਸਿਕੰਦਰ ਦੇ ਹਮਲਿਆਂ ਨੇ ਸਥਾਨਕ ਪੱਧਰ ’ਤੇ ਇਕ ਨਗਰੀ ਰਾਜ ਜਾਂ ਜਨਪਦਾਂ ਦੀ ਥਾਂ ਤਰੱਕੀ ਤੇ ਖ਼ੁਸ਼ਹਾਲੀ ਲਈ ਇਕ ਵਿਸ਼ਾਲ ਸਾਮਰਾਜ ਦੀ ਲੋੜ ਨੂੰ ਉਭਾਰਿਆ, ਤੇ ਇਸ ਹਾਰ ਵਿਚ ਸ਼ਾਇਦ ਵਰਣ ਵੰਡ ਤੇ ਅਹਿੰਸਾਮਈ ਧਾਰਮਿਕ ਵਾਤਾਵਰਣ ਨੇ ਵੀ ਆਪਣਾ ਹਿੱਸਾ ਪਾਇਆ। ਇਸ ਤਰ੍ਹਾਂ ਪੁਰਾਤਨ ਪੰਜਾਬ ਇਕ ਮਿਸ਼੍ਰਿਤ ਸਭਿਆਚਾਰਕ ਖਿੱਤੇ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ, ਜਿੱਥੇ ਇੱਕੋ ਹੀ ਸਮੇਂ ਇਕ ਤੋਂ ਵਧੇਰੇ ਤੇ ਸ਼ਾਇਦ ਕਈ ਵਾਰ ਇਕ ਦੂਸਰੇ ਦੇ ਵਿਰੋਧ ਵਾਲੀਆਂ ਧਾਰਮਿਕ, ਸਮਾਜਕ ਤੇ ਰਾਜਨੀਤਿਕ ਪ੍ਰਸਥਿਤੀਆਂ ਕਾਰਜਸ਼ੀਲ ਸਨ।

ਸਿਕੰਦਰ ਦੇ ਹਮਲੇ ਤੋਂ ਬਾਅਦ ਇਕ ਵਿਸ਼ਾਲ ਸਾਮਰਾਜ ਸਥਾਪਿਤ ਕਰਨ ਦੀ ਇਤਹਾਸਕ ਜ਼ਰੂਰਤ ਨੂੰ ਚੰਦਰਗੁਪਤ ਮੌਰਿਆ ਨੇ ਪੂਰਿਆਂ ਕੀਤਾ। ਇਕ ਸ਼ਕਤੀਸ਼ਾਲੀ ਸਾਮਰਾਜ ਦੇ ਕਾਇਮ ਹੋਣ ਨਾਲ ਪੰਜਾਬ ਵਿਚ ਸੁਖ-ਸ਼ਾਂਤੀ ਦਾ ਮਾਹੌਲ ਕਾਇਮ ਹੋਇਆ। ਇਸ ਮਾਹੌਲ ਦਾ ਸੁਖਾਵਾਂ ਅਸਰ ਆਰਥਕਤਾ ਤੇ ਕਲਾ ਉੱਪਰ ਵੀ ਪਿਆ। ਇਸੇ ਦੌਰ ਵਿਚ ਭਾਰਤ ਵਿਚ ਜਾਗੀਰਦਾਰੀ ਅਮਲ ਸ਼ੁਰੂ ਹੋਇਆ; ਛੋਟੀ ਕਿਸਾਨੀ ਦੀ ਵੀ ਹੋਂਦ ਸੀ, ਪਰ ਜ਼ਮੀਨ ਦੇ ਵਧੇਰੇ ਹਿੱਸੇ ਵੱਡੇ ਭੂਮੀਪਤੀਆਂ ਅਧੀਨ ਸਨ ਜੋ ਮਜ਼ਦੂਰਾਂ ਅਤੇ ਗ਼ੁਲਾਮਾਂ ਤੋਂ ਖੇਤੀ ਦਾ ਕੰਮ ਕਰਵਾਉਂਦੇ ਸਨ ਅਤੇ ਇਕ ਨਿਸ਼ਚਿਤ ਟੈਕਸ ਸਰਕਾਰ ਨੂੰ ਦੇਂਦੇ ਸਨ। ਜ਼ਮੀਨ ਉੱਪਰ ਸਰਕਾਰੀ ਮਾਲਕੀ ਸੀ ਪਰ ਵਿਅਕਤੀਗਤ ਮਾਲਕੀ ਦੇ ਸੰਕੇਤ ਵੀ ਮਿਲਦੇ ਹਨ।[56] ਪਰੰਤੂ ਸਾਮੰਤ ਕਿਸਾਨੀ ਦੀ ਜ਼ਮੀਨ ਦੇ ਪ੍ਰਬੰਧਨ ਵਿਚ ਵਧੇਰੇ ਦਖ਼ਲ ਅੰਦਾਜ਼ੀ ਨਹੀਂ ਕਰਦੇ ਸਨ। ਵਧੇਰੇ ਜ਼ਮੀਨ ਨੂੰ ਖੇਤੀ ਹੇਠ ਲਿਆਉਣ ਲਈ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਸੀ। ਇਸ ਕਾਲ ਵਿਚ ਸਾਮੰਤੀ ਪ੍ਰਬੰਧ ਨੇ ਆਪਣਾ ਵਜੂਦ ਗ੍ਰਹਿਣ ਕੀਤਾ ਤੇ ਇਸ ਵਿਚ ਲਗਾਤਾਰ ਵਿਕਾਸ ਹੁੰਦਾ ਗਿਆ। ਬਹੁਤ ਸਾਰੀ ਜ਼ਮੀਨ ਸਰਕਾਰੀ ਅਹਿਲਕਾਰਾਂ ਨੂੰ ਉਨ੍ਹਾਂ ਦੀ

ਫ਼ੌਜੀ ਸੇਵਾ ਬਦਲੇ ਅਲਾਟ ਕੀਤੀ ਹੋਈ ਸੀ।[57] ਸਰਕਾਰ ਦੀ ਆਮਦਨ ਦਾ ਸੋਮਾ ਖੇਤੀ ਤੋਂ ਲਿਆ ਜਾਣ ਵਾਲਾ ਟੈਕਸ ਸੀ। ਸਿੰਜਾਈ ਵਾਲੀ ਜ਼ਮੀਨ ਤੋਂ ਆਬਿਆਨਾ ਵੀ ਲਿਆ ਜਾਂਦਾ ਸੀ। ਸਮਾਜ ਵਿਚ ਕਿਸਾਨੀ ਨੂੰ ਉੱਚਾ ਰੁਤਬਾ ਹਾਸਿਲ ਸੀ ਅਤੇ ਉਸ ਲਈ ਫ਼ੌਜੀ ਸੇਵਾ ਜ਼ਰੂਰੀ ਨਹੀਂ ਸੀ ਤਾਂ ਕਿ ਉਹ ਪੂਰਾ ਸਮਾਂ ਖੇਤੀ ਦਾ ਕੰਮ ਕਰ ਸਕਣ। ਆਪਸੀ ਲੜਾਈ ਵੇਲੇ ਵੀ ਇਹ ਖ਼ਿਆਲ ਰੱਖਿਆ ਜਾਂਦਾ ਸੀ ਕਿ ਫ਼ਸਲ ਦੀ ਬਰਬਾਦੀ ਨਾ ਹੋਵੇ।[58] ਸਮਾਜਕ-ਰਾਜਨੀਤਿਕ ਹਾਲਾਤ ਸੁਖਾਵੇਂ ਹੁੰਦਿਆਂ ਹੋਇਆਂ ਵੀ ਜਾਗੀਰਦਾਰਾਂ ਦੇ ਵਧਦੇ ਪ੍ਰਭਾਵ ਕਾਰਣ ਸਾਧਾਰਣ ਕਿਸਾਨੀ ਦੀ ਆਰਥਕ ਹਾਲਤ ਡਾਵਾਂਡੋਲ ਹੋ ਰਹੀ ਸੀ ਤੇ ਉਹ ਜ਼ਮੀਨ ਮਾਲਕੀ ਤੋਂ ਵਾਂਝੀ ਹੁੰਦੀ ਜਾ ਰਹੀ ਸੀ। ਉਸ ਵੇਲੇ ਦੀਆਂ ਬੋਧੀ ਲਿਖਤਾਂ ਤੋਂ ਵੱਡੇ ਜ਼ਿਮੀਂਦਾਰਾਂ ਤੇ ਗ਼ੁਲਾਮਾਂ ਦੇ ਮਾਲਕਾਂ ਦੇ ਹਵਾਲੇ ਵੀ ਮਿਲਦੇ ਹਨ।[59] ਪਰ ਗੁਪਤ ਕਾਲ ਵਿਚ ਕਿਸਾਨਾਂ ਵਿਰੁੱਧ ਕੰਮ ਕਰਨ ਵਾਲਿਆਂ ਲਈ ਸਖ਼ਤ ਕਾਨੂੰਨ ਬਣਾਏ ਗਏ। ਪਰੰਤੂ, ਜਾਗੀਰਦਾਰਾਂ ਤੇ ਕਿਸਾਨਾਂ ਦੇ ਆਰਥਕ ਹਿਤ ਇਕ ਦੂਸਰੇ ਵਿਰੁੱਧ ਕਾਰਜਸ਼ੀਲ ਸਨ ਜਿਸ ਕਰਕੇ ਸਥਾਨਕ ਪੱਧਰ ’ਤੇ ਦੋਹਾਂ ਧਿਰਾਂ ਵਿਚ ਲੜਾਈ-ਝਗੜੇ ਸਾਧਾਰਣ ਗੱਲ ਸੀ। ਇਸ ਵਰਤਾਰੇ ਦਾ ਸਭ ਤੋਂ ਮਾੜਾ ਅਸਰ ਛੋਟੇ ਕਿਸਾਨਾਂ ਤੇ ਬੇ-ਜ਼ਮੀਨ ਖੇਤ-ਮਜ਼ਦੂਰਾਂ ਉੱਪਰ ਪਿਆ। ਜਾਗੀਰਦਾਰਾਂ ਦੀਆਂ ਕਬਜ਼ੇ ਲਈ ਲੜਾਈਆਂ ਨੇ ਕਿਸਾਨਾਂ ਲਈ ਸੰਕਟ ਖੜਾ ਕਰ ਦਿੱਤਾ। ਇਸ ਨਾਲ ਸਾਰਾ ਭਾਰਤ ਤੇ ਵਿਸ਼ੇਸ਼ ਕਰਕੇ ਉੱਤਰੀ ਹਿੱਸਾ ਇਨ੍ਹਾਂ ਆਪਸੀ ਲੜਾਈਆਂ ਦੀ ਲਪੇਟ ਵਿਚ ਗਿਆ। ਸਥਾਨਕ ਲੜਾਈਆਂ ਸ਼ਾਸਕੀ ਤੰਤਰ ਨੂੰ ਕਮਜ਼ੋਰ ਕਰ ਰਹੀਆਂ ਸਨ ਜਦਕਿ ਜਾਗੀਰਦਾਰੀ ਦੇ ਵਿਕਾਸ ਲਈ ਸ਼ਕਤੀਸ਼ਾਲੀ ਸ਼ਾਸਕ ਉਸ ਵੇਲੇ ਦੀ ਮੁੱਖ ਲੋੜ ਬਣੀ ਹੋਈ ਸੀ ਤੇ ਅਜੇਹੇ ਸ਼ਾਸਕਾਂ ਦੀ ਅਣਹੋਂਦ ਵਿਦੇਸ਼ੀ ਹਮਲਾਵਾਰਾਂ ਲਈ ਖਿੱਚ ਦਾ ਕਾਰਣ ਵੀ ਸੀ। ਇਸ ਲਈ ਸੱਤਵੀਂ ਸਦੀ ਦੇ ਸ਼ੁਰੂ ਵਿਚ ਇਥੋਂ ਦੀ ਆਰਥਿਕ ਸਮ੍ਰਿਧੀ ਤੇ ਰਾਜਨੀਤਿਕ ਹਾਲਤ ਨੇ ਵਿਦੇਸ਼ੀ ਹਮਲਾਵਾਰਾਂ ਦਾ ਧਿਆਨ ਆਪਣੇ ਵਲ ਖਿੱਚਣਾ ਸ਼ੁਰੂ ਕਰ ਦਿੱਤਾ। ਮੁਸਲਮਾਨ ਭਾਰਤ ਵਿਚ ਅੱਠਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਹਮਲਾਵਰ ਵਜੋਂ ਆਏ। ਪੰਜਾਬ ਉੱਤੇ ਪਹਿਲਾ ਹਮਲਾ 786-87 ਵਿਚ ਸੁਬਕਤਮੀਨ ਨੇ ਕੀਤਾ। ਉਸਦੇ ਬੇਟੇ ਨੇ ਗਜ਼ਨਵੀ ਰਾਜ ਦੀ ਨੀਂਹ ਕਾਇਮ ਕੀਤਾ, ਜੋ ਲਗਭਗ 150 ਸਾਲ ਇੱਥੇ

ਕਾਇਮ ਰਿਹਾ ਪਰ ਮੁਹੰਮਦ ਗੌਰੀ ਨੇ ਇਸ ਖ਼ਾਨਦਾਨ ਨੂੰ ਹਰਾ ਕੇ ਆਪਣੀ ਹਕੂਮਤ ਕਾਇਮ ਕਰ ਲਈ ਤੇ ਗੌਰੀ ਦੀ ਮੌਤ ਤੋਂ ਬਾਅਦ ਕੁਤਬਦੀਨ ਐਬਕ ਇਥੋਂ ਦਾ ਹਾਕਮ ਬਣਿਆ।[60] ਇਨ੍ਹਾਂ ਹਮਲਿਆਂ ਨੂੰ ਧਾਰਮਿਕ ਸਵਿਕ੍ਰਿਤੀ ਲਈ 'ਜਹਾਦ' ਦਾ ਨਾਂ ਦਿੱਤਾ ਗਿਆ। ਇਨ੍ਹਾਂ ਹਮਲਿਆਂ ਨਾਲ ਰਾਜਨੀਤਿਕ ਅਸਥਿਰਤਾ ਫੈਲੀ ਤੇ ਹਿੰਦੁਸਤਾਨ ਮੁਸਲਮਾਨ ਹਾਕਮਾਂ ਦੀ ਅਧੀਨਗੀ ਹੇਠ ਆ ਗਿਆ।

ਬੇਸ਼ੱਕ ਭਾਰਤ ਵਿਦੇਸ਼ੀ ਹੁਕਮਰਾਨਾਂ ਦੀ ਹਕੂਮਤ ਦਾ ਹਿੱਸਾ ਬਣ ਗਿਆ, ਪਰ ਇੱਥੋਂ ਦੀ ਖੇਤੀਬਾੜੀ ਵਿਚ ਕੋਈ ਵਿਸ਼ੇਸ਼ ਪਰਿਵਰਤਨ ਨਹੀਂ ਆਇਆ। ਇਸ ਵੇਲੇ ਦੋ ਤਰ੍ਹਾਂ ਦੀ ਜਾਇਦਾਦ ਦੇ ਵੇਰਵੇ ਮਿਲਦੇ ਹਨ। ਮਾਲ ਅਫ਼ਸਰ ਸਰਕਾਰੀ ਜ਼ਮੀਨ ਤੋਂ ਮਿਲਣ ਵਾਲੇ ਲਗਾਨ ਨੂੰ ਇਕੱਠਾ ਕਰਨ ਦਾ ਕੰਮ ਕਰਦੇ ਸਨ।[61] ਨਿੱਜੀ ਭੂਮੀ ਮਾਲਿਕੀ ਦੇ ਸਬੂਤ ਵੀ ਮਿਲਦੇ ਹਨ ਜਿਸ ਤੋਂ ਮਾਲਕ ਖ਼ੁਦ ਲਗਾਨ ਵਸੂਲ ਕਰਦੇ ਸਨ। ਭੂਮੀਪਤੀਆਂ ਦੁਆਰਾ ਲੁੱਟ ਤੇ ਗ਼ੁਲਾਮੀ ਕਰਕੇ ਕਿਸਾਨਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ। ਛੋਟੀ ਕਿਸਾਨੀ ਦਾ ਆਪਣੇ ਵਿਰੁੱਧ ਹੋਣ ਵਾਲੇ ਜਬਰ ਦਾ ਵਿਰੋਧ ਪਿੰਡ ਵਿਚੋਂ ਨੱਸ ਜਾਣ ਤਕ ਸੀਮਤ ਸੀ। ਇਸ ਕਾਰਣ ਦੇਸ਼ ਵਿਚ ਅਸਥਿਰਤਾ ਵਾਲਾ ਵਾਤਾਵਰਣ ਬਣਿਆ ਹੋਇਆ ਸੀ ਤੇ ਹਕੂਮਤ ਦੀ ਪਕੜ ਕਮਜ਼ੋਰ ਹੋ ਰਹੀ ਸੀ।

ਕਿਸੇ ਵੀ ਸਮੇਂ ਦੀ ਰਾਜਨੀਤਿਕ ਤੇ ਪ੍ਰਸ਼ਾਸਨਿਕ ਅਵਸਥਾ ਉਸ ਸਮੇਂ ਦੀ ਆਰਥਕ-ਸਮਾਜਕ ਬਣਤਰ ਦਾ ਹੀ ਪ੍ਰਗਟਾਵਾ ਹੁੰਦੀ ਹੈ। ਸਮੁੱਚਾ ਦੇਸ਼ ਛੋਟੀਆਂ-ਛੋਟੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਇਸ ਸਮੁੱਚੇ ਵਾਤਾਵਰਣ ਦੇ ਟਾਕਰੇ ਲਈ ਹਰ ਖੇਤਰ ਵਿਚ ਤਬਦੀਲੀ ਜ਼ਰੂਰੀ ਸੀ। ਰਾਜਨੀਤਿਕ ਤੇ ਪ੍ਰਸ਼ਾਸਨਿਕ ਪੱਧਰ 'ਤੇ ਇਸ ਲੋੜ ਨੂੰ ਬਾਬਰ ਨੇ ਪੂਰਿਆਂ ਕਰਨ ਦਾ ਯਤਨ ਕੀਤਾ। ਮੁਗ਼ਲ ਸ਼ਾਸਕ ਬਾਬਰ, ਲੋਧੀ ਨੂੰ ਹਰਾ ਕੇ ਦੇਸ਼ ਦੀ ਹਕੂਮਤ ਉੱਪਰ ਕਾਬਜ਼ ਹੋਇਆ ਜੋ ਅੰਗਰੇਜ਼ਾਂ ਦੇ ਆਉਣ ਤਕ ਕਾਇਮ ਰਹੀ। ਬਾਬਰ ਭਾਵੇਂ ਭਾਰਤ ਦੀ ਆਰਥਕ-ਸਮਾਜਕ ਬਣਤਰ ਉੱਪਰ ਕੋਈ ਵਿਸ਼ੇਸ਼ ਪ੍ਰਭਾਵ ਪਾ ਸਕਣ ਵਿਚ ਅਸਫਲ ਰਿਹਾ ਪਰ ਬਾਬਰ ਦੀ ਆਮਦ ਨਾਲ ਇਕ ਸ਼ਕਤੀਸ਼ਾਲੀ ਮੁਗ਼ਲ ਸਲਤਨਤ ਦੀ ਨੀਂਹ ਹਿੰਦੁਸਤਾਨ ਵਿਚ ਰੱਖੀ ਗਈ। ਬਾਬਰ ਤੋਂ ਬਾਅਦ ਇਸਦੀ ਵਾਗਡੋਰ

ਅਕਬਰ ਨੇ ਸੰਭਾਲੀ। ਰਾਜਨੀਤਿਕ ਸੀਨ ’ਤੇ ਅਕਬਰ ਦੇ ਉੱਦਭਵ ਨਾਲ ਕੁਝ ਇਕ ਸਿਫ਼ਤੀ ਤਬਦੀਲੀਆਂ ਭਾਰਤ ਦੀ ਸਮੁੱਚੀ ਸਮਾਜਕ-ਆਰਥਕ ਬਣਤਰ ਵਿਚ ਵਾਪਰਦੀਆਂ ਹਨ, ਉਸਨੇ ਧਾਰਮਿਕ ਸਹਿਣਸ਼ੀਲਤਾ ਦਾ ਵਾਤਾਵਰਣ ਪੈਦਾ ਕੀਤਾ ਅਤੇ ਖੇਤੀ ਦੇ ਖੇਤਰ ਵਿਚ ਵੀ ਜ਼ਿਕਰਯੋਗ ਪਰਿਵਰਤਨ ਲਿਆਂਦੇ। ਉਸਨੇ ਸਮੁੱਚੀ ਜ਼ਮੀਨ ਦਾ ਵਰਗੀਕਰਨ ਕਰਕੇ ਸਿੰਜਾਈ ਤੇ ਬਰਾਨੀ ਜ਼ਮੀਨ ਦਾ ਅੰਤਰ ਸਪਸ਼ੱਟ ਕੀਤਾ ਤੇ ਜ਼ਮੀਨ ਦਾ ਰਿਕਾਰਡ ਰੱਖਣਾ ਸ਼ੁਰੂ ਕੀਤਾ। ਸਮੁੱਚੀ ਜ਼ਮੀਨ ਨੂੰ ‘ਖਾਲਸਾ’ ਤੇ ‘ਜਾਗੀਰਾਂ’ ਦੋ ਹਿੱਸਿਆਂ ਵਿਚ ਵੰਡਿਆ ਗਿਆ। ਪਹਿਲੀ ਤਰ੍ਹਾਂ ਦੀ ਜ਼ਮੀਨ ਜਿਤੇ ਹੋਏ ਰਾਜਾਂ ਨਾਲ ਸੰਬੰਧਿਤ ਹੁੰਦੀ ਸੀ ਤੇ ਇਸ ਤੋਂ ਪ੍ਰਾਪਤ ਧਨ ਨੂੰ ਸਰਕਾਰ ਦਾਨ ਵਜੋਂ ਧਾਰਮਿਕ ਕੰਮਾਂ ਲਈ ਖ਼ਰਚਦੀ ਸੀ ਜਦਕਿ ਜਾਗੀਰਾਂ ਜਾਗੀਰਦਾਰਾਂ ਦੀ ਮਲਕੀਅਤ ਅਧੀਨ ਸਨ ਤੇ ਇਸ ਦੇ ਬਦਲੇ ਉਨ੍ਹਾਂ ਨੂੰ ਕੁਝ ਫ਼ੌਜ ਰੱਖਣੀ ਪੈਂਦੀ ਸੀ। ਲਗਾਨ ਦੀਆਂ ਦਰਾਂ ਸਰਕਾਰਾਂ ਦੁਆਰਾ ਨਿਸ਼ਚਿਤ ਕੀਤੀਆਂ ਜਾਂਦੀਆਂ ਸਨ ਤੇ ਲਗਾਨ ਲਈ ਨਕਦੀ ਨੂੰ ਪਹਿਲ ਦਿੱਤੀ ਜਾਂਦੀ ਸੀ।[62]

ਅਕਬਰ ਨੇ ਜ਼ਮੀਨੀ ਖੇਤਰ ਵਿਚ ਕਈ ਸੁਧਾਰ ਕੀਤੇ। ਲਗਾਨ ਫ਼ਸਲ ਵੇਖ ਕੇ ਲਗਾਇਆ ਜਾਂਦਾ ਸੀ। ਕੁਦਰਤੀ ਕਰੋਪੀ ਕਾਰਣ ਫ਼ਸਲ ਖ਼ਰਾਬ ਹੋ ਜਾਣ ਦੀ ਸੂਰਤ ਵਿਚ ਲਗਾਨ ਮੁਆਫ਼ ਵੀ ਕਰ ਦਿੱਤਾ ਜਾਂਦਾ ਸੀ। ਹਲਵਾਹਕ ਜ਼ਮੀਨ ਦੇ ਮਾਲਕ ਬਣਾ ਦਿੱਤੇ ਗਏ। ਉਹ ਜ਼ਮੀਨ ਦੀ ਵਰਤੋਂ ਆਪਣੇ ਹਿਸਾਬ ਨਾਲ ਕਰ ਸਕਦੇ ਸਨ ਤੇ ਇਸ ਮਲਕੀਅਤ ਨੂੰ ਵਿਰਾਸਤੀ ਰੂਪ ਵੀ ਦਿੱਤਾ ਗਿਆ।[63] ਪਰੰਤੂ ਅਕਬਰ ਦੁਆਰਾ ਕੀਤੇ ਜਾ ਰਹੇ ਸੁਧਾਰਾਂ ਦੇ ਬਾਵਜੂਦ ਜਾਗੀਰਦਾਰੀ ਦੀ ਪਕੜ ਮਜ਼ਬੂਤ ਹੋ ਰਹੀ ਸੀ, ਜਦਕਿ ਕਿਸਾਨੀ ਦੀ ਆਰਥਿਕ ਹਾਲਤ ਵਿਚ ਕੋਈ ਸੁਖਾਵਾਂ ਪਰਿਵਰਤਨ ਨਾ ਵਾਪਰਣ ਕਰਕੇ ਉਹ ਜਾਗੀਰਦਾਰੀ ਵਿਰੁੱਧ ਜਥੇਬੰਦ ਹੋ ਰਹੇ ਸਨ। ਜਾਗੀਰਦਾਰਾਂ ਦੇ ਰਵੱਈਏ ਵਿਰੁੱਧ ਕਿਸਾਨੀ ਦੇ ਮਨ ਵਿਚ ਰੋਸ ਭਰਿਆ ਹੋਇਆ ਸੀ ਤੇ ਇਹ ਰੋਸ ਭਗਤੀ ਲਹਿਰ ਦੇ ਰੂਪ ਵਿਚ ਜਨਤਕ ਲਹਿਰ ਦਾ ਰੂਪ ਧਾਰਨ ਕਰ ਰਿਹਾ ਸੀ। ਪੰਜਾਬ ਵਿਚ ਇਸ ਲਹਿਰ ਦਾ ਸਰੂਪ ਬਾਕੀ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਵੱਖਰੀ ਭਾਂਤ ਦਾ ਸੀ। ਆਪਣੀ ਵਿਲੱਖਣ ਭੂਗੋਲਿਕ ਸਥਿਤੀ ਕਰਕੇ ਤੇ ਲਗਾਤਾਰ ਅਸਥਿਰ ਪ੍ਰਸ਼ਾਸਨ ਤੇ ਬੇਗਾਨੇ ਹੁਕਮਰਾਨਾਂ ਨਾਲ ਵਾਹ ਪੈਣ ਕਰਕੇ ਪੰਜਾਬੀ ਮਾਨਸਿਕਤਾ

ਵਿਸ਼ੇਸ਼ ਪ੍ਰਕਾਰ ਦੀ ਨਾਬਰੀ ਦੀ ਧਾਰਨੀ ਹੋ ਚੁੱਕੀ ਸੀ। ਅਕਬਰ ਨੇ ਕਿਸਾਨਾਂ ਦੀ ਇਸ ਰੋਹ ਭਰੀ ਅਵਸਥਾ ਨੂੰ ਸਮਝਦੇ ਹੋਏ ਕੁਝ ਜ਼ਮੀਨੀ ਸੁਧਾਰ ਲਾਗੂ ਕੀਤੇ ਤੇ ਕਿਸਾਨਾਂ ਨੂੰ ਕੁਝ ਰਿਆਇਤਾਂ ਦਿੱਤੀਆਂ। ਇਨ੍ਹਾਂ ਰਿਆਇਤਾਂ ਤੇ ਜ਼ਮੀਨੀ ਸੁਧਾਰਾਂ ਦੇ ਬਾਵਜੂਦ ਕਿਸਾਨੀ ਲਹਿਰ ਸਮੁੱਚੇ ਜਾਗੀਰਦਾਰੀ ਪ੍ਰਬੰਧ ਦੇ ਵਿਰੋਧ ਵਿਚ ਖੜ੍ਹੀ ਸੀ। 16ਵੀਂ ਸਦੀ ਤੋਂ ਲੈ ਕੇ 18ਵੀਂ ਸਦੀ ਤੱਕ ਦਾ ਸਮਾਂ ਹਿੰਦੁਸਤਾਨ ਦੇ ਇਤਹਾਸ ਵਿਚ ਜਾਗੀਰਦਾਰੀ ਵਿਰੋਧੀ ਘੋਲਾਂ ਦੇ ਤਿੱਖੇ ਰੂਪ ਵਿਚ ਉਭਰਨ ਦਾ ਸਮਾਂ ਸੀ। ਪਰੰਤੂ, ਜ਼ਮੀਨੀ ਸੁਧਾਰ ਸਮਾਜਕ-ਆਰਥਕ ਵਿਕਾਸ ਦੀਆਂ ਪੈਦਾਵਾਰੀ ਸ਼ਕਤੀਆਂ ਦੇ ਅਨੁਕੂਲ ਹੋ ਰਿਹਾ ਸੀ। ਇਸ ਕਾਰਣ ਆਰਥਕ ਵਿਕਾਸ ਵਿਚ ਤੇਜ਼ੀ ਆਈ, "ਸਮੁੱਚਾ ਦੇਸ਼ ਖ਼ੁਸ਼ਹਾਲੀ ਦੀ ਇਸ ਪੱਧਰ ਤੱਕ ਪੁੱਜ ਚੁੱਕਾ ਸੀ ਕਿ ਸਾਰੇ ਦੁਆਬੇ ਵਿਚ ਇਕ ਵੀ ਪਿੰਡ ਅਜਿਹਾ ਨਹੀਂ ਸੀ, ਜਿਹੜਾ ਉਜੜਿਆ ਹੋਵੇ। ਜ਼ਮੀਨ ਦਾ ਇਕ ਵੀ ਟੋਟਾ ਅਣਵਾਹਿਆ ਨਹੀਂ ਸੀ। ਦੁਆਬੇ ਦੀਆਂ ਹੱਦਾਂ ਤੋਂ ਬਾਹਰ, ਸਾਰੇ ਇਲਾਕਿਆਂ ਦੇ ਹਲਕਿਆਂ ਵਿਚ ਵੀ ਉਹੀ ਹਾਲਤ ਸੀ। ਖ਼ਾਸ ਕਰਕੇ ਸਮਾਣੇ ਦੇ ਹਲਕੇ ਵਿਚ ਇਕ ਕੋਹ ਦੇ ਅੰਦਰ-ਅੰਦਰ ਚਾਰ ਪਿੰਡ ਵੱਸੇ ਹੋਏ ਸਨ।"[64] ਪਰੰਤੂ, ਇਸ ਖ਼ੁਸ਼ਹਾਲੀ ਤੇ ਸੁਖ ਸ਼ਾਂਤੀ ਦਾ ਵਧੇਰੇ ਫ਼ਾਇਦਾ ਜਾਗੀਰਦਾਰ ਹੀ ਉਠਾ ਰਹੇ ਸਨ ਤੇ ਕਿਸਾਨ ਦੀ ਆਰਥਕ-ਸਮਾਜਕ ਹਾਲਤ ਬਦਤਰ ਹੁੰਦੀ ਜਾ ਰਹੀ ਸੀ ਅਤੇ ਉਹ ਆਪਸ ਵਿਚ ਲੜ ਰਹੇ ਜਾਗੀਰਦਾਰਾਂ ਦੇ ਜਬਰ-ਜ਼ੁਲਮ ਦਾ ਸ਼ਿਕਾਰ ਬਣਿਆ ਹੋਇਆ ਸੀ।[65] ਲਗਾਨ ਦੀ ਨਕਦੀ ਦੇ ਰੂਪ ਵਿਚ ਇਕੱਠਾ ਕਰਨ ਦੇ ਸਰਕਾਰੀ ਹੁਕਮਾਂ ਨੇ ਕਿਸਾਨੀ ਦੀ ਹਾਲਤ ਹੋਰ ਵੀ ਮੰਦੀ ਕਰ ਦਿੱਤੀ, ਕਿਉਂਕਿ ਲਗਾਨ ਦੇ ਨਕਦੀ ਦੇ ਰੂਪ ਵਿਚ ਅਦਾਇਗੀ ਲਈ ਕਿਸਾਨ ਲਈ ਕਰਜ਼ਾ ਲੈਣਾ ਮਜਬੂਰੀ ਬਣ ਗਿਆ ਤੇ ਕਰਜ਼ਾ ਵਾਪਸ ਨਾ ਕਰ ਸਕਣ ਦੀ ਸੂਰਤ ਵਿਚ ਉਸਨੂੰ ਮਾਲਕੀ ਵਾਲੀਆਂ ਜ਼ਮੀਨਾਂ ਤੋਂ ਵਾਂਝਿਆਂ ਹੋਣਾ ਪੈਂਦਾ ਸੀ, ਜਦਕਿ ਜਿਨਸ ਦੇ ਰੂਪ ਵਿਚ ਲਗਾਨ ਦੇਣਾ ਕਿਸਾਨੀ ਲਈ ਮੁਕਾਬਲਤਨ ਵਧੇਰੇ ਸੌਖਾ ਸੀ, ਕਿਉਂਕਿ ਜਾਗੀਰਦਾਰ ਦੇ ਖੇਤਾਂ ਵਿਚ ਕੰਮ ਕਰਕੇ ਵੀ ਇਸਨੂੰ ਚੁਕਾ ਸਕਦੀ ਸੀ। ਪਰੰਤੂ, ਨਕਦੀ ਦੀ ਸ਼ਰਤ ਨੇ ਕਿਸਾਨੀ ਨੂੰ ਜਾਗੀਰਦਾਰੀ ਦੇ ਚੁੰਗਲ ਵਿਚ ਫਸਾ ਦਿੱਤਾ। ਦੂਸਰਾ, ਜਾਗੀਰਦਾਰ ਦਾ ਲਗਾਨ ਇਕੱਠਾ ਕਰਨ ਦਾ ਢੰਗ ਵੀ ਬਹੁਤ ਨਿਰਦਈ ਕਿਸਮ

ਦਾ ਸੀ। ਉਹ ਮਿਲੇ ਹੋਏ ਫ਼ੌਜਦਾਰੀ ਅਧਿਕਾਰਾਂ ਦੀ ਬੇ-ਕਿਰਕੀ ਨਾਲ ਵਰਤੋਂ ਕਰਦੇ ਸਨ। ਇਸ ਸਾਰੇ ਕੁਝ ਦੇ ਸਿੱਟੇ ਵਜੋਂ ਕਿਸਾਨੀ ਵਿਚ ਬਹੁਤ ਬੇ-ਚੈਨੀ ਸੀ।[66]

ਸਿਰਫ਼ ਆਰਥਕ ਪੱਖੋਂ ਹੀ ਨਹੀਂ ਸਮਾਜਕ-ਸਾਂਸਕ੍ਰਿਤਿਕ ਪੱਖੋਂ ਵੀ ਸਾਧਾਰਣ ਲੋਕਾਂ ਦੀ ਹਾਲਤ ਮੰਦੀ ਸੀ। ਸਮੁੱਚੇ ਭਾਰਤ ਉੱਪਰ ਬ੍ਰਾਹਮਣਵਾਦ ਦੀ ਜਕੜ ਕਾਇਮ ਸੀ। ਇਕ ਪਾਸੇ ਜਾਤ-ਪਾਤ ਦੀ ਵੰਡ, ਦੂਸਰੇ ਪਾਸੇ ਹਕੂਮਤੀ ਜਬਰ ਤੇ ਆਰਥਕ ਲੁੱਟ ਕਾਰਣ ਸਾਧਾਰਣ ਲੋਕ ਮਾਨਵੀ ਵਖਰੇਵਿਆਂ ਦਾ ਬੁਰੀ ਤਰ੍ਹਾਂ ਸ਼ਿਕਾਰ ਸਨ ਅਤੇ ਇਨ੍ਹਾਂ ਵਖਰੇਵਿਆਂ ਦਾ ਕਾਰਣ ਉਨ੍ਹਾਂ ਦੇ ਪੂਰਬਲੇ ਜਨਮ ਦੇ ਮਾੜੇ ਕਰਮਾਂ ਵਿਚ ਦਰਸਾ ਕੇ ਤੇ ਉਨ੍ਹਾਂ ਵਿਚ ਇਸ ਪ੍ਰਤਿ ਕਿਸੇ ਪ੍ਰਕਾਰ ਦੀ ਤਬਦੀਲੀ ਦੀ ਤਾਂਘ ਨੂੰ ਰੱਬ ਦੀ ਰਜ਼ਾ ਦੇ ਵਿਰੋਧ ਵਿਚ ਜਾਣ ਵਾਲਾ ਕਦਮ ਦੱਸ ਕੇ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਅਜੇਹੀ ਹੀ ਜ਼ਿੰਦਗੀ ਦਾ ਪ੍ਰਪੰਚ ਰਚਿਆ ਜਾ ਰਿਹਾ ਸੀ ਤੇ ਬ੍ਰਾਹਮਣਵਾਦ ਆਪਣੇ ਹਿਤਾਂ ਦੀ ਖ਼ਾਤਿਰ ਇਸ ਨੂੰ ਧਰਮ ਦੀ ਸਵਿਕ੍ਰਿਤੀ ਦੇਣ ਦਾ ਠੇਕੇਦਾਰ ਵੀ ਬਣਿਆ ਹੋਇਆ ਸੀ। ਹਿੰਦੂ ਧਰਮ ਦੇ ਇਸ ਵਖਰੇਵੇਂ ਭਰੇ ਵਤੀਰੇ ਕਾਰਣ ਲੋਕ ਨਰਕ ਵਰਗੀ ਜ਼ਿੰਦਗੀ ਜਿਊਂਣ ਲਈ ਮਜਬੂਰ ਸਨ। ਹਾਕਮ ਧਿਰ ਤੇ ਧਰਮ, ਜਿਨ੍ਹਾਂ ਤੋਂ ਵਿਅਕਤੀ ਨੂੰ ਆਪਣੇ ਚੰਗੇ ਭਵਿੱਖ ਪ੍ਰਤਿ ਕੋਈ ਆਸ ਹੋ ਸਕਦੀ ਸੀ, ਦੋਵੇਂ ਹੀ ਮਨੁੱਖ ਵਿਰੋਧੀ ਕਿਰਦਾਰ ਨਿਭਾਉਣ ਵਿਚ ਮੋਹਰੀ ਸਨ।

ਅਜਿਹੇ ਨਿਰਾਸ਼ਾ ਭਰੇ ਸਮਾਜਕ ਵਾਤਾਵਰਣ ਵਿਚ ਸੂਫ਼ੀ ਫ਼ਕੀਰਾਂ ਤੋਂ ਇਲਾਵਾ ਭਗਤੀ ਲਹਿਰ, ਪੰਜਾਬ ਵਿਚ ਜਿਸ ਦੀ ਪ੍ਰਤਿਨਿੱਧਤਾ ਗੁਰੂ ਨਾਨਕ ਦੇਵ ਜੀ ਕਰ ਰਹੇ ਸਨ ਇਸ ਸਾਰੇ ਕੂੜ ਪਸਾਰੇ ਵਿਚ ਇਕ ਆਸ ਦੀ ਕਿਰਨ ਬਣ ਕੇ ਰਾਜਿਆਂ ਨੂੰ ਉਨ੍ਹਾਂ ਦਾ ਧਰਮ ਯਾਦ ਦਿਵਾਉਣ ਤੇ ਬ੍ਰਾਹਮਣਵਾਦ ਦੀ ਕੱਟੜਤਾ ਦੇ ਸੰਗਲਾਂ ਨੂੰ ਤੋੜਨ ਦਾ ਕੰਮ ਆਪਣੀਆਂ ਰਚਨਾਵਾਂ ਰਾਹੀਂ ਕਰ ਰਹੇ ਸਨ। ਪੰਜਾਬ ਨੂੰ ਇਕ ਵੱਖਰੀ-ਵਿਲੱਖਣ ਨੁਹਾਰ ਦੇਣ ਵਿਚ ਭਗਤੀ ਲਹਿਰ ਦਾ ਮਹੱਤਵਪੂਰਨ ਯੋਗਦਾਨ ਹੈ ਤੇ ਇਹ ਕਹਿਣਾ ਵੀ ਉਚਿਤ ਹੈ ਕਿ ਕਈ ਸਦੀਆਂ ਬਾਅਦ ਪੰਜਾਬ ਦੀ ਹਸਤੀ ਨੂੰ ਇਕ ਨਿਵੇਕਲਾ ਰੂਪ ਦੇਣ ਦਾ ਸੁਚੇਤ ਰੂਪ ਵਿਚ ਯਤਨ ਇਸ ਸਮੇਂ ਦੌਰਾਨ ਹੀ ਕੀਤਾ ਗਿਆ। ਇਸ ਲਹਿਰ ਨੇ ਲੋਕਾਂ ਨੂੰ ਜ਼ੁਲਮ ਦਾ ਟਾਕਰਾ ਕਰਨ ਲਈ ਆਤਮਕ ਤੌਰ 'ਤੇ ਹਥਿਆਰਬੰਦ ਕਰਨ ਦਾ ਮਹੱਤਵਪੂਰਨ ਕਾਰਜ

ਨਿਭਾਇਆ ਤੇ ਨਾਮ ਜਪਣ, ਵੰਡ ਛਕਣ ਤੇ ਕਿਰਤ ਕਰਨ ਦੀ ਪ੍ਰੇਰਣਾ ਦੇ ਕੇ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਕਿਰਤੀ ਦੇ ਸ੍ਵੈ-ਮਾਣ ਪ੍ਰਤਿ ਉਸਨੂੰ ਸੁਚੇਤ ਕੀਤਾ, ਉੱਥੇ ਇਸ ਲਹਿਰ ਰਾਹੀਂ ਇਕ ਅਜੇਹੀ ਸੋਚ ਨੂੰ ਵੀ ਲੋਕਾਂ ਦੀ ਰੂਹ ਦਾ ਹਿੱਸਾ ਬਣਾਉਣ ਵਿਚ ਯੋਗਦਾਨ ਪਾਇਆ ਤਾਂ ਕਿ ਲੋਕ ਅਣਖ ਤੇ ਸ੍ਵੈ-ਮਾਣ ਨਾਲ ਸਿਰ ਚੁੱਕ ਕੇ ਜਿਉਣ ਦੀ ਇੱਛਾ ਆਪਣੇ ਵਿਚ ਪੈਦਾ ਕਰ ਸਕਣ ਦੇ ਸਮਰਥ ਹੋਣ। ਲੋਕਾਂ ਵਿਚ ਅਜੇਹੀ ਭਾਵਨਾ ਦਾ ਸੰਚਾਰ ਕਰ ਸਕਣ ਦੇ ਯੋਗ ਹੋਣ ਕਰਕੇ ਹੀ ਸਿੱਖ ਲਹਿਰ ਇਕ ਸ਼ਕਤੀਸ਼ਾਲੀ ਲਹਿਰ ਬਣ ਕੇ ਉੱਭਰੀ ਤੇ ਮੁਗ਼ਲ ਸਾਮਰਾਜ ਦੇ ਖਾਤਮੇ ਲਈ ਵਾਤਾਵਰਣ ਤਿਆਰ ਕਰ ਸਕਣ ਦੇ ਯੋਗ ਹੋਈ, "ਇਹੋ ਦੌਰ ਹੈ ਜਿਸ ਵਿਚ ਪਹਿਲੀ ਵਾਰ ਹਰ ਪੱਖ ਤੋਂ ਪੰਜਾਬ ਦੀ ਸੁਤੰਤਰ, ਸਥੂਲ ਅਤੇ ਮੌਲਿਕ ਸਭਿਆਚਾਰਕ ਪਛਾਣ (Cultural Identity) ਸਥਾਪਿਤ ਹੁੰਦੀ ਹੈ। ਪੰਜਾਬ ਦੇ ਇਤਹਾਸ ਦੇ ਇਸ ਦੌਰ ਦਾ ਸਭ ਤੋਂ ਵਿਲੱਖਣ ਪੱਖ ਇਹ ਹੈ ਕਿ ਦੋ ਸਦੀਆਂ ਤੋਂ ਵੱਧ ਹਾਕਮ ਜਮਾਤਾਂ ਦੇ ਧਰਮ, ਸਾਹਿਤ, ਰਾਜਨੀਤੀ ਦੀ ਥਾਂ ਲੋਕ-ਹਿਤ ਪੈਂਤੜੇ ਵਾਲਾ ਧਰਮ, ਸਾਹਿਤ ਅਤੇ ਰਾਜਨੀਤੀ (ਸਿੱਖ ਲਹਿਰ ਦੇ ਰੂਪ ਵਿਚ) ਹੀ ਭਾਰੂ ਰਹੇ।"[67] ਸਿਖ ਲਹਿਰ ਨੇ ਜਿੱਥੇ ਲੋਕਾਂ ਵਿਚ ਅਧਿਆਤਮਕ ਉੱਚਤਾ ਪੈਦਾ ਕੀਤੀ ਉੱਥੇ ਰਾਜਿਆਂ-ਜਾਗੀਰਦਾਰਾਂ ਦੇ ਆਪਣੇ ਫ਼ਰਜ਼ ਤੋਂ ਮੂੰਹ ਮੋੜਨ 'ਤੇ ਲੋਕਾਂ ਪ੍ਰਤਿ ਜਵਾਬਦੇਹੀ ਵਾਲਾ ਰਵੱਈਆ ਨਾ ਅਪਨਾਉਣ ਦੇ ਖਿਲਾਫ਼ ਇਕ ਰੋਸ ਤੇ ਰੋਹ ਵੀ ਪੈਦਾ ਹੋ ਰਿਹਾ ਸੀ। ਸਮੁੱਚੇ ਹਾਲਾਤ ਪੰਜਾਬ ਦੀ ਕਿਸਾਨੀ ਉੱਪਰ ਵੀ ਅਸਰ-ਅੰਦਾਜ਼ ਹੋ ਰਹੇ ਸਨ, "17ਵੀਂ ਸਦੀ ਦੇ ਅੱਧ ਵਿਚ ਸਾਮੰਤੀ ਲੁੱਟ-ਖਸੁੱਟ ਕਾਰਣ ਕਿਸਾਨਾਂ ਦੀ ਤਬਾਹੀ ਤੇਜ਼ ਹੋਣ ਨਾਲ ਪੰਜਾਬ ਦੇ ਕਿਸਾਨਾਂ ਦੀ ਵੱਡੀ ਗਿਣਤੀ ਅਤੇ ਦਸਤਕਾਰ ਸਿੱਖਾਂ ਦੀਆਂ ਸਫ਼ਾਂ ਵਿਚ ਆ ਰਲੇ। ਮੁਗ਼ਲ ਸਾਮੰਤਾਂ ਦੇ ਜ਼ੁਲਮ ਕਾਰਣ ਮੁਗ਼ਲਾਂ ਦੀਆਂ ਵਿਰੋਧੀ ਤਾਕਤਾਂ ਦਿਨੋ-ਦਿਨ ਵਧੇਰੇ ਇਕਮੁੱਠ ਹੋ ਰਹੀਆਂ ਸਨ। ਕਿਸਾਨ ਵਿਸ਼ਾਲ ਮੁਗ਼ਲ ਵਿਰੋਧੀ ਲਹਿਰ ਵਿਚ ਸਾਮੰਤ ਵਿਰੋਧੀ ਜਮਾਤ ਦੀ ਪ੍ਰਤਿਨਿੱਧਤਾ ਕਰਦੇ ਸਨ।"[68] ਪੰਜਾਬ ਵਿਚ ਅਜਿਹਾ ਵਾਤਾਵਰਣ ਉਸਾਰਣ ਵਿਚ ਸਿੱਖ ਲਹਿਰ ਨੇ ਅਜਿਹਾ ਹਿੱਸਾ ਪਾਇਆ। ਸਿੱਖ ਗੁਰੂਆਂ ਤੋਂ ਬਾਅਦ ਇਸ ਮਿਸ਼ਨ ਨੂੰ ਬੰਦਾ ਸਿੰਘ ਬਹਾਦਰ ਨੇ ਹੋਰ ਅੱਗੇ ਵਧਾਉਂਦਿਆਂ ਜਿਮੀਂਦਾਰਾ ਪ੍ਰਬੰਧ ਦਾ ਖ਼ਾਤਮਾ ਕਰਕੇ ਵਾਹੀ ਕਰਨ

ਵਾਲਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ। ਇਸ ਨਾਲ ਸਮਾਜ ਦੇ ਹੇਠਲੇ ਵਰਗਾਂ ਦੀ ਸ਼ਮੂਲੀਅਤ ਸਿੱਖ ਧਰਮ ਵਿਚ ਹੋਰ ਵਧੀ।

ਮੁਗ਼ਲ ਕਾਲ ਦੇ ਅੰਤਿਮ ਸਮਿਆਂ ਵਿਚ ਉਪਰੋਕਤ ਸਥਿਤੀ ਇਕ ਵੱਖਰੀ ਸ਼ਕਲ ਧਾਰਨ ਕਰ ਗਈ। ਜਾਗੀਰਦਾਰਾਂ ਦੇ ਆਪਸੀ ਵਿਰੋਧ ਵਧੇਰੇ ਤਿੱਖੇ ਹੋ ਗਏ। ਇਨ੍ਹਾਂ ਵਿਰੋਧਾਂ ਕਾਰਣ ਕਿਸਾਨੀ ਦੀਆਂ ਵਿਸ਼ਾਲ ਪਰਤਾਂ ਦੀ ਅਤੇ ਸ਼ਹਿਰ ਦੇ ਵਪਾਰੀਆਂ ਤੇ ਕਾਰੀਗਰਾਂ ਦੀ ਹਾਲਤ ਨਿਘਰਦੀ ਜਾ ਰਹੀ ਸੀ ਅਤੇ ਇਹ ਵਰਗ ਨਾ ਸਿਰਫ਼ ਲੁੱਟ-ਖਸੁੱਟ ਭੋਗ ਰਿਹਾ ਸੀ, ਸਗੋਂ ਆਪਸ ਵਿਚ ਲੜ ਰਹੇ ਸਾਮੰਤਾਂ ਅਤੇ ਉਨ੍ਹਾਂ ਦੀਆਂ ਜ਼ਰਖ਼ਰੀਦ ਫ਼ੌਜਾਂ ਦੇ ਜਬਰ-ਜ਼ੁਲਮ ਅਤੇ ਮਾਰਧਾੜ ਦਾ ਸ਼ਿਕਾਰ ਹੋ ਰਿਹਾ ਸੀ। ਪੰਜਾਬ ਦੇ ਲੋਕਾਂ ਨੇ ਲਗਾਤਾਰ ਮੁਗ਼ਲ ਸਾਮਰਾਜ ਵਿਰੁੱਧ ਸੰਘਰਸ਼ ਤੋਂ ਬਾਅਦ ਮਿਸਲਾਂ ਦੇ ਰੂਪ ਵਿਚ ਆਪਣਾ ਦਬਦਬਾ ਤੇ ਰਾਜ ਕਾਇਮ ਕਰ ਲਿਆ। ਪਰੰਤੂ, ਇਹ ਮਿਸਲਾਂ ਵੀ ਲੋਕਾਂ ਨੂੰ ਲੋੜੀਂਦੀ ਸੁਰੱਖਿਆ ਤੇ ਭਰੋਸਾ ਦੇਣ ਵਿਚ ਕਾਮਯਾਬ ਨਾ ਹੋ ਸਕੀਆਂ, ਕਿਉਂਕਿ ਮਿਸਲਾਂ ਦੇ ਸਰਦਾਰ ਆਪਸ ਵਿਚ ਵੀ ਲੜਦੇ ਰਹਿੰਦੇ ਸਨ ਤੇ ਨਾ ਹੀ ਕੋਈ ਚੰਗੇਰਾ ਆਰਥਿਕ-ਸਮਾਜਕ ਪ੍ਰਬੰਧ ਹੀ ਇਹ ਮਿਸਲਾਂ ਉਸਾਰ ਸਕੀਆਂ। ਇਨ੍ਹਾਂ ਛੋਟੇ-ਛੋਟੇ ਸਥਾਨਕ ਰਾਜਾਂ ਦੇ ਮੁਕਾਬਲੇ ਇਕ ਸੰਗਠਿਤ ਸ਼ਕਤੀਸ਼ਾਲੀ ਰਾਜ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ ਤਾਂ ਜੋ ਲੋਕਾਂ ਵਿਚ ਸੁਰੱਖਿਆ ਦੇ ਭਰੋਸੇ ਨੂੰ ਬਹਾਲ ਕੀਤਾ ਜਾ ਸਕੇ ਤੇ ਪੰਜਾਬ ਦੀ ਟੁੱਟ ਰਹੀ ਆਰਥਿਕਤਾ ਨੂੰ ਪੈਰਾਂ ’ਤੇ ਖੜ੍ਹੀ ਕੀਤਾ ਜਾ ਸਕੇ। ਰਣਜੀਤ ਸਿੰਘ ਨੇ ਪੰਜਾਬੀਆਂ ਦੀ ਇਸ ਲੋੜ ਨੂੰ ਪੂਰਿਆਂ ਕੀਤਾ।[69] ਰਣਜੀਤ ਸਿੰਘ ਨੇ ਸਤਲੁਜ ਦਰਿਆ ਤੱਕ ਦੇ ਪੰਜਾਬ ਨੂੰ 1801 ਈ. ਤੱਕ ਆਪਣੇ ਰਾਜ ਅਧੀਨ ਕਰ ਲਿਆ। ਪਰੰਤੂ ਕੁਝ ਰਿਆਸਤਾਂ ਤੇ ਸਤਲੁਜ ਤੋਂ ਪਾਰ ਦੇ ਇਲਾਕੇ ਉਸਦੇ ਰਾਜ ਦਾ ਹਿੱਸਾ ਨਾ ਬਣ ਸਕੇ। ਇਨ੍ਹਾਂ ਰਿਆਸਤਾਂ ਵਿਚ ਲਗਾਨ ਇਕੱਠਾ ਕਰਨ ਦਾ ਢੰਗ ਵੱਖਰਾ ਸੀ। ਸਾਰਾ ਮਾਲੀਆ ਪਿੰਡ ਦਾ ਮੁਖੀ ਇਕੱਠਾ ਕਰਦਾ ਸੀ, ਜਿਸਦੇ ਬਦਲੇ ਉਸਨੂੰ ਕਈ ਰਿਆਇਤਾਂ ਦਿੱਤੀਆਂ ਜਾਂਦੀਆਂ ਸਨ। ਰਣਜੀਤ ਸਿੰਘ ਵੀ ਆਪਣੇ ਰਾਜ ਸਮੇਂ ਆਰਥਕ ਢਾਂਚੇ ਵਿਚ ਕੋਈ ਬੁਨਿਆਦੀ ਤਬਦੀਲੀ ਨਾ ਲਿਆ ਸਕਿਆ। ਸਗੋਂ ਪ੍ਰਬੰਧਕੀ ਢਾਂਚੇ ਤੇ ਲਗਾਨ ਪ੍ਰਬੰਧ ਵਿਚ ਮੁਗ਼ਲ ਸ਼ਾਸਕਾਂ ਦਾ ਅਨੁਸਰਣ ਕਰਦਾ ਹੀ

ਨਜ਼ਰ ਆਉਂਦਾ ਹੈ।[70] ਉਸ ਵੇਲੇ ਲਗਾਨ ਇਕੱਠਾ ਕਰਨ ਲਈ ਮੁੱਖ ਤੌਰ ’ਤੇ ਚਾਰ ਢੰਗ ਅਪਣਾਏ ਜਾਂਦੇ ਸਨ :

1. ਬਟਾਈ ਪ੍ਰਣਾਲੀ : ਇਹ ਪ੍ਰਬੰਧ ਮੁਗ਼ਲ ਸ਼ਾਸਕਾਂ ਵਾਲਾ ਸੀ, ਜਿਸ ਅਧੀਨ ਫ਼ਸਲ ਦਾ ਕੁਝ ਹਿੱਸਾ ਲਗਾਨ ਦੇ ਰੂਪ ਵਿਚ ਲਿਆ ਜਾਂਦਾ ਸੀ। ਕਿਸਾਨੀ ਲਈ ਲਗਾਨ ਦਾ ਇਹ ਢੰਗ ਲਾਹੇਵੰਦ ਸੀ, ਕਿਉਂਕਿ ਫ਼ਸਲ ਖ਼ਰਾਬ ਹੋ ਜਾਣ ਦੀ ਸੂਰਤ ਵਿਚ ਇਹ ਲਗਾਨ ਆਪਣੇ-ਆਪ ਹੀ ਘਟ ਜਾਂਦਾ ਸੀ।
2. ਕਣਕੂਤ ਪ੍ਰਣਾਲੀ : ਇਹ ਪ੍ਰਣਾਲੀ 1824 ਈ. ਵਿਚ ਸ਼ੁਰੂ ਕੀਤੀ ਗਈ। ਇਸ ਅਨੁਸਾਰ ਖੜੀ ਫ਼ਸਲ ਦੇਖ ਕੇ ਲਗਾਨ ਦਾ ਅੰਦਾਜ਼ਾ ਲਗਾ ਕੇ ਇਸ ਨੂੰ ਨਕਦੀ ਦੇ ਰੂਪ ਵਿਚ ਉਗਰਾਹਿਆ ਜਾਂਦਾ ਸੀ।
3. ਨਕਦੀ ਪ੍ਰਣਾਲੀ : ਗੰਨਾ, ਕਪਾਹ, ਮਿਰਚਾ ਆਦਿ ਵਰਗੀਆਂ ਫ਼ਸਲਾਂ ਦਾ ਲਗਾਨ ਨਕਦੀ ਦੇ ਰੂਪ ਵਿਚ ਲਿਆ ਜਾਂਦਾ ਸੀ।
4. ਭੂਮੀ ਠੇਕਾ ਪ੍ਰਣਾਲੀ : ਇਸ ਪ੍ਰਣਾਲੀ ਅਨੁਸਾਰ ਸਰਕਾਰੀ ਅਧਿਕਾਰੀ ਸਰਕਾਰ ਨਾਲ ਲਗਾਨ ਦਾ ਠੇਕਾ ਤੈਅ ਕਰ ਲੈਂਦੇ ਸਨ ਤੇ ਠੇਕੇਦਾਰ ਲਗਾਨ ਦੀ ਉਗਰਾਹੀ ਕਰਦੇ ਸਨ।[71]

ਜ਼ਮੀਨ ਨਾਲ ਸੰਬੰਧਿਤ ਉਪਰੋਕਤ ਟੈਕਸਾਂ ਤੋਂ ਇਲਾਵਾ ਕੁਝ ਹੋਰ ਟੈਕਸ ਵੀ ਲੋਕਾਂ ਤੋਂ ਇਕੱਠੇ ਕੀਤੇ ਜਾਂਦੇ ਸਨ ਜਿਸ ਵਿਚ ਪਿੰਡ ਜਾਂ ਇਲਾਕੇ ਵਿਚ ਆਉਣ ਵਾਲੇ ਸਰਕਾਰੀ ਅਧਿਕਾਰੀਆਂ/ਅਹਿਲਕਾਰਾਂ ’ਤੇ ਹੋਣ ਵਾਲੇ ਖਰਚਾਂ ਦੀ ਪੂਰਤੀ ਕੀਤੀ ਜਾਂਦੀ ਸੀ।[72] ਰਣਜੀਤ ਸਿੰਘ ਨੇ ਰਾਜ-ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਈ ਪ੍ਰਬੰਧਕੀ ਸੁਧਾਰ ਵੀ ਕੀਤੇ ਤੇ ਸਮੁੱਚੇ ਰਾਜ ਨੂੰ ਚਾਰ ਭਾਗਾਂ ਵਿਚ ਵੰਡ ਕੇ ਵੱਖ-ਵੱਖ ਮਹਿਕਮੇ ਕਾਇਮ ਕੀਤੇ। ਇਹ ਚਾਰ ਸੂਬੇ ਅੱਗੋਂ ਪਰਗਣਿਆਂ ਤੇ ਪਰਗਣੇ ਅੱਗੋਂ ਤਅੱਲਕਿਆਂ ਵਿਚ ਵੰਡੇ ਹੋਏ ਸਨ ਜਿਨ੍ਹਾਂ ਵਿਚ 50 ਤੋਂ 100 ਪਿੰਡ ਸਨ ਤੇ ਲਗਾਨ ਇਕੱਠਾ ਕਰਨ ਵਾਲਿਆਂ ਨੂੰ ਲਗਾਨ ਦਾ 5 ਫ਼ੀਸਦੀ ’ਤੇ ਖੇਤੀ ਲਈ ਜ਼ਮੀਨ ਬਿਨਾਂ ਲਗਾਨ ਤੋਂ ਦਿੱਤੀ ਜਾਂਦੀ ਸੀ।[73] ਇਸ ਤੋਂ ਇਲਾਵਾ ਕਿਸਾਨੀ ਪਿਛੋਕੜ ਦਾ ਹੋਣ ਕਰਕੇ ਰਣਜੀਤ ਸਿੰਘ ਨੇ ਕੁਝ

ਜ਼ਮੀਨੀ ਸੁਧਾਰ ਵੀ ਕੀਤੇ। ਪੰਜਾਬ ਦੀ ਕਿਸਾਨੀ ਵਿਚੋਂ ਬਹੁ-ਗਿਣਤੀ ਸਿੱਖ ਧਰਮ ਨਾਲ ਸੰਬੰਧਿਤ ਹੋਣ ਕਰਕੇ ਇਸ ਜਮਾਤ ਦੇ ਦਬਾਅ ਹੇਠ ਅਜੇਹਾ ਕਰਨਾ ਉਸਦੀ ਇਕ ਜ਼ਰੂਰਤ ਵੀ ਸੀ ਤੇ ਦੂਸਰੇ ਫ਼ੌਜ ਦੀ ਭਰਤੀ ਦਾ ਕੇਂਦਰ ਵੀ ਕਿਸਾਨੀ ਹੀ ਸੀ। ਇਸ ਲਈ ਕਿਸਾਨੀ ਨੂੰ ਹਰ ਪੱਖੋਂ ਸੰਤੁਸ਼ਟ ਰੱਖਣਾ ਤੇ ਉਸਦੇ ਹਿਤਾਂ ਪ੍ਰਤਿ ਫ਼ਿਕਰਮੰਦ ਹੋਣਾ ਰਣਜੀਤ ਸਿੰਘ ਦੀ ਜ਼ਰੂਰਤ ਕਹੀ ਜਾ ਸਕਦੀ ਹੈ। ਸਰਕਾਰੀ ਖ਼ਰਚਿਆਂ ਦੀ ਪੂਰਤੀ ਲਈ ਮਾਲੀਏ ਵਿਚ ਵਾਧਾ ਕਰਨਾ ਵੀ ਜ਼ਰੂਰੀ ਸੀ। ਇਸ ਲਈ ਭੂਮੀ ਸੁਧਾਰਾਂ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਰਣਜੀਤ ਸਿੰਘ ਦਾ ਕਿਸਾਨਾਂ ਪ੍ਰਤਿ ਰਵੱਈਆ ਉਦਾਰਤਾ ਵਾਲਾ ਸੀ। ਇੱਥੋਂ ਤਕ ਕਿ ਲਗਾਨ ਇਕੱਠਾ ਕਰਨ ਵਾਲੇ ਅਹਿਲਕਾਰਾਂ ਦੇ ਰਵੱਈਏ ਖ਼ਿਲਾਫ਼ ਸ਼ਿਕਾਇਤ ਕੀਤੀ ਜਾ ਸਕਦੀ ਸੀ ਅਤੇ ਜ਼ਮੀਨ ਦੇ ਮਾਮਲੇ ਸੰਬਧੀ ਵੀ ਕਿਸਾਨੀ ਨੂੰ ਕਈ ਰਿਆਇਤਾਂ ਹਾਸਲ ਸਨ ਤੇ ਮਾਮਲਾ ਜ਼ਮੀਨ ਦੀਆਂ ਕਿਸਮਾਂ ਦੇ ਆਧਾਰ ’ਤੇ ਮੁਕੱਰਰ ਕੀਤਾ ਜਾਂਦਾ ਸੀ। ਲਾਹੌਰ ਵਰਗੇ ਉਪਜਾਊ ਜ਼ਮੀਨ ਤੇ ਸਿੰਜਾਈ ਸਹੂਲਤਾਂ ਵਾਲੇ ਇਲਾਕੇ ਦੇ ਮੁਕਾਬਲੇ ਮੁਲਤਾਨ ਵਿਚ ਮਾਮਲਾ ਘੱਟ ਸੀ।[74] ਇਸ ਤੋਂ ਇਲਾਵਾ ਹੋਰ ਵੀ ਸਹੂਲਤਾਂ ਕਿਸਾਨੀ ਨੂੰ ਹਾਸਲ ਸਨ। ਪਰ, ਇਸਦੇ ਬਾਵਜੂਦ ਇਹ ਸਮੁੱਚਾ ਵਾਤਾਵਰਣ ਕਿਸਾਨੀ ਲਈ ਸਿਰਫ਼ ਮਾਨਸਿਕ ਰਾਹਤ ਹੀ ਸਾਬਤ ਹੋਇਆ, ਉਸਦੀ ਆਰਥਕਤਾ ਵਿਚ ਕੋਈ ਗੁਣਾਤਮਕ ਪਰਿਵਰਤਨ ਨਾ ਵਾਪਰਿਆ ਅਤੇ ਸਮਾਜਕ ਪੱਧਰ ’ਤੇ ਵੀ ਜਾਤ-ਪਾਤ ਤੇ ਬ੍ਰਾਹਮਣਵਾਦ, ਜਿਸਦੇ ਖਿਲਾਫ਼ ਸਿੱਖ ਲਹਿਰ ਨੇ ਇਕ ਲੰਮੀ ਤੇ ਫ਼ੈਸਲਾਕੁੰਨ ਲੜਾਈ ਲੜੀ ਸੀ, ਫਿਰ ਵਿਵਸਥਾ ਦਾ ਹਿੱਸਾ ਬਣ ਗਿਆ।[75]

ਰਣਜੀਤ ਸਿੰਘ ਦਾ ਰਾਜ ਅਸਲ ਵਿਚ ਅੰਗਰੇਜ਼ ਸਾਮਰਾਜ ਤੋਂ ਬਾਹਰ ਸੀ। ਇਸ ਲਈ ਜਾਗੀਰਦਾਰ ਪ੍ਰਬੰਧ ਦੇ ਵਿਗਸਣ ਲਈ ਕਾਫ਼ੀ ਮੌਕੇ ਸਨ। ਪਰ ਪੈਦਾਵਾਰੀ ਸ਼ਕਤੀਆਂ ਦੀ ਬੁਨਿਆਦੀ ਤਬਦੀਲੀ ਦੀ ਅਣਹੋਂਦ ਢਹਿ ਰਹੀ ਜਾਗੀਰਦਾਰੀ ਨੂੰ ਸਹਾਰਾ ਨਾ ਦੇ ਸਕੀ। ਉਸ ਸਮੇਂ ਦੀਆਂ ਪੈਦਾਵਾਰੀ ਸ਼ਕਤੀਆਂ ਨੇ ਜਮਾਤੀ ਵੰਡ ਕਾਫ਼ੀ ਤੇਜ਼ ਕਰ ਦਿੱਤੀ। ਕਿਸਾਨੀ ਤੇ ਜਾਗੀਰਦਾਰੀ ਵਿਚ ਵਿਰੋਧ ਲਗਾਤਾਰ ਵਧ ਰਹੇ ਸਨ। ਸਿੱਖ ਜਾਗੀਰਦਾਰ ਵੱਡੀਆਂ ਮਿਲਖਾਂ ਦੇ ਮਾਲਕ ਸਨ। ਦੂਸਰੇ ਪਾਸੇ, ਉਨ੍ਹਾਂ ਦੇ ਮੁਜ਼ਾਰੇ ਵੀ ਸਿੱਖ ਸਨ। ਇਸ ਸਮੇਂ ਦਸਤਕਾਰ ਜਮਾਤ ਤੇਜ਼ੀ ਨਾਲ ਵਧ-ਫੁੱਲ ਰਹੀ

ਸੀ ਤੇ ਕਿਸਾਨੀ, ਦਸਤਕਾਰ ਤੇ ਵਪਾਰੀ ਜਮਾਤ ਦੇ ਮਨਾਂ ਵਿਚ ਜਾਗੀਰਦਾਰੀ ਪ੍ਰਤਿ ਇਕ ਰੋਸ ਪੈਦਾ ਹੋ ਰਿਹਾ ਸੀ। ਇਸ ਰੋਸ ਦੇ ਰੋਹ ਵਿਚ ਬਦਲਣ ਦੀਆਂ ਭਾਵੇਂ ਕੋਈ ਸੰਭਾਵਨਾਵਾਂ ਪੈਦਾ ਨਹੀਂ ਸਨ ਹੋ ਰਹੀਆਂ, ਪਰ 1839 ਈ. ਵਿਚ ਰਣਜੀਤ ਸਿੰਘ ਦੀ ਮੌਤ ਨੇ ਇਸ ਇਕ-ਪੁਰਖੀ ਰਾਜ ਦਾ ਖਾਤਮਾ ਕਰ ਦਿੱਤਾ। ਰਣਜੀਤ ਸਿੰਘ ਦਾ ਕੋਈ ਵੀ ਵਾਰਸ ਇਸ ਸ਼ਕਤੀਸ਼ਾਲੀ ਸਾਮਰਾਜ ਦੀ ਵਾਗਡੋਰ ਸੰਭਾਲ ਸਕਣ ਦੇ ਸਮਰਥ ਨਹੀਂ ਸੀ। ਸਿੱਖ ਸਰਦਾਰਾਂ ਦੀ ਆਪਸੀ ਖਹਿਬਾਜ਼ੀ ਤੇ ਈਰਖ਼ਾ ਅਤੇ ਸਾਜ਼ਸ਼ਾਂ ਨੇ ਰਲ ਮਿਲ ਕੇ ਜਲਦੀ ਹੀ ਇਸ ਰਾਜ ਨੂੰ ਇਤਿਹਾਸ ਦੀ ਵਸਤ ਬਣਾ ਦਿੱਤਾ।

ਇਸ ਤਰ੍ਹਾਂ ਪੰਜਾਬ ਦੇ ਇਤਿਹਾਸ ਦਾ ਅਧਿਐਨ ਇਸ ਤੱਥ ਨੂੰ ਪੂਰੀ ਤਰ੍ਹਾਂ ਸਾਬਤ ਕਰਦਾ ਹੈ ਕਿ ਕਦੇ ਵੀ ਲੰਮਾ ਸਮਾਂ ਪੰਜਾਬੀਆਂ ਨੂੰ ਸੁਖ-ਸ਼ਾਂਤੀ ਨਾਲ ਰਹਿਣਾ ਨਸੀਬ ਨਹੀਂ ਹੋਇਆ। ਲਗਾਤਾਰ ਬਾਹਰੋਂ ਹਮਲਾਵਾਰ ਆਉਂਦੇ ਰਹੇ ਤੇ ਤਾਕਤ ਦੇ ਜ਼ੋਰ ਨਾਲ ਇੱਥੇ ਰਾਜ-ਕਾਇਮ ਕਰਦੇ ਰਹੇ, ਇਨ੍ਹਾਂ ਨੇ ਸਦੀਆਂ ਤੱਕ ਗ਼ੁਲਾਮ ਰਹਿ ਕੇ ਵੀ ਕਦੇ ਮਾਨਸਿਕ ਤੌਰ 'ਤੇ ਗ਼ੁਲਾਮੀ ਨੂੰ ਸਵੀਕਾਰ ਨਹੀਂ ਕੀਤਾ। ਪੰਜਾਬੀਆਂ ਦੀ ਇਹ ਵਿਲੱਖਣ ਮਾਨਸਿਕਤਾ ਹੀ ਉਨ੍ਹਾਂ ਦੀ ਜੀਵਨ-ਜਾਚ ਵਿਚੋਂ ਉਜਾਗਰ ਹੁੰਦੀ ਹੈ, ਪੰਜਾਬ ਦੇ ਇਤਿਹਾਸ ਦਾ ਜੇ ਗਹੁ ਨਾਲ ਡੂੰਘਾ ਅਧਿਐਨ ਕੀਤਾ ਜਾਵੇ ਤਾਂ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਹਜ਼ਾਰ-ਹਾ-ਸਾਲ ਤਬਾਹੀ ਅਤੇ ਲਗਾਤਾਰ ਮੁੜ ਉਸਾਰੀ ਦਾ ਅਮਲ ਹੀ ਪੰਜਾਬ ਦੇ ਇਤਿਹਾਸ ਦਾ ਦੂਸਰਾ ਨਾਮ ਹੈ।''[76]

ਪੰਜਾਬ ਵਿਚ ਅਜੇਹਾ ਵਾਪਰਣ ਦਾ ਵੱਡਾ ਕਾਰਣ ਇਸ ਦੀ ਭੂਗੋਲਿਕ ਸਥਿਤੀ ਸੀ, ਜਿਸ ਕਰਕੇ ਇਹ ਆਦਿ-ਕਾਲ ਤੋਂ ਵਿਦੇਸ਼ੀ ਹਮਲਾਵਰਾਂ ਲਈ ਦਰਵਾਜ਼ਾ ਬਣਿਆ ਰਿਹਾ ਹੈ। 1839 ਈ. ਵਿਚ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਸਾਮਰਾਜ ਦਾ ਹਿੱਸਾ ਬਣਾਉਣ ਲਈ ਯਤਨ ਆਰੰਭੇ ਤਾਂ ਸਥਿਤੀ ਪਹਿਲਾਂ ਨਾਲੋਂ ਮੂਲੋਂ ਹੀ ਵੱਖਰੀ ਸੀ। ਇਹ ਇਸ ਖਿੱਤੇ ਦਾ ਆਖਰੀ ਸੂਬਾ ਸੀ, ਜੋ ਅੰਗਰੇਜ਼ ਸਾਮਰਾਜ ਦਾ ਹਿੱਸਾ ਬਣ ਰਿਹਾ ਸੀ, ਕਿਉਂਕਿ ਅੰਗਰੇਜ਼ ਸਮੁੰਦਰ ਦੇ ਰਸਤੇ ਭਾਰਤ ਵਿਚ ਦਾਖ਼ਲ ਹੋਏ ਸਨ ਤੇ ਪੰਜਾਬ ਸਮੁੰਦਰ ਤੋਂ ਬਹੁਤ ਦੂਰ ਸੀ। 1845-46 ਤੇ 1848-49 ਦੀਆਂ ਐਂਗਲੋ-ਸਿੱਖ ਲੜਾਈਆਂ ਤੋਂ ਬਾਅਦ 29 ਮਾਰਚ 1849 ਈ. ਨੂੰ

ਪੰਜਾਬ ਵੀ ਸਾਮਰਾਜ ਅਧੀਨ ਹੋ ਗਿਆ। ਹਿੰਦੁਸਤਾਨ ਦੀ ਗ਼ੁਲਾਮੀ ਦੇ ਜਿੱਥੇ ਬਹੁਤ ਸਾਰੇ ਆਰਥਕ-ਰਾਜਨੀਤਿਕ ਕਾਰਣ ਲੱਭੇ ਜਾ ਸਕਦੇ ਹਨ ਉੱਥੇ ਸਦੀਆਂ ਤੋਂ ਉਸਰੇ ਜਾਤ-ਪਾਤ ਵਾਲੇ ਢਾਂਚੇ ਤੇ ਧਾਰਮਕ ਕੱਟੜਤਾ ਨੇ ਵੀ ਇਸ ਵਿਚ ਅਹਿਮ ਰੋਲ ਨਿਭਾਇਆ। ਮਾਰਕਸ ਮੁਤਾਬਿਕ ਇਹ ਗ਼ੁਲਾਮੀ ਤਾਂ ਇਸ ਦੇਸ਼ ਦੀ ਹੋਣੀ ਹੀ ਸੀ।[77]

1849 ਈ. ਵਿਚ ਭਾਰਤ ਦੇ ਨਾਲ-ਨਾਲ ਪੰਜਾਬ ਨੂੰ ਵੀ ਆਪਣੇ ਸਾਮਰਾਜ ਦਾ ਹਿੱਸਾ ਬਣਾਉਣਾ ਬਰਤਾਨਵੀ ਸਾਮਰਾਜ ਦੀ ਇਕ ਰਾਜਨੀਤਿਕ ਜ਼ਰੂਰਤ ਸੀ, ਹਾਲਾਂਕਿ ਆਰਥਕ ਪੱਖੋਂ ਸਾਮਰਾਜ ਨੂੰ ਇਸ ਪ੍ਰਤਿ ਬਹੁਤੀ ਖਿੱਚ ਨਹੀਂ ਸੀ ਕਿਉਂਕਿ ਸਿੱਖ ਰਾਜ ਦੌਰਾਨ ਪੰਜਾਬ ਦਾ ਵਧੇਰੇ ਇਲਾਕਾ ਸੋਕਾਗ੍ਰਸਤ ਸੀ ਜਿੱਥੇ ਸਿਰਫ਼ ਦਰਿਆਈ ਤੇ ਨੀਮ-ਪਹਾੜੀ ਇਲਾਕਿਆਂ ਵਿਚ ਹੀ ਖੇਤੀ ਕੀਤੀ ਜਾਂਦੀ ਸੀ। ਕਿਉਂਕਿ ਇਸ ਇਲਾਕੇ ਵਿਚ ਹੀ ਸਿੰਜਾਈ ਦੀਆਂ ਸਹੂਲਤਾਂ ਉਪਲਬਧ ਹੋ ਸਕਦੀਆਂ ਸਨ। ਇਸੇ ਕਰਕੇ ਆਬਾਦੀ ਦਾ ਵੀ ਵਧੇਰੇ ਬੋਝ ਬਰਾਨੇ ਇਲਾਕਿਆਂ ਦੀ ਬਜਾਇ ਨੀਮ ਪਹਾੜੀ ਜਾਂ ਅਰਧ-ਪਹਾੜੀ ਇਲਾਕਿਆਂ ਵਾਲੇ ਜ਼ਿਲ੍ਹੇ ਅੰਬਾਲਾ, ਹੁਸ਼ਿਆਰਪੁਰ ਤੇ ਗੁਰਦਾਸਪੁਰ ਵਿਚ ਵਧੇਰੇ ਸੀ।[78] ਪਰ ਇਸ ਦੇ ਬਾਵਜੂਦ ਰਾਜਨੀਤਿਕ ਸਥਿਰਤਾ ਤੇ ਸਾਮਰਾਜ ਦੀ ਪੱਕੇ ਪੈਰੀਂ ਸਥਾਪਤੀ ਲਈ ਇਸਨੂੰ ਸਾਮਰਾਜ ਦਾ ਹਿੱਸਾ ਬਣਾਉਣਾ ਜ਼ਰੂਰੀ ਸੀ। ਜਦੋਂ ਇਥੇ ਵੀ ਸਿੰਜਾਈ ਦੀਆਂ ਸਹੂਲਤਾਂ ਪ੍ਰਾਪਤ ਹੋ ਗਈਆਂ ਤਾਂ ਇਹ ਬੰਜਰ ਭੂਮੀ ਉਪਜਾਊ ਭੂਮੀ ਵਿਚ ਤਬਦੀਲ ਹੋ ਕੇ ਸਾਮਰਾਜ ਲਈ ਸੋਨੇ ਦੀ ਖਾਣ ਬਣ ਗਈ ਸੀ।

ਪੰਜਾਬ ਤੋਂ ਬਾਹਰ ਸਰਮਾਏਦਾਰੀ ਪ੍ਰਬੰਧ ਵਿਕਸਿਤ ਹੋ ਰਿਹਾ ਸੀ। ਇਸ ਪ੍ਰਬੰਧ ਦੀ ਸੰਚਾਲਕ ਸ਼ਕਤੀ ਸ਼ਹਿਰੀ ਮੱਧ ਵਰਗ ਸੀ। ਇਹ ਵਰਗ ਸਾਮਰਾਜ ਦੀ ਮੰਡੀ ਦੀ ਕੰਗਰੋੜ ਸੀ। ਮੰਡੀ ਵਿਚ ਆਜ਼ਾਦ ਤੌਰ 'ਤੇ ਵਿਚਰਣ ਵਾਲੀ ਇਹ ਸ਼੍ਰੇਣੀ ਅੰਗਰੇਜ਼ਾਂ ਦੀ ਬਰਾਬਰੀ ਲਈ ਯਤਨਸ਼ੀਲ ਸੀ। ਖੁੱਲ੍ਹੇ ਮੁਕਾਬਲੇ ਵਾਲੇ ਮੰਡੀ ਪ੍ਰਬੰਧ ਵਿਚ ਸੀਮਤ ਮੌਕਿਆਂ 'ਤੇ ਰਿਆਇਤਾਂ ਦੇ ਬਾਵਜੂਦ ਇਹ ਵਰਗ ਸ਼ਾਮਲ ਹੋ ਰਿਹਾ ਸੀ। ਸਦੀਆਂ ਦੀ ਗ਼ੁਲਾਮੀ ਵਾਲੀ ਮਾਨਸਿਕਤਾ ਲਈ ਇਹ ਇਕ ਰਾਹਤ ਸੀ, ਇਸਦਾ ਅਸਰ ਪੰਜਾਬ ਦੇ ਜਨਜੀਵਨ ਉੱਪਰ ਪੈਣਾ ਸੁਭਾਵਿਕ ਸੀ। ਪੰਜਾਬ ਦੀ ਜਾਗੀਰਦਾਰੀ ਤੇ

ਸ਼ਾਹੂਕਾਰ ਵਰਗ ਆਪਣੇ ਸਰਮਾਏ ਲਈ ਨਵੇਂ ਮੌਕਿਆਂ ਦੀ ਤਲਾਸ਼ ਵਿਚ ਸਥਾਪਿਤ ਆਰਥਕ ਪ੍ਰਬੰਧ ਵਿਚ ਪਰਿਵਰਤਨ ਚਾਹੁੰਦੇ ਸਨ। ਮੁਜ਼ਾਰਾ ਵਰਗ ਵੀ ਪਰੰਪਰਾਗਤ ਪ੍ਰਬੰਧ ਤੋਂ ਸੰਤੁਸ਼ਟ ਨਹੀਂ ਸੀ। ਇਹ ਵਰਗ ਵੀ ਜਾਗੀਰਦਾਰੀ ਦੇ ਜੂਲੇ ਹੇਠੋਂ ਨਿਕਲਣਾ ਚਾਹੁੰਦਾ ਸੀ। ਮਜ਼ਦੂਰ ਵਰਗ ਦੀ ਦਸ਼ਾ ਵਿਚ ਵੀ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਕੋਈ ਸੁਖਾਵਾਂ ਪਰਿਵਰਤਨ ਨਹੀਂ ਆਇਆ ਸੀ। ਮਜ਼ਦੂਰ ਵੀ ਸਦੀਆਂ ਤੋਂ ਚਲੇ ਆ ਰਹੇ ਵਗਾਰ ਪ੍ਰਬੰਧ ਤੋਂ ਦੁਖੀ ਸਨ। ਪਿੰਡਾਂ ਵਿਚ ਉਨ੍ਹਾਂ ਦੇ ਰਹਿਣ ਸਥਾਨ 'ਤੇ ਪਾਣੀ ਭਰਨ ਲਈ ਖੂਹ ਵਖਰੇ ਸਨ। ਮਜ਼ਦੂਰੀ ਜਿਨਸ ਦੀ ਸ਼ਕਲ ਵਿਚ ਤੇ ਘੱਟ ਮਾਤਰਾ ਵਿਚ ਮਿਲਦੀ ਸੀ। ਪੰਜਾਬ ਦਾ ਆਰਥਕ ਵਿਕਾਸ ਅਗਲੇ ਦੌਰ ਵਿਚ ਦਾਖ਼ਲ ਹੋਣ ਤੋਂ ਅਸਮਰਥ ਸੀ। ਸਮਾਜ ਵਿਚਲੇ ਅੰਤਰ-ਵਿਰੋਧ ਅਤੇ ਪੰਰਪਰਾਗਤ ਪੈਦਾਵਾਰ ਸ਼ਕਤੀਆਂ ਨੇ ਆਖ਼ਰਕਾਰ ਪੰਜਾਬ ਨੂੰ ਉਨ੍ਹੀਵੀਂ ਸਦੀ ਦੇ ਪੰਜਵੇਂ ਦਹਾਕੇ ਵਿਚ ਬਰਤਾਨਵੀ ਸਾਮਰਾਜ ਦਾ ਹਿੱਸਾ ਬਣਾ ਦਿੱਤਾ ਕਿਉਂਕਿ, ''ਪੰਜਾਬ ਵਿਚ ਬੁਰਜੁਆ ਜਮਾਤ ਪੈਦਾ ਨਾ ਹੋ ਸਕੀ, ਦੂਸਰੇ ਸ਼ਬਦਾਂ ਵਿਚ ਫਿਊਡਲ ਆਰਥਕਤਾ ਨੂੰ ਖੋਰ ਕੇ ਸਰਮਾਏਦਾਰੀ ਸਥਾਪਤ ਨਾ ਹੋ ਸਕੀ।''[79] ਇਹ ਆਰਥਕ-ਸਮਾਜਕ ਤੇ ਰਾਜਨੀਤਿਕ ਸਥਿਤੀਆਂ ਬਸਤੀਵਾਦੀ ਗ਼ੁਲਾਮੀ ਲਈ ਸਹਾਇਕ ਸਾਬਤ ਹੋਈਆਂ। ਪਰੰਤੂ, ਅੰਗਰੇਜ਼ ਸਾਮਰਾਜ ਨੇ ਮੁਢਲੇ ਰੂਪ ਵਿਚ ਜਾਗੀਰਦਾਰੀ ਪ੍ਰਬੰਧ ਨੂੰ ਵਿਸਥਾਪਿਤ ਕਰਨ ਦੀ ਥਾਂ ਉਸਨੂੰ ਰਾਜ-ਤੰਤਰ ਦਾ ਹਿੱਸਾ ਬਣਾ ਲਿਆ। ਅੰਗਰੇਜ਼ ਸਾਮਰਾਜ ਅਤੇ ਸਿੱਖ ਜਾਗੀਰਦਾਰਾਂ ਵਿਚ ਇਕ ਸੰਧੀ ਹੋ ਗਈ। ਜਾਗੀਰਦਾਰ ਅਤੇ ਸਰਮਾਏਦਾਰੀ ਜਮਾਤ ਨੇ ਮਿਲ ਕੇ ਇਕ ਨਵੀਂ ਸੂਦਖੋਰ ਜਮਾਤ ਨੂੰ ਜਨਮ ਦਿੱਤਾ। ਇਹ ਤਿੰਨੇ ਧਿਰਾਂ ਮਿਲ ਕੇ ਕਿਸਾਨੀ ਦੇ ਸੰਕਟ ਦਾ ਕਾਰਣ ਬਣੀਆਂ। ਇਸ ਦੇ ਸਿੱਟੇ ਵਜੋਂ ਲਗਾਨ ਸਿਰਫ਼ ਜਾਗੀਰਦਾਰੀ ਦਾ ਹੀ ਨਹੀਂ ਸਾਮਰਾਜੀ ਲੁੱਟ ਦਾ ਰੂਪ ਧਾਰਨ ਕਰ ਚੁੱਕਿਆ ਸੀ, ਕਿਉਂਕਿ ਅੰਗਰੇਜ਼ ਸਾਮਰਾਜ ਨੇ ਲਗਾਨ ਪ੍ਰਬੰਧ ਵਿਚ ਕੋਈ ਬੁਨਿਆਦੀ ਤਬਦੀਲੀ ਨਹੀਂ ਸੀ ਲਿਆਂਦੀ ਤੇ ਸਿੱਖਾਂ ਤੇ ਮੁਗ਼ਲਾਂ ਦੇ ਸਮੇਂ ਵਾਲੇ ਲਗਾਨ ਪ੍ਰਬੰਧ ਨੂੰ ਹੀ ਕਾਇਮ ਰੱਖਿਆ।

ਬਰਤਾਨਵੀ ਸਾਮਰਾਜ ਦੇ ਪ੍ਰਭਾਵਾਂ ਅਧੀਨ ਪੰਜਾਬ ਦੇ ਪਰੰਪਰਾਗਤ ਜੀਵਨ ਵਿਚ ਤਬਦੀਲੀ

ਆਉਣੀ ਸ਼ੁਰੂ ਹੋਈ, ਪਰ ਇਹ ਤਬਦੀਲੀ ਪਹਿਲਾਂ ਆਉਣ ਵਾਲੇ ਵਿਦੇਸ਼ੀ ਹਮਲਾਵਰਾਂ ਨਾਲੋਂ ਵੱਖਰੀ ਭਾਂਤ ਦੀ ਤੇ ਇਕਪਾਸੜ ਸੀ। ਪਹਿਲਾਂ ਆਉਣ ਵਾਲੇ ਹਮਲਾਵਰ ਇੱਥੋਂ ਦੇ ਹੀ ਵਸਨੀਕ ਬਣਕੇ ਅੰਤਲੇ ਰੂਪ ਵਿਚ ਸਥਾਨਕ ਸਭਿਆਚਾਰ ਨੂੰ ਇਕ ਮਿਸ਼੍ਰਿਤ ਸਾਂਝੇ ਸਭਿਆਚਾਰ ਦੀ ਦਿੱਖ ਪ੍ਰਦਾਨ ਕਰਦੇ ਸਨ, ਪਰ ਅੰਗਰੇਜ਼ ਇਕ ਵਿਕਸਿਤ ਸਭਿਅਤਾ ਨਾਲ ਸੰਬੰਧਿਤ ਹੋਣ ਕਰਕੇ ਇਸਨੂੰ ਮਿਸ਼੍ਰਿਤ ਸਭਿਆਚਾਰਕ ਖਿੱਤਾ ਬਣਾਉਣ ਦੀ ਥਾਂ ਇਸਨੂੰ ਆਪਣੇ ਰੰਗ ਵਿਚ ਢਾਲਣ ਦਾ ਸੁਚੇਤ ਯਤਨ ਕਰ ਰਹੇ ਸਨ। ਦੂਸਰੇ, ਵਪਾਰ ਦੀ ਦ੍ਰਿਸ਼ਟੀ ਨਾਲ ਆਏ ਹੋਣ ਕਰਕੇ ਉਨ੍ਹਾਂ ਦਾ ਮਕਸਦ ਇੱਥੋਂ ਦੇ ਕੁਦਰਤੀ ਸਾਧਨਾਂ ਦੀ ਵੱਧ ਤੋਂ ਵੱਧ ਲੁੱਟ ਕਰਨਾ ਸੀ। ਪਰ ਉਦਯੋਗ ਦੀ ਅਣਹੋਂਦ ਤੇ ਪੱਛੜੀ ਖੇਤੀ ਕਰਕੇ ਇਸ ਮਕਸਦ ਦੀ ਪੂਰਤੀ ਮੌਜੂਦਾ ਆਰਥਕ ਸਮਾਜਕ ਪ੍ਰਬੰਧ ਵਿਚੋਂ ਹੋ ਸਕਣੀ ਸੰਭਵ ਨਹੀਂ ਸੀ। ਇਸ ਲਈ ਸਾਮਰਾਜ ਨੇ ਇਸ ਲੁੱਟ ਲਈ ਖੇਤੀ ਦੇ ਖੇਤਰ ਨੂੰ ਚੁਣ ਕੇ ਉਸ ਵਿਚ ਸੁਧਾਰ ਦੇ ਯਤਨ ਕੀਤੇ। ਸਭ ਤੋਂ ਪਹਿਲਾਂ ਉਨ੍ਹਾਂ ਨੇ ਉਪਜ ਉੱਪਰ ਮਾਲੀਏ ਦੀ ਥਾਂ ਇਸਨੂੰ ਜ਼ਮੀਨ ਦੇ ਰਕਬੇ ਉੱਪਰ ਲਾਗੂ ਕਰਨ ਦਾ ਕਾਨੂੰਨ ਬਣਾਇਆ ਤੇ ਇਸ ਦੀ ਵਸੂਲੀ ਨਿਸ਼ਚਿਤ ਸਮੇਂ ਉੱਪਰ ਨਕਦੀ ਦੇ ਰੂਪ ਵਿਚ ਕਰਨੀ ਸ਼ੁਰੂ ਕੀਤੀ।[80] ਇਸ ਕਾਨੂੰਨ ਦੇ ਹੋਂਦ ਵਿਚ ਆਉਣ ਨਾਲ ਆਪਣੀ ਫ਼ਸਲ ਨੂੰ ਮੰਡੀ ਵਿਚ ਵੇਚਣਾ ਕਿਸਾਨ ਲਈ ਜ਼ਰੂਰੀ ਹੋ ਗਿਆ, ਇਸ ਨਾਲ ਪੇਂਡੂ ਜੀਵਨ ਵਿਚ ਮੁਦਰਾ ਦਾ ਦਖ਼ਲ ਵਧਣਾ ਸੁਭਾਵਿਕ ਸੀ। ਪਰ ਫ਼ਸਲਾਂ ਦੀਆਂ ਘੱਟ ਕੀਮਤਾਂ, ਮੰਡੀ ਦਾ ਸੁਯੋਗ ਪ੍ਰਬੰਧ ਨਾ ਹੋਣ ਕਰਕੇ ਕਿਸਾਨੀ ਦੀ ਆਰਥਿਕ ਹਾਲਤ ਮਾੜੀ ਹੀ ਬਣੀ ਰਹੀ ਤੇ ਮਾਲੀਏ ਦੇ ਨਕਦ ਭੁਗਤਾਨ ਤੇ ਸਮਾਜਕ-ਪਰਿਵਾਰਕ ਜ਼ਰੂਰਤਾਂ ਲਈ ਕਿਸਾਨੀ ਲਈ ਸ਼ਾਹੂਕਾਰਾਂ ਦੀ ਸ਼ਰਨ ਵਿਚ ਜਾਣਾ ਜ਼ਰੂਰੀ ਹੋ ਗਿਆ। ਇਸ ਸੱਚ ਦਾ ਪ੍ਰਗਟਾਵਾ ਉਸ ਵਕਤ ਦੇ 'ਗੁਰੂ ਬਿਨਾਂ ਗੱਤ ਨਹੀਂ ਤੇ ਸ਼ਾਹ ਬਿਨਾਂ ਪੱਤ ਨਹੀਂ' ਵਰਗੇ ਪ੍ਰਚਲਿਤ ਲੋਕ-ਅਖਾਣਾਂ ਵਿਚੋਂ ਵੀ ਪ੍ਰਗਟ ਹੁੰਦਾ ਹੈ। ਸ਼ਾਹੂਕਾਰਾਂ ਦੇ ਕਰਜ਼ੇ ਕਾਰਣ ਕਿਸਾਨੀ ਦੀਆਂ ਜ਼ਮੀਨਾਂ ਦੇ ਗਹਿਣੇ ਪੈਣ ਤੇ ਸ਼ਾਹੂਕਾਰਾਂ ਦੇ ਕਬਜ਼ੇ ਅਧੀਨ ਜਾਣ ਦਾ ਅਮਲ ਹੋਂਦ ਵਿਚ ਆਇਆ।

ਅੰਗਰੇਜ਼ ਸਾਮਰਾਜ ਨੇ ਸਮੁੱਚੇ ਪ੍ਰਬੰਧ ਨੂੰ ਠੀਕ ਢੰਗ ਨਾਲ ਚਲਾਉਣ ਲਈ ਤੇ ਮਾਲੀਏ ਵਿਚ

ਵਾਧਾ ਕਰਨ ਲਈ ਕਈ ਪ੍ਰਸ਼ਾਸਨਿਕ ਸੁਧਾਰ ਕੀਤੇ। ਸਭ ਤੋਂ ਪਹਿਲਾਂ ਉਨ੍ਹਾਂ ਨੇ ਪੰਜਾਬ ਨੂੰ 24 ਜ਼ਿਲ੍ਹਿਆਂ ਤੇ 7 ਡਵੀਜ਼ਨਾਂ ਵਿਚ ਵੰਡਿਆਂ, ਜਿਨ੍ਹਾਂ ਦੀ ਗਿਣਤੀ ਬਾਅਦ ਵਿਚ 32 ਜ਼ਿਲ੍ਹੇ ਤੇ 10 ਡਵੀਜ਼ਨਾਂ ਵਿਚ ਕਰ ਦਿੱਤੀ।[81] ਛੋਟੀਆਂ ਜਾਂ ਸੰਗਠਿਤ ਪ੍ਰਬੰਧਕੀ ਇਕਾਈਆਂ ਦਾ ਮਤਲਬ ਜਿੱਥੇ ਰਾਜ-ਤੰਤਰ ਨੂੰ ਚੁਸਤ-ਦਰੁਸਤ ਬਣਾਉਣਾ ਸੀ, ਉੱਥੇ ਸਥਾਨਕ ਲੋਕਾਂ ਦੇ ਧਰਮ, ਰਹਿਣ-ਸਹਿਣ ਤੇ ਰਸਮਾਂ-ਰਿਵਾਜਾਂ ਨੂੰ ਸਮਝ ਕੇ ਉਸ ਦੇ ਮੁਤਾਬਿਕ ਬਾਕੀ ਪ੍ਰਬੰਧ ਦੀ ਉਸਾਰੀ ਕਰਨਾ ਵੀ ਸੀ। ਸਨਅਤ ਦੀ ਅਣਹੋਂਦ ਕਾਰਣ ਸਿਰਫ਼ ਖੇਤੀਬਾੜੀ ਹੀ ਅਜਿਹਾ ਖੇਤਰ ਸੀ ਜਿਸ ਵਿਚੋਂ ਅੰਗਰੇਜ਼ ਸਾਮਰਾਜ ਆਪਣੇ ਮੁਨਾਫ਼ੇ ਵਿਚ ਵਾਧਾ ਕਰ ਸਕਦਾ ਸੀ, ਪਰ ਇਸ ਲਈ ਇਸ ਖੇਤਰ ਦਾ ਵਿਕਾਸ ਜ਼ਰੂਰੀ ਸੀ। ਇਸ ਮਕਸਦ ਦੀ ਪੂਰਤੀ ਲਈ ਸਰਕਾਰ ਨੇ ਪੰਜਾਬ ਉੱਪਰ ਕਬਜ਼ੇ ਤੋਂ ਬਾਅਦ ਜਲਦੀ ਹੀ ਨਹਿਰਾਂ ’ਤੇ 80,000 ਪੌਂਡ ਖਰਚ ਕੀਤੇ ਜੋ ਉਸ ਸਮੇਂ ਦੇ ਲਿਹਾਜ਼ ਨਾਲ ਵੱਡੀ ਰਕਮ ਸੀ।[82] ਇਸ ਦਾ ਮਕਸਦ ਜਿੱਥੇ ਇਕ ਪਾਸੇ ਆਪਣੀ ਆਮਦਨ ਵਿਚ ਵਾਧਾ ਕਰਨਾ ਸੀ, ਉੱਥੇ ਸਥਾਨਕ ਲੋਕਾਂ ਦੀ ਖਰੀਦ ਸ਼ਕਤੀ ਵਿਚ ਵੀ ਵਾਧਾ ਕੀਤੇ ਬਿਨਾਂ ਆਪਣੇ ਤਿਆਰ ਮਾਲ ਲਈ ਮੰਡੀ ਦਾ ਵਿਸਥਾਰ ਕਰ ਸਕਣਾ ਸੰਭਵ ਨਹੀਂ ਸੀ। ਇਹ ਵਰਤਾਰਾ ਸਾਮਰਾਜ ਦੇ ਦੂਹਰੇ ਉਦੇਸ਼ ਦੀ ਪੂਰਤੀ ਕਰ ਰਿਹਾ ਸੀ। 1872-73 ਵਿਚ ਪੰਜਾਬ ਵਿਚ ਨਹਿਰਾਂ ਦੀ ਲੰਬਾਈ 2744 ਮੀਲ ਸੀ ਜੋ 1932-33 ਤੱਕ 19061 ਮੀਲ ਤੱਕ ਪਹੁੰਚ ਗਈ ਸੀ।[83] ਖੇਤੀ ਵਿਚ ਸੁਧਾਰ ਲਿਆਉਣ ਲਈ 1906 ਵਿਚ ਲਾਇਲਪੁਰ ਵਿਚ ਖੇਤੀਬਾੜੀ ਕਾਲਜ ਦੀ ਸਥਾਪਨਾ ਕੀਤੀ ਗਈ।[84] ਮਾਲ ਦੀ ਢੋਆ-ਢੁਆਈ ਲਈ ਤੇ ਮੰਡੀਆਂ ਨੂੰ ਬੰਦਰਗਾਹਾਂ ਨਾਲ ਜੋੜਨ ਲਈ ਸੜਕਾਂ ਤੇ ਰੇਲਵੇ ਲਾਈਨਾਂ ਦਾ ਜਾਲ ਵਿਛਾਇਆ। ਇਹ ਦੂਹਰੇ ਮਕਸਦ ਦੀ ਪੂਰਤੀ ਕਰ ਸਕਦਾ ਸੀ। ਇਕ ਪਾਸੇ ਜੇ 1857 ਵਰਗੇ ਹਾਲਾਤ ਪੈਦਾ ਹੁੰਦੇ ਤਾਂ ਇਹ ਸੜਕਾਂ ਤੇ ਰੇਲਵੇ ਲਾਈਨਾਂ ਦਾ ਜਾਲ ਫ਼ੌਜਾਂ ਦੀ ਢੋਆ-ਢੁਆਈ ਲਈ ਵੀ ਵਰਤਿਆ ਜਾ ਸਕਦਾ ਸੀ। ਜਦਕਿ 1848 ਵਿਚ ਸ਼ਾਇਦ ਇਕ ਵੀ ਮੀਲ ਪੱਕੀ ਸੜਕ ਨਹੀਂ ਸੀ ਉੱਥੇ 1932-33 ਵਿਚ ਰੇਲ ਲਾਈਨਾਂ ਦੀ ਲੰਬਾਈ 5500 ਮੀਲ ਤੇ ਸੜਕਾਂ ਦੀ ਲੰਬਾਈ 3904 ਮੀਲ ਸੀ ਤੇ ਨਹਿਰਾਂ ਦੀ ਸਿੰਜਾਈ ਹੇਠ ਆਉਣ ਵਾਲਾ ਰਕਬਾ 1808 ਲੱਖ ਏਕੜ ਤੋਂ

ਵੱਧ ਕੇ 3009 ਲੱਖ ਏਕੜ ਹੋ ਗਿਆ ਸੀ ਤੇ ਇਸ ਤੋਂ ਹੋਣ ਵਾਲੀ ਕਮਾਈ ਵੀ 201 ਲੱਖ ਤੋਂ 428 ਲੱਖ ਹੋ ਗਈ ਸੀ।[85]

ਅੰਗਰੇਜ਼ ਸਾਮਰਾਜ ਦੀ ਇੰਗਲੈਂਡ ਸਥਿਤ ਸਨਅਤ ਕੱਪੜਾ ਆਧਾਰਿਤ ਸੀ। ਇਸ ਲਈ ਕੱਚੇ ਮਾਲ ਦੀ ਸਸਤੀ ਕੀਮਤ ’ਤੇ ਪੂਰਤੀ ਲਈ ਪੰਜਾਬ ਵਿਚ ਕਪਾਹ ਦੀ ਖੇਤੀ ਨੂੰ ਉਤਸ਼ਾਹਿਤ ਕੀਤਾ ਗਿਆ। ਇਸ ਨਾਲ ਇੰਗਲੈਂਡ ਦੇ ਦੋ ਮਕਸਦਾਂ ਦੀ ਪੂਰਤੀ ਆਸਾਨੀ ਨਾਲ ਹੋ ਜਾਂਦੀ ਸੀ। ਇਸ ਵਰਤਾਰੇ ਨਾਲ ਇਕ ਪਾਸੇ ਇੰਗਲੈਂਡ ਦੇ ਕਾਰਖਾਨਿਆਂ ਲਈ ਸਸਤੇ ਭਾਵਾਂ ’ਤੇ ਕੱਚੇ ਮਾਲ ਦੀ ਪੂਰਤੀ ਯਕੀਨੀ ਹੋ ਗਈ। ਦੂਸਰੇ, ਤਿਆਰ ਮਾਲ ਲਈ ਇਕ ਵੱਡੀ ਮੰਡੀ ਦੇ ਰੂਪ ਵਿਚ ਹਿੰਦੁਸਤਾਨ ਵਰਗਾ ਵੱਡਾ ਖਿੱਤਾ ਵੀ ਉਨ੍ਹਾਂ ਨੂੰ ਮਿਲ ਗਿਆ। ਇਸ ਸਮੁੱਚੇ ਆਰਥਕ ਵਰਤਾਰੇ ਦਾ ਫ਼ਾਇਦਾ ਬੇਸ਼ੱਕ ਕੁਝ ਹੱਦ ਤੱਕ ਕਿਸਾਨੀ ਨੂੰ ਹੋਇਆ ਪਰ ਸਾਮਰਾਜ ਕਿਤੇ ਵਧੇਰੇ ਫ਼ਾਇਦੇ ਵਿਚ ਰਿਹਾ। ਕੱਚੇ ਮਾਲ ਦੀ ਸਸਤੇ ਭਾਅ ’ਤੇ ਪ੍ਰਾਪਤੀ, ਆਪਣੀ ਸਥਾਨਕ ਸਨਅਤ ਤੇ ਰੁਜ਼ਗਾਰ ਵਿਚ ਉਭਾਰ, ਤਿਆਰ ਮਾਲ ਲਈ ਮੰਡੀ ਤੇ ਮਹਿੰਗੇ ਭਾਅ ’ਤੇ ਵਿਕਰੀ ਕਾਰਣ ਹੀ ਇੰਗਲੈਂਡ ਉਸੇ ਵੇਲੇ ਸਭ ਤੋਂ ਤਾਕਤਵਰ ਪੂੰਜੀਵਾਦੀ ਦੇਸ਼ ਬਣ ਗਿਆ। ਪਰ ਇਸ ਵਰਤਾਰੇ ਦਾ ਮੁਕਾਬਲਾ ਨਾ ਕਰ ਸਕਣ ਕਰਕੇ ਸਥਾਨਕ ਸਨਅਤ ਖ਼ਤਮ ਹੋ ਗਈ। ਵਿਦੇਸ਼ੀ ਵਸਤਾਂ ਦੀ ਵਰਤੋਂ ਸਮਾਜਕ ਰੁਤਬੇ ਦਾ ਚਿੰਨ੍ਹ ਬਣ ਗਈ। ਇਸ ਨਾਲ ਸਥਾਨਕ ਪੱਧਰ ’ਤੇ ਬੇ-ਰੁਜ਼ਗਾਰੀ ਵਿਚ ਵਾਧਾ ਹੋਇਆ। ਕਾਰੀਗਰਾਂ, ਜੁਲਾਹੇ, ਲੁਹਾਰ, ਮੋਚੀ ਆਦਿ ਪਿਤਾ-ਪੁਰਖੀ ਧੰਦਾ ਛੱਡਣ ਲਈ ਮਜਬੂਰ ਹੋ ਗਏ ਤੇ ਖੇਤ ਮਜ਼ਦੂਰਾਂ ਵਿਚ ਤਬਦੀਲ ਹੋ ਗਏ। ਸਿੱਟੇ ਵਜੋਂ ਖੇਤੀ ਉੱਪਰ ਆਬਾਦੀ ਦਾ ਬੋਝ ਹੋਰ ਵਧਿਆ। ਇਸ ਸਮੁੱਚੇ ਵਰਤਾਰੇ ਦੇ ਪ੍ਰਭਾਵ ਵਜੋਂ ਪਰੰਪਰਾਗਤ ਆਰਥਕ-ਸਮਾਜਕ ਢਾਂਚਾ ਤਬਾਹ ਹੋ ਗਿਆ, ਪਰ ਨਵੇਂ ਦੀ ਉਸਾਰੀ ਨਾ ਹੋ ਸਕੀ।[86]

ਖੇਤੀ ਦੇ ਵਿਕਾਸ ਤੋਂ ਇਲਾਵਾ, ਆਪਣੇ ਰਾਜ-ਪ੍ਰਬੰਧ ਨੂੰ ਚਲਾਉਣ ਲਈ ਅੰਗਰੇਜ਼ਾਂ ਨੂੰ ਹੇਠਲੇ ਪੱਧਰ ਦੇ ਨੌਕਰਸ਼ਾਹਾਂ ਤੇ ਕਲਰਕਾਂ ਦੀ ਜ਼ਰੂਰਤ ਵੀ ਸੀ। ਹੇਠਲੇ ਪੱਧਰ ਦਾ ਇਹ ਅਮਲਾ ਸਥਾਨਕ ਲੋਕਾਂ ਵਿਚੋਂ ਹੀ ਹੋਣਾ ਚਾਹੀਦਾ ਸੀ, ਜੋ ਉਨ੍ਹਾਂ ਨਾਲ ਉਨ੍ਹਾਂ ਦੀ ਭਾਸ਼ਾ ਵਿਚ ਹੀ ਗੱਲਬਾਤ ਕਰ

ਸਕਦਾ ਹੋਵੇ। ਇਸ ਲਈ 1853 ਵਿਚ ਸਿੱਖਿਆ ਵਿਭਾਗ ਕਾਇਮ ਕੀਤਾ ਗਿਆ।[87] ਤੇ ਕਾਨੂੰਨ ਨੂੰ ਲਿਖਤੀ ਰੂਪ ਵਿਚ ਸਾਹਮਣੇ ਲਿਆਂਦਾ ਗਿਆ ਤੇ ਇਸ ਨੂੰ ਲਾਗੂ ਕਰਨ ਵਾਲੀਆਂ ਸੰਸਥਾਵਾਂ 1861 ਵਿਚ ਪੁਲੀਸ ਵਿਭਾਗ[88] ਤੇ 1866 ਵਿਚ ਲਾਹੌਰ ਵਿਚ ਚੀਫ਼ ਕੋਰਟ ਦੀ ਸਥਾਪਨਾ ਕੀਤੀ ਗਈ।[89] ਜਿੱਥੇ ਖੇਤੀ ਦੇ ਵਿਕਾਸ ਨੇ ਪੰਜਾਬ ਦੀ ਪਰੰਪਰਾਗਤ ਆਰਥਕਤਾ ਨੂੰ ਢਾਹ ਲਾਈ ਸੀ, ਉੱਥੇ ਉਪਰੋਕਤ ਤਬਦੀਲੀਆਂ ਪੰਜਾਬ ਦੇ ਪਰੰਪਰਾਗਤ ਸਮਾਜਕ-ਭਾਈਚਾਰਕ ਜੀਵਨ ਦੀ ਟੁੱਟ-ਭੱਜ ਦਾ ਆਧਾਰ ਬਣੀਆਂ। ਪੰਚਾਇਤੀ ਨਿਆਂ-ਪ੍ਰਬੰਧ ਦੀ ਥਾਂ ਅਦਾਲਤਾਂ, ਵਕੀਲਾਂ ਤੇ ਪੁਲੀਸ 'ਤੇ ਆਧਾਰਿਤ ਨਿਆਂ-ਪ੍ਰਬੰਧ ਵਾਲਾ ਢਾਂਚਾ ਵਧੇਰੇ ਗੁੰਝਲਦਾਰ ਤੇ ਖ਼ਰਚ ਵਾਲਾ ਸੀ, ਜਿਸ ਨੇ ਪੇਂਡੂ ਸਮਾਜਕ ਰਿਸ਼ਤਿਆਂ ਨੂੰ ਤੋੜਨ ਤੇ ਪੈਸੇ ਦੇ ਦਖ਼ਲ ਨੂੰ ਵਧਾਉਣ ਵਿਚ ਅਹਿਮ ਹਿੱਸਾ ਪਾਇਆ।

1857 ਦੇ ਗ਼ਦਰ ਤੇ 1872 ਦੀ ਕੂਕਾ ਲਹਿਰ ਨੇ ਬੇਸ਼ੱਕ ਸਾਮਰਾਜ ਦਾ ਵਿਰੋਧ ਕਰਨ ਦੇ ਯਤਨ ਕੀਤੇ, ਪਰ ਇਨ੍ਹਾਂ ਸੀਮਤ ਯਤਨਾਂ ਵਿਚ ਸਾਧਾਰਣ ਲੋਕਾਈ ਦੀ ਸ਼ਮੂਲੀਅਤ ਨਾ ਹੋਣ ਕਰਕੇ ਇਹ ਯਤਨ ਅਸਫਲ ਹੋ ਗਏ। 1857 ਦਾ ਗ਼ਦਰ ਮੁਗ਼ਲ ਸਾਮਰਾਜ ਦੇ ਆਖ਼ਰੀ ਬਾਦਸ਼ਾਹ ਬਹਾਦਰ ਸ਼ਾਹ ਦੀ ਅਗਵਾਈ ਹੇਠ ਅੰਗਰੇਜ਼ ਸਾਮਰਾਜ ਦੇ ਵਿਰੁੱਧ ਲੜਿਆ ਗਿਆ ਸੀ, ਪਰ ਸਥਾਨਕ ਜਾਗੀਰਦਾਰ ਤੇ ਰਾਜੇ ਆਪਣੀਆਂ ਜਾਗੀਰਾਂ ਤੇ ਰਾਜ ਦੀ ਸਲਾਮਤੀ ਤੱਕ ਹੀ ਸੀਮਤ ਰਹੇ ਤੇ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖ ਸਰਦਾਰਾਂ ਨੇ ਇਤਹਾਸਕ ਕਾਰਣਾਂ ਕਰਕੇ ਇਸ ਦਾ ਸਾਥ ਨਾ ਦਿੱਤਾ। ਇਸ ਕਾਰਨ ਅੰਗਰੇਜ਼ਾਂ ਤੇ ਸਿੱਖ ਸਰਦਾਰਾਂ ਵਿਚ ਇਕ ਸਾਂਝ ਕਾਇਮ ਹੋ ਗਈ ਤੇ ਅੰਗਰੇਜ਼ਾਂ ਨੂੰ ਬਸਤੀਵਾਦ ਦੀ ਸਲਾਮਤੀ ਲਈ ਫ਼ੌਜੀ ਭਰਤੀ ਲਈ ਇਕ ਵਿਸ਼ੇਸ਼ ਖਿੱਤਾ ਮਿਲ ਗਿਆ, ਕਿਉਂਕਿ ਅੰਗਰੇਜ਼ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਸਨ ਕਿ ਬਸਤੀਵਾਦ ਦੀ ਸਲਾਮਤੀ ਵਫ਼ਾਦਾਰ ਫ਼ੌਜ ਦੇ ਆਸਰੇ 'ਤੇ ਹੀ ਟਿਕੀ ਹੁੰਦੀ ਹੈ।[90] ਦੂਸਰੇ ਕੂਕਾ ਲਹਿਰ ਸਿਰਫ਼ ਸਾਮਰਾਜ ਦਾ ਵਿਰੋਧ ਰਾਜਨੀਤਿਕ ਪੱਧਰ 'ਤੇ ਹੀ ਨਹੀਂ ਸੀ ਕਰਦੀ, ਸਗੋਂ ਬਸਤੀਵਾਦ ਦੇ ਆਰਥਕ ਵਿਰੋਧ ਉੱਪਰ ਆਧਾਰਿਤ ਹੋਣ ਕਰਕੇ ਤੇ ਇਕ ਸਮਾਨਾਂਤਰ ਵਿਵਸਥਾ ਉਸਾਰਣ ਕਰਕੇ ਬਸਤੀਵਾਦ ਲਈ ਵਧੇਰੇ

ਖ਼ਤਰਨਾਕ ਸੀ। ਇਸ ਲਈ ਉਨ੍ਹਾਂ ਪ੍ਰਤਿ ਬਸਤੀਵਾਦੀ ਹਕੂਮਤ ਦਾ ਨਜ਼ਰੀਆ ਵਧੇਰੇ ਸਖ਼ਤੀ ਭਰਿਆ ਸੀ, ‘‘ਜਦੋਂ ਅਸੀਂ ਪੂੰਜੀਵਾਦੀ ਸਭਿਅਤਾ ਨੂੰ ਆਪਣੇ ਇਥੇ ਨਹੀਂ, ਜਿੱਥੇ ਇਹ ਭਦਰ ਰੂਪ ਆਪਣਾਉਂਦੀ ਹੈ, ਬਲਕਿ ਬਸਤੀਵਾਦੀ ਦੇਸਾਂ ਵਿਚ ਦੇਖਦੇ ਹਾਂ, ਜਿੱਥੇ ਇਹ ਬਿਨਾਂ ਕਿਸੇ ਮਖੌਟੇ ਦੇ ਕੰਮ ਕਰਦੀ ਹੈ, ਤਾਂ ਇਸ ਸਭਿਅਤਾ ਦਾ ਘੋਰ ਪਾਖੰਡ ਅਤੇ ਉਸਦੀ ਪਾਸ਼ਵਿਕਤਾ ਆਪਣੇ ਨੰਗੇ ਚਿੱਟੇ ਰੂਪ ਵਿਚ ਸਾਡੇ ਸਾਹਮਣੇ ਉਜਾਗਰ ਹੋ ਜਾਂਦੀ ਹੈ।’’[91] ਇਸ ਕਰਕੇ 1872 ਵਿਚ 49 ਕੂਕਿਆਂ ਨੂੰ ਬਿਨਾਂ ਕੋਈ ਮੁਕੱਦਮਾ ਚਲਾਏ ਤੋਪਾਂ ਸਾਹਮਣੇ ਖੜੇ ਕਰਕੇ ਉਡਾ ਦਿੱਤਾ ਗਿਆ।[92] ਇਸ ਵਿਸ਼ੇਸ਼ ਖਿੱਤੇ ਵਿਚ ਹਰ ਤਰ੍ਹਾਂ ਦੀ ਸੁੱਖ-ਸ਼ਾਂਤੀ ਲਈ ਜ਼ਰੂਰੀ ਸੀ ਕਿ ਇਸ ਖਿੱਤੇ ਨੂੰ ਹਰ ਤਰ੍ਹਾਂ ਦੀਆਂ ਰਾਜਸੀ ਸਰਗਰਮੀਆਂ ਤੋਂ ਦੂਰ ਰੱਖਿਆ ਜਾਵੇ। ਇਸ ਲਈ ਸਰਕਾਰ ਨੇ ਜਿੱਥੇ ਆਰਥਕ ਖੇਤਰ ਵਿਚ ਕੁਝ ਕਦਮ ਉਠਾਏ ਉੱਥੇ ਇਲਾਕੇ ਦੇ ਅਸਰ-ਰਸੂਖ਼ ਵਾਲੇ ਲੋਕਾਂ ਨਾਲ ਸੁਹਿਦਤਾਪੂਰਣ ਤੇ ਚੰਗੇ ਸੰਬੰਧ ਬਣਾਉਣ ਲਈ ਵੀ ਵਿਸ਼ੇਸ਼ ਯਤਨ ਕੀਤੇ, ਕਿਉਂਕਿ ਇਹ ਸਿੱਖ ਸਰਦਾਰ ਭਾਵੇਂ ਰਾਜਨੀਤਿਕ ਸੱਤਾ ਗਵਾ ਚੁੱਕੇ ਸਨ, ਪਰ ਇਸ ਦੇ ਬਾਵਜੂਦ ਉਹ ਆਪਣੇ ਇਲਾਕੇ ਦੇ ਲੋਕਾਂ ਵਿਚ ਅਸਰ-ਰਸੂਖ਼ ਸਦਕਾ ਪ੍ਰਭਾਵਸ਼ਾਲੀ ਵਿਅਕਤੀ ਸਨ ਤੇ ਇਨ੍ਹਾਂ ਦੀ ਨਰਾਜ਼ਗੀ ਬਸਤੀਵਾਦ ਦੀ ਸਲਾਮਤੀ ਲਈ ਖ਼ਤਰਾ ਬਣ ਸਕਦੀ ਸੀ ਜਦਕਿ ਵਪਾਰੀ ਤੇ ਸ਼ਾਹੂਕਾਰ ਸ਼੍ਰੇਣੀ ਫ਼ੌਜੀ ਭਰਤੀ ਦੇ ਲਿਹਾਜ਼ ਨਾਲ ਸਰਕਾਰ ਲਈ ਲਗਭਗ ਮਹੱਤਵਹੀਣ ਸੀ ਤੇ ਸ਼ਾਹੂਕਾਰਾਂ ਦੇ ਰੂਪ ਵਿਚ ਸਾਧਾਰਣ ਕਿਸਾਨੀ ਦੇ ਮਨ ਵਿਚ ਇਨ੍ਹਾਂ ਪ੍ਰਤਿ ਨਫ਼ਰਤ ਭਰੀ ਹੋਈ ਸੀ।[93]

ਅੰਗਰੇਜ਼ ਸਾਮਰਾਜ ਮੂਲ ਰੂਪ ਵਿਚ ਇਕ ਵਪਾਰਕ ਜਮਾਤ ਸੀ, ਇਥੋਂ ਦੇ ਸਾਧਨਾਂ ਦੀ ਵੱਧ ਤੋਂ ਵੱਧ ਲੁੱਟ ਲਈ ਇੱਥੇ ਆਏ ਸਨ ਤੇ ਉਹ ਇਸ ਲੁੱਟ-ਖਸੁੱਟ ਨੂੰ ਲੰਮਾ ਸਮਾਂ ਕਾਇਮ ਰੱਖਣਾ ਚਾਹੁੰਦੇ ਸਨ। ਇਸ ਲਈ ਜ਼ਰੂਰੀ ਸੀ ਕਿ ਇੱਥੇ ਬਸਤੀਵਾਦ ਦੀਆਂ ਜੜ੍ਹਾਂ ਪੱਕੀਆਂ ਕੀਤੀਆਂ ਜਾਣ ਪਰ ਇਹ ਨਿਰੋਲ ਤਾਕਤ ਦੇ ਸਿਰ ’ਤੇ ਸੰਭਵ ਨਹੀਂ ਸੀ। ਇਸ ਲਈ ਰਾਜਨੀਤਿਕ ਗ਼ੁਲਾਮੀ ਦੇ ਨਾਲ-ਨਾਲ ਇੱਥੋਂ ਦੇ ਲੋਕਾਂ ਨੂੰ ਮਾਨਸਿਕ ਤੌਰ ’ਤੇ ਵੀ ਆਪਣੇ ਅਧੀਨ ਰੱਖਣਾ ਜ਼ਰੂਰੀ ਸੀ। ਇਸ ਲਈ ਸਾਮਰਾਜ ਨੇ ਈਸਾਈ ਮਿਸ਼ਨਰੀਆਂ ਦੀ ਸਹਾਇਤਾ ਨਾਲ ਬੜੇ ਹੀ ਸੁਭਾਵਿਕ ਅੰਦਾਜ਼ ਵਿਚ ਈਸਾਈ

ਧਰਮ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ, ਜਿਸਦਾ ਮਕਸਦ ਈਸਾਈ ਧਰਮ ਦੇ ਵੱਡਪਣ ਨੂੰ ਸਾਬਤ ਕਰਕੇ ਸਧਾਰਣ ਲੋਕਾਂ ਨੂੰ ਇਸ ਪ੍ਰਤਿ ਆਕਰਸ਼ਿਤ ਕਰਨਾ ਸੀ ਅਤੇ ਇੱਥੋਂ ਦੇ ਸਮਾਜਕ ਢਾਂਚੇ, ਜਿਸ ਵਿਚ ਲੋਕ ਜਾਤ-ਪਾਤ ਵਿਚ ਵੰਡੇ ਹੋਏ ਸਨ ਤੇ ਦਲਿਤ ਸਦੀਆਂ ਤੋਂ ਨਰਕ ਵਰਗਾ ਜੀਵਨ ਬਤੀਤ ਕਰ ਰਹੇ ਸਨ, ਕਾਰਣ ਉਨ੍ਹਾਂ ਨੂੰ ਕਾਮਯਾਬੀ ਵੀ ਮਿਲੀ, ਹਿੰਦੂ ਧਰਮ ਦੇ ਨਾਕਾਰਤਮਕ ਰਵੱਈਏ ਤੇ ਈਸਾਈ ਮਿਸ਼ਨਰੀਆਂ ਵੱਲੋਂ ਮਿਲਦੀ ਆਰਥਕ ਰਾਹਤ ਸਦਕਾ ਹੇਠਲੇ ਵਰਗਾਂ ਵਿਚੋਂ ਲੋਕਾਂ ਨੇ ਈਸਾਈ ਧਰਮ ਗ੍ਰਹਿਣ ਕਰਨਾ ਸ਼ੁਰੂ ਕਰ ਦਿੱਤਾ। ਅੰਗਰੇਜ਼ਾਂ ਦੇ ਇਨ੍ਹਾਂ ਯਤਨਾਂ ਨੇ ਸਥਾਨਕ ਲੋਕਾਂ ਨੂੰ ਵੀ ਆਪਣੇ ਧਰਮ ਦੇ ਪ੍ਰਚਾਰ ਲਈ ਸੁਚੇਤ ਕੀਤਾ ਤੇ ਇਨ੍ਹਾਂ ਪ੍ਰਯਤਨਾਂ ਵਜੋਂ ਪੰਜਾਬ ਵਿਚ ਸਥਾਨਕ ਧਰਮਾਂ, ਤੇ ਸੰਸਕ੍ਰਿਤੀ ਦੀ ਪੁਨਰ-ਸੁਰਜੀਤੀ ਲਈ ਲਹਿਰਾਂ ਸ਼ੁਰੂ ਹੋਈਆਂ। ਸ਼ੁਰੂ ਵਿਚ ਇਨ੍ਹਾਂ ਲਹਿਰਾਂ ਦਾ ਨਿਸ਼ਾਨਾ ਈਸਾਈ ਧਰਮ ਤੇ ਮਿਸ਼ਨਰੀ ਸਨ, ਪਰ ਹੌਲੀ-ਹੌਲੀ ਸਥਾਨਕ ਧਰਮ ਵੀ ਆਪਣੀ ਸਰਵ-ਉੱਚਤਾ ਲਈ ਦੂਸਰਿਆਂ ਨੂੰ ਛੁਟਿਆਉਣ ਦੇ ਯਤਨਾਂ ਤੱਕ ਸੀਮਤ ਹੋ ਗਏ ਤੇ ਸਮੁੱਚਾ ਸਮਾਜਕ ਵਾਤਾਵਰਣ ਧਾਰਮਿਕ ਕਸ਼ੀਦਗੀ ਦੇ ਰੰਗ ਵਿਚ ਰੰਗਿਆ ਗਿਆ। ਇਹ ਕਸ਼ੀਦਗੀ ਜਿੱਥੇ ਸਾਮਰਾਜ ਲਈ ਫ਼ਾਇਦੇਮੰਦ ਸਿੱਧ ਹੋ ਰਹੀ ਸੀ ਉੱਥੇ ਇਸਦੇ ਦੂਰ-ਰਸ ਸਿੱਟੇ ਵੀ ਨਿਕਲੇ ਤੇ ਸਾਡੇ ਲੋਕਾਂ ਦਾ ਵਿਕਾਸ ਇਕ ਕੌਮੀਅਤ ਦੇ ਨਿਸ਼ਾਨੇ ’ਤੇ ਕੇਂਦ੍ਰਿਤ ਹੋਣ ਦੀ ਥਾਂ ਧਾਰਮਿਕ ਦਾਇਰਿਆਂ ਤੱਕ ਸੀਮਤ ਹੋ ਕੇ ਰਹਿ ਗਿਆ।

ਬੇਸ਼ੱਕ ਸਾਮਰਾਜ ਆਪਣੇ ਆਰਥਕ ਮੁਫ਼ਾਦ ਵਿਚ ਵਾਧੇ ਲਈ ਇੱਥੋਂ ਦੀ ਆਰਥਕ ਪ੍ਰਗਤੀ ਲਈ ਯਤਨਸ਼ੀਲ ਸੀ ਤੇ ਇਸਦਾ ਕੁਝ ਫ਼ਾਇਦਾ ਕਿਸਾਨੀ ਤੱਕ ਪਹੁੰਚ ਰਿਹਾ ਸੀ, ਪਰ ਨਾਕਸ ਮੰਡੀ ਪ੍ਰਬੰਧ ਤੇ ਸ਼ਾਹੂਕਾਰਾਂ ਦੁਆਰਾ ਕਿਸਾਨੀ ਦੀ ਲੁੱਟ ਕਰਕੇ ਕਿਸਾਨੀ ਦੀ ਆਰਥਕ ਹਾਲਤ ਵਿਚ ਕੋਈ ਗੁਣਾਤਮਕ ਪਰਿਵਰਤਨ ਨਹੀਂ ਸੀ ਵਾਪਰ ਰਿਹਾ ਤੇ ਕਿਸਾਨੀ ਹਮੇਸ਼ਾ ਵਾਂਗ ਆਰਥਕ ਥੁੜ੍ਹਾਂ ਦਾ ਸ਼ਿਕਾਰ ਬਣੀ ਹੋਈ ਸੀ, ਹਾਲਾਂਕਿ ਇਸ ਸਮੇਂ ਦੌਰਾਨ ਸਿੰਚਾਈ ਵਾਲੇ ਰਕਬੇ ਵਿਚ ਚਾਰ ਗੁਣਾ ਵਾਧਾ ਹੋਇਆ।[94] ਬਾਰਾਂ ਆਬਾਦ ਕਰਕੇ ਇਹ ਜ਼ਮੀਨ ਸਾਮਰਾਜ ਨੇ ਆਪਣੇ ਵਫ਼ਾਦਾਰ ਸਫ਼ੈਦਪੋਸ਼ਾਂ, ਜ਼ੈਲਦਾਰਾਂ ਤੇ ਸਾਬਕਾ ਫ਼ੌਜੀਆਂ ਨੂੰ ਦੇ ਦਿੱਤੀ ਜਿਨ੍ਹਾਂ ਨੇ ਸਾਮਰਾਜ ਦੀਆਂ ਨੀਂਹਾਂ ਪੱਕੀਆਂ ਕਰਨ

ਵਿਚ ਸਹਾਇਤਾ ਕੀਤੀ ਸੀ।[95] ਇਸ ਨਵੀਂ ਜ਼ਮੀਨ ਦੇ ਖੇਤੀ ਯੋਗ ਹੋ ਜਾਣ ਤੇ ਸਿੰਜਾਈ ਸਹੂਲਤਾਂ ਵਿਚ ਵਾਧੇ ਕਾਰਣ ਫ਼ਸਲਾਂ ਦੀ ਉਪਜ ਵਿਚ ਵਾਧਾ ਹੋਇਆ। ਜਿਸ ਨਾਲ ਪੰਜਾਬ ਦੇ ਲੋਕਾਂ ਵਿਚ ਵੀ ਆਰਥਕ ਖੁਸ਼ਹਾਲੀ ਆਈ। 1866 ਵਿਚ ਜਿਸ ਜ਼ਮੀਨ ਦੀ ਕੀਮਤ 10 ਰੁਪਏ ਪ੍ਰਤਿ ਏਕੜ ਸੀ ਉਹ 1926 ਤਕ ਵਧ ਕੇ 238 ਰੁਪਏ ਪ੍ਰਤਿ ਏਕੜ ਹੋ ਗਈ।[96] ਜ਼ਮੀਨ ਦੀ ਕੀਮਤ ਵਧਣ ਕਰਕੇ ਤੇ ਮੰਡੀ ਦੀ ਵਸਤ ਬਣ ਜਾਣ ਕਰਕੇ ਕਿਸਾਨੀ ਦੀ ਜ਼ਮੀਨ ਵੀ ਵਪਾਰਕ ਵਸਤੂ ਬਣ ਗਈ ਤੇ ਸ਼ਾਹੂਕਾਰ ਖੁੱਲ੍ਹੇ ਹੱਥਾਂ ਨਾਲ ਕਿਸਾਨੀ ਨੂੰ ਕਰਜ਼ਾ ਦੇਣ ਲੱਗੇ ਤੇ ਕਰਜ਼ੇ ਦੇ ਇਵਜ਼ ਵਿਚ ਜ਼ਮੀਨਾਂ ਖਰੀਦਣ ਲੱਗੇ ਜਿਸ ਕਰਕੇ ਕਿਸਾਨੀ ਦੀ ਹਾਲਤ ਵਿਚ ਕੋਈ ਜ਼ਿਕਰਯੋਗ ਬਦਲਾਅ ਨਾ ਆ ਸਕਿਆ। ਸਗੋਂ, ਇਸਦੇ ਉਲਟ ਕਿਸਾਨੀ ਸ਼ਾਹੂਕਾਰਾਂ ਦੇ ਚੁੰਗਲ ਵਿਚ ਫਸਦੀ ਜਾ ਰਹੀ ਸੀ। ਅਦਾਲਤਾਂ ਲੁੱਟੇ ਜਾ ਰਹੇ ਕਿਸਾਨਾਂ ਨੂੰ ਸ਼ਾਹੂਕਾਰਾਂ ਤੋਂ ਬਚਾ ਸਕਣ ਵਿਚ ਅਸਮਰਥ ਸਨ। ਕਿਉਂਕਿ ਉਸ ਵੇਲੇ ਦੇ ਕਾਨੂੰਨ ਨੇ ਸ਼ਾਹੂਕਾਰ ਨੂੰ ਪਿੰਡ ਦਾ ਆਰਥਕ ਤਾਨਾਸ਼ਾਹ ਬਣਾ ਦਿੱਤਾ ਸੀ। ਸ਼ਾਹੂਕਾਰ ਮਨਮਾਨੇ ਢੰਗ ਨਾਲ ਆਪਣੇ ਵਹੀ-ਖਾਤੇ ਵਿਚ ਇੰਦਰਾਜ ਕਰ ਸਕਦਾ ਸੀ ਤੇ ਅਨਪੜ੍ਹ ਕਿਸਾਨ ਹਿਸਾਬ-ਕਿਤਾਬ ਲਈ ਸ਼ਾਹੂਕਾਰ ਦੇ ਰਹਿਮ 'ਤੇ ਨਿਰਭਰ ਸੀ। ਸ਼ਾਹੂਕਾਰ ਵਿਆਜ-ਦਰ-ਵਿਆਜ ਲਗਾਕੇ ਥੋੜ੍ਹੇ ਹੀ ਸਮੇਂ ਵਿਚ ਜ਼ਮੀਨ ਹੜੱਪ ਲੈਂਦਾ ਸੀ।[97] ਇਸ ਤੋਂ ਇਲਾਵਾ 1860-61 ਤੋਂ 1899-1901[98] ਦੌਰਾਨ ਪਏ ਚਾਰ ਭਿਆਨਕ ਕਾਲਾਂ ਨੇ ਕਿਸਾਨੀ ਦੀ ਆਰਥਕਤਾ ਨੂੰ ਹੋਰ ਵੀ ਕਮਜ਼ੋਰ ਕਰ ਦਿੱਤਾ ਤੇ ਮਾਲੀਏ ਵਿਚ ਵਾਧੇ ਨੇ ਉਸਦੀ ਸ਼ਾਹੂਕਾਰਾਂ 'ਤੇ ਨਿਰਭਰਤਾ ਨੂੰ ਹੋਰ ਵਧਾ ਦਿੱਤਾ। ਆਰਥਕ ਹਾਲਤ ਕਾਰਣ ਕਿਸਾਨੀ ਵਿਚ ਬੇ-ਚੈਨੀ ਵਧ ਰਹੀ ਸੀ ਅਤੇ ਸਾਮਰਾਜ ਇਸ ਬੇ-ਚੈਨੀ ਵਿਚੋਂ ਆਪਣੇ ਵਿਰੁੱਧ ਵਧ ਰਹੇ ਗੁੱਸੇ ਤੇ ਰੋਹ ਨੂੰ ਮਹਿਸੂਸ ਕਰ ਰਿਹਾ ਸੀ। ਆਪਣੀ ਫ਼ੌਜੀ ਭਰਤੀ ਦੇ ਅੱਡੇ ਵਿਚ ਇਹ ਬੇ-ਚੈਨੀ ਉਸ ਦੀ ਹੋਂਦ ਲਈ ਵੀ ਖ਼ਤਰਾ ਬਣ ਸਕਦੀ ਸੀ, ਇਸ ਲਈ ਕਿਸਾਨੀ ਨੂੰ ਫ਼ੌਰੀ ਰਾਹਤ ਦੇਣ ਦੀ ਲੋੜ ਸੀ।

ਸਰਕਾਰ ਨੇ ਕਿਸਾਨੀ ਨੂੰ ਰਾਹਤ ਦੇਣ ਲਈ Land Alienation Act, 1900 ਬਣਾਇਆ। ਇਸ ਐਕਟ ਵਿਚ ਪੰਜਾਬ ਦੀ ਆਬਾਦੀ ਨੂੰ ਕਾਸ਼ਤਕਾਰ ਤੇ ਗ਼ੈਰ-ਕਾਸ਼ਤਕਾਰ ਦੋ ਵਰਗਾਂ ਵਿਚ ਵੰਡਿਆ

ਗਿਆ ਤੇ ਗ਼ੈਰ-ਕਾਸ਼ਤਕਾਰਾਂ ਲਈ ਕਾਸ਼ਤਕਾਰਾਂ ਦੀ ਜ਼ਮੀਨ ਖਰੀਦਣ ਉੱਪਰ ਪਾਬੰਦੀ ਲਾਈ ਗਈ। ਇਸ ਕਾਨੂੰਨ ਮੁਤਾਬਿਕ :

1. ਕਰਜ਼ੇ ਦੀ ਅਦਾਇਗੀ ਨਾ ਕਰ ਸਕਣ ਕਰਕੇ ਨਾ ਤਾਂ ਕਿਸਾਨ ਦੀ ਜ਼ਮੀਨ ਕੁਰਕ ਕੀਤੀ ਜਾ ਸਕਦੀ ਸੀ ਤੇ ਨਾ ਹੀ ਉਸਨੂੰ ਕੈਦ ਕੀਤਾ ਜਾ ਸਕਦਾ ਸੀ।
2. ਗਹਿਣੇ ਪਈ ਜ਼ਮੀਨ ਵੀਹ ਸਾਲ ਬਾਅਦ ਆਪਣੇ ਆਪ ਹੀ ਕਿਸਾਨ ਦੀ ਮਲਕੀਅਤ ਬਣ ਜਾਵੇਗੀ।
3. ਕਿਸਾਨ ਦੇ ਖੇਤੀ ਨਾਲ ਸੰਬੰਧਿਤ ਸੰਦਾਂ ਦੀ ਕੁਰਕੀ ਨਹੀਂ ਕੀਤੀ ਜਾ ਸਕਦੀ।
4. ਅਦਾਲਤ ਵਿਆਜ ਬਾਰੇ ਜਾਣਕਾਰੀ ਮੰਗ ਸਕਦੀ ਸੀ ਤੇ ਇਸਨੂੰ ਘੱਟ ਕਰ ਸਕਦੀ ਸੀ।
5. ਕਿਸਾਨ ਦੀ ਮੌਤ ਤੋਂ ਬਾਅਦ ਉਸਦੀ ਜਾਇਦਾਦ ਕਰਜ਼ੇ ਦੇ ਇਵਜ਼ ਵਿਚ ਨਾ ਤਾਂ ਵੇਚੀ ਜਾ ਸਕਦੀ ਸੀ ਤੇ ਨਾ ਹੀ ਇਸਦੀ ਮਲਕੀਅਤ ਵਿਚ ਤਬਦੀਲੀ ਹੋ ਸਕਦੀ ਸੀ।
6. ਗ਼ੈਰ-ਕਾਸ਼ਤਕਾਰ, ਕਾਸ਼ਤਕਾਰ ਤੋਂ ਜ਼ਮੀਨ ਨਹੀਂ ਖ਼ਰੀਦ ਸਕਦੇ ਸਨ, ਪਰ ਉਹ ਸਰਕਾਰੀ ਜਾਂ ਵਿਹਲੀ ਪਈ ਜ਼ਮੀਨ ਖ਼ਰੀਦ ਸਕਦੇ ਸਨ।[99]

ਸਾਮਰਾਜ ਦੁਆਰਾ ਬਣਾਇਆ ਗਿਆ ਇਹ ਕਾਨੂੰਨ ਪਹਿਲੀ ਨਜ਼ਰੇ ਛੋਟੀ ਕਿਸਾਨੀ ਪ੍ਰਤਿ ਫ਼ਿਕਰਮੰਦੀ ਨੂੰ ਜ਼ਾਹਿਰ ਕਰਦਾ ਸੀ। ਪਰੰਤੂ, ਗਹਿਨਤਾ ਨਾਲ ਦੇਖਿਆ ਇਸ ਕਾਨੂੰਨ ਨੂੰ ਬਣਾਉਣ ਪਿੱਛੇ ਕੰਮ ਕਰਦੇ ਸਿਆਸੀ ਮੁਫ਼ਾਦ ਸਹਿਜੇ ਹੀ ਨਜ਼ਰ ਆ ਜਾਂਦੇ ਹਨ। ਇਸ ਕਾਨੂੰਨ ਦਾ ਪਹਿਲਾ ਮਕਸਦ ਸ਼ਾਹੂਕਾਰ ਸ਼੍ਰੇਣੀ ਦੇ ਕਿਸਾਨੀ ਦੀ ਲੁੱਟ ਦੇ ਮੌਕਿਆਂ ਨੂੰ ਖ਼ਤਮ ਕਰਨਾ ਸੀ, ਜੋ ਸਾਮਰਾਜ ਲਈ ਕਿਸੇ ਤਰ੍ਹਾਂ ਦਾ ਵੀ ਮਹੱਤਵ ਨਹੀਂ ਸੀ ਰੱਖਦੀ ਤੇ ਇਹ ਮੌਕੇ ਧਨੀ ਕਿਸਾਨੀ ਨੂੰ ਦੇਣਾ ਸੀ, ਕਿਉਂਕਿ ਕੇਵਲ ਕਾਨੂੰਨ ਦੇ ਬਣ ਜਾਣ ਨਾਲ ਹੀ ਛੋਟੀ ਕਿਸਾਨੀ ਦੀਆਂ ਕਰਜ਼ੇ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਸਨ ਹੁੰਦੀਆਂ। ਇਸ ਲਈ ਇਹ ਕਾਨੂੰਨ ਛੋਟੀ ਕਿਸਾਨੀ ਨੂੰ ਕੋਈ ਰਾਹਤ ਨਹੀਂ ਸੀ ਦੇਂਦਾ ਸਿਵਾਇ ਹਿੰਦੂ ਸ਼ਾਹੂਕਾਰਾਂ ਦੀ ਥਾਂ ਧਨੀ ਕਿਸਾਨੀ ਦੇ ਕਰਜ਼ਾਈ ਹੋਣ ਦੇ। ਇਸ ਕਾਨੂੰਨ ਦਾ ਇਕ ਰਾਜਸੀ ਮੰਤਵ ਸਾਧਾਰਣ ਲੋਕਾਈ ਨੂੰ ਪੇਂਡੂ ਤੇ ਸ਼ਹਿਰੀ, ਕਾਸ਼ਤਕਾਰ ਤੇ ਗ਼ੈਰ-ਕਾਸ਼ਤਕਾਰ

ਵਿਚ ਵੰਡ ਕੇ ਰਾਸ਼ਟਰੀ ਲਹਿਰ ਨੂੰ ਜਥੇਬੰਦ ਹੋਣ ਤੋਂ ਰੋਕਣਾ ਸੀ। ਛੋਟੀ ਕਿਸਾਨੀ ਨੂੰ ਰਾਹਤ ਦੇਣਾ ਇਸ ਕਾਨੂੰਨ ਦਾ ਮਕਸਦ ਕਦੇ ਵੀ ਨਹੀਂ ਸੀ। ਜੇ ਸਾਮਰਾਜ ਸਹੀ ਅਰਥਾਂ ਵਿਚ ਛੋਟੀ ਕਿਸਾਨੀ ਦੇ ਕਰਜ਼ਾਈ ਹੋਣ ਪ੍ਰਤਿ ਫ਼ਿਕਰਮੰਦ ਹੁੰਦਾ ਤਾਂ ਉਹ ਜ਼ਰੂਰ ਹੀ ਫ਼ਸਲਾਂ ਦਾ ਲਾਹੇਵੰਦ ਭਾਅ, ਮੰਡੀ ਪ੍ਰਬੰਧ ਨੂੰ ਹੋਰ ਚੰਗੇਰਾ ਬਣਾਉਣ ਦੇ ਯਤਨ ਕਰਦਾ। ਪਰ ਕਿਸਾਨੀ ਦੀ ਹਾਲਤ ਸੁਧਾਰਨ ਪ੍ਰਤਿ ਕੋਈ ਸੰਜੀਦਾ ਯਤਨ ਨਾ ਕੀਤਾ ਗਿਆ ਤੇ ਉਸਦੀਆਂ ਕਰਜ਼ਾ ਲੈਣ ਦੀਆਂ ਜ਼ਰੂਰਤਾਂ ਉਸੇ ਤਰ੍ਹਾਂ ਕਾਇਮ ਰਹੀਆਂ ਤੇ ਇਸ ਸਮੇਂ ਦੌਰਾਨ ਕਿਸਾਨੀ ਨੂੰ ਕਰਜ਼ਾ ਦੇਣ ਵਾਲੇ ਸ਼ਾਹੂਕਾਰਾਂ ਦੀ ਗਿਣਤੀ ਵਿਚ ਕਈ ਗੁਣਾ ਹੋਇਆ ਵਾਧਾ ਇਸ ਕਾਨੂੰਨ ਦੀ ਅਸਲੀਅਤ ਨੂੰ ਉਜਾਗਰ ਕਰਦਾ ਹੈ। ਇਕ ਅਧਿਐਨ ਮੁਤਾਬਿਕ 1868 ਵਿਚ ਸ਼ਾਹੂਕਾਰਾਂ ਦੀ ਗਿਣਤੀ 52263 ਸੀ ਜੋ 1916 ਵਿਚ 1, 93, 890 ਹੋ ਗਈ।[100] ਇਸਦਾ ਸਿੱਧਾ ਭਾਵ ਹੈ ਕਿ ਹਿੰਦੂ ਸ਼ਾਹੂਕਾਰਾਂ ਦੀ ਥਾਂ ਸਿੱਖ ਜ਼ਿਮੀਂਦਾਰ ਸ਼ਾਹੂਕਾਰ ਲੈ ਰਹੇ ਸਨ ਤੇ ਛੋਟੀ ਕਿਸਾਨੀ ਦੀਆਂ ਕਰਜ਼ੇ ਦੀਆਂ ਜ਼ਰੂਰਤਾਂ ਉਸੇ ਤਰ੍ਹਾਂ ਕਾਇਮ ਸਨ। ਇਸ ਕਾਨੂੰਨ ਦੇ ਦੋ ਪ੍ਰਭਾਵ ਉਭਰਵੇਂ ਰੂਪ ਵਿਚ ਦਿਖਾਈ ਦੇਂਦੇ ਹਨ। ਇਕ ਪਾਸੇ ਸ਼ਾਹੂਕਾਰਾਂ ਤੇ ਧਨੀ ਕਿਸਾਨੀ ਦਾ ਗਠਜੋੜ ਬਣਿਆ ਤੇ ਸ਼ਾਹੂਕਾਰਾਂ ਦਾ ਸਰਮਾਇਆ ਧਨੀ ਕਿਸਾਨੀ ਰਾਹੀਂ ਕਿਸਾਨੀ ਦੀਆਂ ਜ਼ਮੀਨਾਂ ਖ਼ਰੀਦਣ ਲਈ ਵਰਤਿਆ ਜਾਣ ਲੱਗਾ ਜਿਸ ਦਾ ਸਬੂਤ ਸ਼ਾਹੂਕਾਰਾਂ ਦੀ ਗਿਣਤੀ ਵਿਚ ਹੋਣ ਵਾਲਾ ਅਥਾਹ ਵਾਧਾ ਹੈ, ਦੂਸਰੇ ਪਾਸੇ, ਅਜੇਹੇ ਮੌਕੇ ਪ੍ਰਦਾਨ ਕਰਕੇ ਧਨੀ ਜ਼ਿਮੀਂਦਾਰਾਂ, ਪਿੰਡ ਦੇ ਰਸੂਖ ਵਾਲੇ ਲੋਕਾਂ ਤੇ ਸਾਮਰਾਜ ਵਿਚਕਾਰ ਵੀ ਇਕ ਨਵਾਂ ਗਠਜੋੜ ਬਣਿਆ, ਕਿਉਂਕਿ ਆਰਥਕ ਤੌਰ 'ਤੇ ਛੋਟੀ ਕਿਸਾਨੀ ਨੂੰ ਲੁੱਟਣ ਦਾ ਇਹ ਮੌਕਾ ਸਾਮਰਾਜ ਦੇ ਨਵੇਂ ਬਣਾਏ ਕਾਨੂੰਨਾਂ ਦੀ ਬਦੌਲਤ ਹੀ ਕਿਸਾਨੀ ਦੇ ਉਪਰਲੇ ਵਰਗ ਨੂੰ ਹਾਸਲ ਹੋਇਆ ਸੀ ਤੇ ਇਸ ਗਠਜੋੜ ਦਾ ਫ਼ਾਇਦਾ ਸਭ ਤੋਂ ਵੱਧ ਸਾਮਰਾਜ ਨੂੰ ਹੋਇਆ।

ਇਸੇ ਹੀ ਸਮੇਂ ਦੌਰਾਨ ਹੋਈ ਪਹਿਲੀ ਸੰਸਾਰ ਜੰਗ ਵਿਚ ਇਹ ਖਿੱਤਾ ਸਿਰਫ਼ ਫ਼ੌਜੀ ਭਰਤੀ ਲਈ ਹੀ ਨਹੀਂ, ਸਗੋਂ ਸਾਮਰਾਜ ਦੀ ਹਰ ਤਰ੍ਹਾਂ ਨਾਲ ਲੜਾਈ ਵਿਚ ਸਹਾਇਤਾ ਕਰਨ ਲਈ ਅੱਗੇ ਵੱਧ ਕੇ ਆਇਆ ਤੇ ਇਸ ਵਿਚ ਸਭ ਤੋਂ ਵੱਡਾ ਹਿੱਸਾ ਸਿੱਖਾਂ ਤੇ ਵਿਸ਼ੇਸ਼ ਕਰਕੇ ਸਿੱਖ ਕਿਸਾਨੀ ਦਾ ਸੀ।

ਸੰਸਾਰ ਜੰਗ ਤੋਂ ਪਹਿਲਾਂ ਬਰਤਾਨਵੀ ਸਾਮਰਾਜ ਦੀ ਫ਼ੌਜ ਵਿਚ ਪੰਜਾਬੀਆਂ ਦੀ ਗਿਣਤੀ ਇਕ ਲੱਖ ਦੇ ਲਗਭਗ ਸੀ, ਜੋ ਇਸ ਸਮੇਂ ਦੌਰਾਨ ਵਧ ਕੇ ਲਗਭਗ ਚਾਰ ਗੁਣਾ ਤੱਕ ਹੋ ਗਈ। ਇਸ ਵਿਚ ਸਭ ਤੋਂ ਵੱਡਾ ਹਿੱਸਾ ਲਗਭਗ 90 ਹਜ਼ਾਰ ਦੀ ਗਿਣਤੀ ਸਿੱਖ ਫ਼ੌਜੀਆਂ ਦੀ ਸੀ। ਇਸ ਤੋਂ ਇਲਾਵਾ ਲੜਾਈ ਲਈ ਢਾਈ ਕਰੋੜ ਚੰਦਾ ਤੇ ਸਵਾ ਗਿਆਰਾਂ ਕਰੋੜ ਰੁਪਏ ਉਧਾਰ ਵੀ ਦਿੱਤੇ ਗਏ। ਇਨ੍ਹਾਂ ਸੇਵਾਵਾਂ ਦੇ ਇਵਜ਼ ਵਿਚ ਪੰਜਾਬ ਨੂੰ 'ਭਾਰਤ ਦੀ ਢਾਲ' ਤੇ 'ਹਿੰਦੁਸਤਾਨ ਦੀ ਖੜਗਧਾਰੀ ਬਾਂਹ' ਦੇ ਖ਼ਿਤਾਬ ਦਿੱਤੇ ਗਏ।[101]

ਇਸ ਤਰ੍ਹਾਂ ਪੰਜਾਬ ਦੀ ਵਸੋਂ ਦਾ ਇਕ ਵੱਡਾ ਹਿੱਸਾ ਫ਼ੌਜ ਵਿਚ ਭਰਤੀ ਹੋ ਕੇ ਵੱਖ-ਵੱਖ ਦੇਸ਼ਾਂ ਵਿਚ ਜਾ ਕੇ ਸਾਮਰਾਜ ਦੇ ਹਿਤਾਂ ਲਈ ਲੜਿਆ-ਮਰਿਆ। ਇਸ ਕੁਰਬਾਨੀ ਦਾ ਕਾਰਣ ਇਨ੍ਹਾਂ ਦੀ ਸਾਮਰਾਜ ਪ੍ਰਤਿ ਵਫ਼ਾਦਾਰੀ ਨਹੀਂ, ਸਗੋਂ ਆਰਥਿਕ ਜ਼ਰੂਰਤਾਂ ਦੀ ਪੂਰਤੀ ਲਈ ਹਰ ਮਹੀਨੇ ਮਿਲਣ ਵਾਲੀ ਬੱਝਵੀਂ ਤਨਖ਼ਾਹ ਸੀ। ਇਨ੍ਹਾਂ ਫ਼ੌਜੀਆਂ ਨੂੰ ਆਜ਼ਾਦ ਦੇਸ਼ਾਂ ਵਿਚ ਵਿਚਰਣ ਦਾ ਮੌਕਾ ਮਿਲਿਆ, ਜਿਸ ਕਰਕੇ ਇਨ੍ਹਾਂ ਨੂੰ ਆਪਣੀ ਗ਼ੁਲਾਮੀ ਤੇ ਸਾਮਰਾਜੀ ਚਾਲਾਂ ਦਾ ਅਨੁਭਵ ਵਧੇਰੇ ਸ਼ਿੱਦਤ ਨਾਲ ਮਹਿਸੂਸ ਹੋਇਆ। ਹਾਲਾਂਕਿ ਇਸ ਨਾਲ ਲੋਕਾਂ ਦੀ ਆਰਥਕ ਹਾਲਤ ਵਿਚ ਵੀ ਸੁਧਾਰ ਹੋਇਆ ਪਰ ਇਸ ਆਰਥਕ ਲੜਾਈ ਦੇ ਸਮਾਨਾਂਤਰ ਰਾਜਨੀਤਿਕ ਦ੍ਰਿਸ਼ 'ਤੇ ਵੀ ਬਹੁਤ ਕੁਝ ਨਵਾਂ ਵਾਪਰ ਰਿਹਾ ਸੀ, ਜਿਸ ਵਿਚੋਂ ਸਾਮਰਾਜ ਵਿਰੁੱਧ ਜਥੇਬੰਦਕ ਸੰਘਰਸ਼ ਦੇ ਵਧਦੇ ਆਸਾਰ ਵੀ ਨਜ਼ਰ ਆ ਰਹੇ ਸਨ। ਸਾਮਰਾਜ ਦੀ ਸ਼ੁਰੂ ਕੀਤੀ ਵਿਦਿਅਕ ਪ੍ਰਣਾਲੀ ਰਾਹੀਂ ਹੀ ਵਿਦਿਆ ਗ੍ਰਹਿਣ ਕਰਕੇ ਇਕ ਨਵਾਂ ਮੱਧ ਵਰਗੀ ਤਬਕਾ ਹੋਂਦ ਵਿਚ ਆ ਰਿਹਾ ਸੀ, ਜੋ ਜਨ-ਸਾਧਾਰਣ ਨਾਲੋਂ ਵਧੇਰੇ ਸੁਚੇਤ ਸੀ ਅਤੇ ਜੋ 1885 ਵਿਚ ਹੋਂਦ ਵਿਚ ਆਈ ਕਾਂਗਰਸ ਦੁਆਰਾ ਸੰਗਠਿਤ ਕੀਤਾ ਜਾ ਰਿਹਾ ਸੀ। ਇਸ ਤੋਂ ਪ੍ਰਭਾਵਿਤ ਹੋ ਕੇ ਸਾਮਰਾਜ ਦਾ ਮੁਕਾਬਲਾ ਕਰਨ ਲਈ ਇਹ ਵਰਗ ਸੁਚੇਤ ਹੋ ਰਿਹਾ ਸੀ ਤੇ ਸਾਧਾਰਣ ਲੋਕਾਈ ਵੀ ਇਸ ਤੋਂ ਪ੍ਰਭਾਵਿਤ ਹੋ ਕੇ ਇਸ ਦਾ ਹਿੱਸਾ ਬਣ ਰਹੀ ਸੀ। ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਵਾਪਰੀਆਂ ਬਹੁਤ ਸਾਰੀਆਂ ਘਟਨਾਵਾਂ ਨੇ ਆਜ਼ਾਦੀ ਦੀ ਲੜਾਈ ਨੂੰ ਲੋਕਾਂ ਦੀ ਸੋਚ ਦਾ ਹਿੱਸਾ ਬਣਾਉਣ ਵਿਚ ਅਹਿਮ ਯੋਗਦਾਨ ਪਾਇਆ।

ਸਰਕਾਰ ਕਿਸਾਨੀ ਦੇ ਵਧਦੇ ਰੋਹ ਪ੍ਰਤਿ ਸੁਚੇਤ ਸੀ ਤੇ ਕਿਸਾਨੀ ਨੂੰ ਰਾਹਤ ਦੇਣ ਲਈ ਲੈਂਡ ਏਲੀਨੇਸ਼ਨ ਐਕਟ ਦੇ ਨਾਲ-ਨਾਲ ਬਾਕੀ ਪੰਜਾਬ ਵਿਚ ਵਧਦੀ ਆਬਾਦੀ ਦਾ ਬੋਝ ਘਟਾਉਣ ਲਈ ਬਾਰਾਂ ਆਬਾਦ ਕਰ ਰਹੀ ਸੀ। ਇਸ ਦੇ ਬਾਵਜੂਦ ਕਿਸਾਨੀ ਵਿਚ ਆਰਥਕ ਹਾਲਾਤ ਕਰਕੇ ਬਾਹਰਲੇ ਦੇਸ਼ਾਂ ਵਿਚ ਮਜ਼ਦੂਰੀ ਲਈ ਜਾਣ ਦਾ ਰੁਝਾਨ ਵੀ ਵਧ ਰਿਹਾ ਸੀ ਤੇ ਕੁਝ ਲੋਕ ਉੱਚ-ਵਿਦਿਆ ਦੀ ਪ੍ਰਾਪਤੀ ਲਈ ਦੇਸ਼ ਤੋਂ ਬਾਹਰ ਜਾ ਰਹੇ ਸਨ। ਇਹ ਲੋਕ ਆਜ਼ਾਦ ਦੇਸ਼ਾਂ ਵਿਚ ਮਜ਼ਦੂਰੀ ਤੇ ਵਿਦਿਆ ਪ੍ਰਾਪਤੀ ਲਈ ਜਾ ਰਹੇ ਸਨ। ਇਸ ਲਈ ਆਪਣੇ ਦੇਸ਼ ਦੀ ਆਜ਼ਾਦੀ ਦਾ ਸੁਪਨਾ ਇਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਬਣਨਾ ਸੁਭਾਵਿਕ ਸੀ ਤੇ ਇਹ ਸੁਪਨਾ ਗ਼ਦਰ ਪਾਰਟੀ ਦੇ ਰਾਹੀਂ ਸਾਕਾਰ ਕਰਨ ਦੇ ਯਤਨ ਵੀ ਇਨ੍ਹਾਂ ਲੋਕਾਂ ਨੇ ਆਰੰਭੇ। ਗ਼ਦਰ ਲਹਿਰ ਭਾਵੇਂ ਆਪਣੇ ਅੰਤਿਮ ਨਿਸ਼ਾਨਿਆਂ ਦੀ ਪ੍ਰਾਪਤੀ ਵਿਚ ਸਫ਼ਲ ਨਾ ਹੋ ਸਕੀ। ਪਰੰਤੂ, ਗ਼ਦਰੀਆਂ ਦੀਆਂ ਸ਼ਹਾਦਤਾਂ ਤੇ ਕੁਰਬਾਨੀਆਂ ਨੇ ਆਉਣ ਵਾਲੀਆਂ ਪੀੜ੍ਹੀਆਂ ਦੀ ਮਾਨਸਿਕਤਾ ਨੂੰ ਹਰ ਤਰ੍ਹਾਂ ਪ੍ਰਭਾਵਿਤ ਕੀਤਾ ਤੇ ਇਹ ਗ਼ਦਰੀ ਸੂਰਬੀਰ ਸਾਧਾਰਣ ਲੋਕਾਈ ਦੇ ਨਾਇਕ ਬਣ ਕੇ ਉੱਭਰੇ। ਇਸ ਤੋਂ ਇਲਾਵਾ ਰੂਸ ਵਿਚ 1917 ਦਾ ਸਮਾਜਵਾਦੀ ਇਨਕਲਾਬ ਵੀ ਰਾਸ਼ਟਰੀ ਲਹਿਰ ਦਾ ਮੁੱਖ ਪ੍ਰੇਰਣਾ ਸਰੋਤ ਹੋ ਨਿਬੜਿਆ। ਇਸ ਤਰ੍ਹਾਂ ਕਿਸਾਨੀ ਇਕ ਪਾਸੇ ਆਪਣੀ ਲੜਾਈ ਲੜਨਾ ਸਿਖ ਰਹੀ ਸੀ ਤੇ ਦੂਸਰੇ ਪਾਸੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪ੍ਰਭਾਵਾਂ ਅਧੀਨ ਸਾਮਰਾਜ ਵਿਰੁੱਧ ਲੜਾਈ ਦਾ ਕੇਂਦਰ ਵੀ ਬਣ ਰਹੀ ਸੀ।

ਸਾਮਰਾਜ ਦੁਆਰਾ ਕਿਸਾਨੀ ਨੂੰ ਹਰ ਤਰ੍ਹਾਂ ਦੀ ਰਾਜਸੀ ਚੇਤਨਾ ਤੇ ਹਲਚਲ ਤੋਂ ਦੂਰ ਰੱਖਣ ਦੇ ਸੁਚੇਤ ਯਤਨ ਸਾਮਰਾਜ ਦੁਆਰਾ ਕੀਤੇ ਜਾ ਰਹੇ ਸਨ ਤੇ Land Alienation Act ਵਰਗੇ ਕਾਨੂੰਨ ਬਣਾਏ ਜਾ ਰਹੇ ਸਨ। ਦਿਖਾਵੇ ਦੀ ਪੱਧਰ 'ਤੇ ਇਸ ਵਿਚੋਂ ਬਰਤਾਨਵੀ ਸਾਮਰਾਜ ਦਾ ਛੋਟੀ ਕਿਸਾਨੀ ਪ੍ਰਤਿ ਹੇਜ ਕੰਮ ਕਰਦਾ ਦਿਖਾਈ ਦੇਂਦਾ ਹੈ, ਪਰ ਇਸ ਦੇ ਗੁੱਝੇ ਮੰਤਵ ਵੀ ਸਾਹਮਣੇ ਆ ਰਹੇ ਸਨ ਤੇ ਕਿਸਾਨੀ ਵਿਚੋਂ ਹੀ ਇਕ ਅਜੇਹਾ ਵਰਗ ਉੱਭਰ ਕੇ ਸਾਹਮਣੇ ਆ ਰਿਹਾ ਸੀ ਜੋ ਹਿੰਦੂ ਸ਼ਾਹੂਕਾਰਾਂ ਦੀ ਥਾਂ ਲੈ ਕੇ ਜਾਂ ਉਨ੍ਹਾਂ ਨਾਲ ਭਿਆਲੀ ਪਾ ਕੇ ਆਪਣੇ ਸਰਮਾਏ ਤੇ ਜਾਇਦਾਦ ਵਿਚ ਵਾਧਾ ਕਰ ਰਿਹਾ ਸੀ। ਅਜਿਹੇ ਹਾਲਾਤ ਵਿਚ ਜਾਗੀਰਦਾਰੀ ਪ੍ਰਬੰਧ ਆਪਣੀਆਂ ਸੰਭਾਵਨਾਵਾਂ ਦੇ ਸਿਖਰ 'ਤੇ

ਪਹੁੰਚ ਕੇ ਖੜੋਤ ਦਾ ਸ਼ਿਕਾਰ ਹੋ ਚੁੱਕਾ ਸੀ ਤੇ ਹੋਰ ਵਿਕਾਸ ਲਈ ਪੈਦਾਵਾਰੀ ਰਿਸ਼ਤਿਆਂ ਵਿਚ ਤਬਦੀਲੀ ਲਾਜ਼ਮੀ ਸੀ ਤੇ ਇਸ ਤਬਦੀਲੀ ਦਾ ਸੂਤਰਧਾਰ ਹਿੰਦੁਸਤਾਨ ਦੀ ਵਪਾਰੀ ਤੇ ਸ਼ਾਹੂਕਾਰ ਜਮਾਤ ਨੇ ਹੀ ਬਣਨਾ ਸੀ ਜਿਸਨੇ ਆਪਣੇ ਸਰਮਾਏ ਨੂੰ ਹੋਰ ਖੇਤਰਾਂ ਵਿਚ ਲਾ ਕੇ ਪੂੰਜੀਵਾਦੀ ਅਰਥ-ਵਿਵਸਥਾ ਨੂੰ ਉਸਾਰਣ ਦਾ ਅਗਾਂਹਵਧੂ ਇਤਿਹਾਸਕ ਰੋਲ ਅਦਾ ਕਰਨਾ ਸੀ।[102] ਪਰ ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਹਿੰਦੁਸਤਾਨ ਵਿਚ ਅਗਲੇਰਾ ਆਰਥਕ-ਸਮਾਜਕ ਵਿਕਾਸ ਉਪਰੋਕਤ ਮਾਡਲ ਅਨੁਸਾਰ ਨਹੀਂ ਹੋਇਆ। ਬਸਤੀਵਾਦੀ ਦੇਸ਼ ਹੋਣ ਕਰਕੇ ਇਥੋਂ ਦੇ ਹਾਲਾਤ ਵੱਖਰੀ ਭਾਂਤ ਦੇ ਸਨ। ਸਥਾਨਕ ਸ਼ਾਹੂਕਾਰ ਜਮਾਤ ਜਿੱਥੇ ਆਰਥਿਕ ਹਿਤਾਂ ਲਈ ਤਾਂ ਇਸ ਤਬਦੀਲੀ ਲਈ ਤਿਆਰ ਸੀ, ਉਥੇ ਧਾਰਮਕ ਦਾਇਰਿਆਂ ਦੀ ਵਲਗਣ ਵਿਚ ਫਸੀ ਹੋਣ ਕਰਕੇ ਇਥੋਂ ਦੀ ਸਰਮਾਏਦਾਰੀ ਦੋ ਫਾੜ ਸ਼ਖ਼ਸੀਅਤ ਦੇ ਰੂਪ ਵਿਚ ਉਭਰੀ ਤੇ ਧਾਰਮਿਕ ਕੱਟੜਤਾ ਤੋਂ ਉੱਪਰ ਉੱਠ ਕੇ ਕੌਮੀਅਤ ਦੀ ਭਾਵਨਾ ਤੋਂ ਪ੍ਰਭਾਵਿਤ ਮਾਹੌਲ ਉਸਾਰ ਸਕਣ ਵਿਚ ਨਾਕਾਮ ਰਹੀ, ਇਸ ਦੋਫਾੜਤਾ ਦੇ ਦੂਰ-ਰਸ ਸਿੱਟੇ ਨਿਕਲੇ। ਨਤੀਜੇ ਵਜੋਂ ਮੱਧਕਾਲ ਵਿਚ ਪੰਜਾਬ ਨੇ ਜਿਹੜੀ ਸੁਤੰਤਰ ਪ੍ਰਦੇਸ਼ਕ, ਰਾਜਨੀਤਿਕ ਅਤੇ ਸਭਿਆਚਾਰਕ ਪਛਾਣ ਸਥਾਪਤ ਕੀਤੀ ਸੀ, ਆਧੁਨਿਕ ਯੁੱਗ ਵਿਚ ਉਸਦੇ ਅਗਲੇਰੇ ਵਿਕਾਸ ਦੀਆਂ ਸੰਭਾਵਨਾਵਾਂ ਇਕ ਆਰਥਕ ਬਣਤਰ (ਸਾਮੰਤਵਾਦੀ) ਤੋਂ ਦੂਸਰੀ ਨਵੀਂ ਅਤੇ ਵਿਕਸਿਤ ਆਰਥਕ ਬਣਤਰ (ਬੁਰਜੁਆ) ਵਿਚ ਦਾਖਲ ਹੋਣ ਸਮੇਂ ਆਰਥਕ ਜਮਾਤਾਂ ਦੇ ਨਾਲੋਂ-ਨਾਲ ਧਾਰਮਕ ਵਲਗਣਾਂ ਵਿਚ ਵਿਕਸਿਤ ਅਤੇ ਸਥਾਪਤ ਹੋਣ ਕਾਰਨ ਵਿਗਠਤ ਅਤੇ ਦੋ ਫਾੜ (Split) ਹੋ ਗਈ।[103] ਜਿਸ ਨੇ ਰਾਸ਼ਟਰੀ ਲਹਿਰ ਦੇ ਨਾਲ-ਨਾਲ ਦੇਸ਼ ਵੰਡ ਲਈ ਵੀ ਜ਼ਮੀਨ ਤਿਆਰ ਕਰ ਦਿੱਤੀ ਤੇ "ਅਜੋਕੇ ਦੌਰ ਵਿਚ ਪੰਜਾਬ ਦੇ ਹਰ ਖੇਤਰ ਦਾ ਵਿਕਾਸ ਦੋਫਾੜ ਸ਼ਖ਼ਸੀਅਤ (Split Pasonality) ਦੇ ਰੂਪ ਵਿਚ ਹੋਇਆ ਅਤੇ ਇਹੋ ਆਧੁਨਿਕ ਪੰਜਾਬ ਦੇ ਸਮੁੱਚੇ ਗੰਭੀਰ, ਆਰਥਕ, ਸਮਾਜਕ, ਰਾਜਨੀਤਿਕ ਅਤੇ ਸਭਿਆਚਾਰਕ ਸੰਕਟਾਂ ਅਤੇ ਸਥਿਤੀਆਂ ਦਾ ਮੂਲ ਕਾਰਣ ਅਤੇ ਇਨ੍ਹਾਂ ਦੇ ਸਹੀ ਅਧਿਐਨ ਦਾ ਇਕੋ-ਇਕ ਫ਼ੈਸਲਾਕੁੰਨ ਆਧਾਰ ਹੈ।"[104]

ਸ਼ਾਹੂਕਾਰਾਂ ਦੁਆਰਾ ਹੁੰਦੀ ਲੁੱਟ ਤੇ ਸਾਮਰਾਜ ਦੀਆਂ ਲੁੱਟ-ਖਸੁੱਟ ਵਾਲੀਆਂ ਆਰਥਕ ਨੀਤੀਆਂ

ਕਾਰਣ ਕਿਸਾਨੀ ਦੀ ਆਰਥਕ ਹਾਲਤ ਦਿਨ-ਬ-ਦਿਨ ਮਾੜੀ ਹੁੰਦੀ ਜਾ ਰਹੀ ਸੀ। ਛੋਟੀ ਕਿਸਾਨੀ ਦੀ ਇਸ ਮੰਦੀ ਆਰਥਕ ਹਾਲਤ ਨੂੰ ਸਾਮਰਾਜ ਤੇ ਧਨੀ ਕਿਸਾਨੀ ਦੋਵੇਂ ਹੀ ਆਪਣੇ-ਆਪਣੇ ਹਿਤਾਂ ਤੋਂ ਦੇਖ ਅਤੇ ਪੇਸ਼ ਕਰ ਰਹੇ ਸਨ। ਸਾਮਰਾਜ ਕਾਂਗਰਸ ਦੇ ਰੂਪ ਵਿਚ ਸ਼ਾਹੂਕਾਰ ਤੇ ਵਪਾਰੀ ਵਰਗ ਦੇ ਵਿਰੋਧ ਨੂੰ ਕਿਸਾਨੀ ਦੇ ਹੱਕ ਵਿਚ ਤੇ ਗ਼ੈਰ-ਕਾਸ਼ਤਕਾਰ ਵਪਾਰੀ ਵਰਗ ਦੇ ਵਿਰੋਧ ਵਿਚ ਕਾਨੂੰਨ ਬਣਾਉਣ ਨਾਲ ਜੋੜ ਕੇ ਪੇਸ਼ ਕਰ ਰਿਹਾ ਸੀ ਤੇ ਧਨੀ ਕਿਸਾਨੀ ਇਸ ਨੂੰ ਜੱਟ ਭਰਾਵਾਂ ਦੇ ਆਪਸੀ ਮਸਲੇ ਦੇ ਰੂਪ ਵਿਚ ਪੇਸ਼ ਕਰ ਰਹੀ ਸੀ। ਜੱਟਾਂ ਦੀ ਇਹ ਭਾਈਚਾਰਕ ਸਾਂਝ ਵੀ ਇਕ ਬਹੁਤ ਹੀ ਦਿਲਚਸਪ ਮਸਲਾ ਹੈ ਜਿਸ ਦਾ ਆਧਾਰ ਆਰਥਕ ਨਾ ਹੋ ਕੇ ਨਿਰੋਲ ਸਮਾਜਕ ਹੈ। ਪਰੰਪਰਾਗਤ ਮਾਨਸਿਕਤਾ ਦੀ ਧਾਰਨੀ ਕਿਸਾਨੀ ਵੀ ਆਰਥਕ ਹਿਤਾਂ ਨੂੰ ਅੱਖੋਂ ਪਰੋਖੇ ਕਰਕੇ ਇਸ ਨੂੰ ਨਿਰੋਲ ਭਾਈਚਾਰਕ ਦ੍ਰਿਸ਼ਟੀ ਤੋਂ ਹੀ ਦੇਖਦੀ ਹੈ, ਇਸੇ ਕਰਕੇ ਹੀ ਛੋਟੇ ਤੋਂ ਛੋਟਾ ਕਿਸਾਨ ਵੀ ਇਸ ਭਾਈਚਾਰਕ ਸਾਂਝ ਦਾ ਹਿੱਸਾ ਬਣਕੇ ਮਾਨਸਿਕ ਤੌਰ ’ਤੇ ਸੁਰੱਖਿਅਤ ਤੇ ਵਡੱਪਣ ਮਹਿਸੂਸ ਕਰਦਾ ਹੈ ਤੇ ਇਸ ਸਾਂਝ ਥੱਲੇ ਕਿਸਾਨੀ ਦੇ ਸਾਰੇ ਆਰਥਕ ਵਿਰੋਧ ਮਰ-ਮਿਟ ਜਾਂਦੇ ਹਨ। ਧਨੀ ਕਿਸਾਨੀ ਆਪਣੀ ਆਰਥਕ ਲੁੱਟ ਦੀ ਪਰਦਾ ਪੋਸ਼ੀ ਲਈ ਇਸ ਭਾਈਚਾਰਕ ਸਾਂਝ ਨੂੰ ਹੋਰ ਵੀ ਉਭਾਰ ਕੇ ਪੇਸ਼ ਕਰਦੀ ਹੈ। ਅਜਿਹੇ ਗੁੰਝਲਦਾਰ ਤੇ ਸਮਾਜਕ ਤੰਦਾਂ ’ਤੇ ਆਧਾਰਿਤ ਸਮਾਜ ਵਿਚ ਨਿਰੋਲ ਆਰਥਿਕਤਾ ਨੂੰ ਆਧਾਰ ਬਣਾ ਕੇ ਆਰਥਕ-ਸਮਾਜਕ ਬਣਤਰ ਨੂੰ ਸਮਝ ਸਕਣਾ ਸੰਭਵ ਨਹੀਂ, ਪਰ ਇਸ ਦੇ ਬਾਵਜੂਦ ਸਮੁੱਚੀਆਂ ਧਿਰਾਂ ਰਾਜਨੀਤਿਕ ਤੌਰ ’ਤੇ ਸੁਚੇਤ ਹੋ ਰਹੀਆਂ ਸਨ ਤੇ ਇਸ ਚੇਤਨਾ ਦਾ ਸਾਂਝਾ ਆਧਾਰ ਬਿੰਦੂ ਸਾਮਰਾਜ ਤੋਂ ਆਜ਼ਾਦੀ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਸੀ ਤੇ ਇਸ ਲੜਾਈ ਵਿਚ ਸਮੁੱਚੀਆਂ ਧਿਰਾਂ ਦੀ ਸ਼ਮੂਲੀਅਤ ਦੀ ਜ਼ਰੂਰਤ ਮਹਿਸੂਸ ਹੋ ਰਹੀ ਸੀ। ਇਸ ਕਰਕੇ ਕਾਂਗਰਸ ਜੋ ਪਹਿਲਾਂ ਸਿਰਫ਼ ਸ਼ਹਿਰੀ, ਵਪਾਰਕ ਤੇ ਮੱਧ ਸ਼੍ਰੇਣੀ ਤੱਕ ਸੀਮਿਤ ਸੀ, ਨੇ ਕਿਸਾਨੀ ਨੂੰ ਵੀ ਇਸ ਲੜਾਈ ਵਿਚ ਧਿਰ ਬਣਾਉਣ ਲਈ ਉਸ ਦੀਆਂ ਮੰਗਾਂ ਨੂੰ ਵੀ ਆਪਣੇ 1919 ਦੇ ਅੰਮ੍ਰਿਤਸਰ ਵਿਚ ਹੋਣ ਵਾਲੇ ਸੈਸ਼ਨ ਵਿਚ ਸ਼ਾਮਲ ਕੀਤਾ ਸੀ।[105] ਇਸ ਤਰ੍ਹਾਂ ਬਰਤਾਨਵੀ ਸਾਮਰਾਜ ਤੇ ਕਾਂਗਰਸ ਦੋਹਾਂ ਧਿਰਾਂ ਵੱਲੋਂ ਹੀ ਕਿਸਾਨੀ ਨੂੰ ਆਪਣੇ ਨਾਲ ਜੋੜਨ ਦੀਆਂ ਸੁਚੇਤ ਕੋਸ਼ਿਸ਼ਾਂ ਹੋ ਰਹੀਆਂ ਸਨ।

ਜਿਸ ਤੋਂ ਕਿਸਾਨੀ ਦਾ ਮਹੱਤਵ ਭਲੀ ਭਾਂਤ ਸਮਝਿਆ ਜਾ ਸਕਦਾ ਹੈ। ਪਰ ਇਸ ਸਮੇਂ ਦੌਰਾਨ ਕੁਝ ਇਕ ਅਜੇਹੀਆਂ ਰਾਜਨੀਤਿਕ ਘਟਨਾਵਾਂ ਵਾਪਰੀਆਂ ਜਿਸ ਨਾਲ ਕਿਸਾਨੀ ਤੇ ਬਰਤਾਨਵੀ ਸਾਮਰਾਜ ਦਾ ਸੁਖਾਵਾਂ ਰਿਸ਼ਤਾ ਟੁੱਟਦਾ ਹੋਇਆ ਨਜ਼ਰ ਆਉਂਦਾ ਹੈ।

1919 ਵਿਚ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਵਿਚ ਨਿਹੱਥੇ ਲੋਕਾਂ ’ਤੇ ਗੋਲਾਬਾਰੀ ਨੇ ਸਮੁੱਚੇ ਦੇਸ਼ ’ਤੇ ਖਾਸ ਕਰਕੇ ਪੰਜਾਬ ਵਿਚ ਸਾਮਰਾਜ ਦੇ ਖ਼ਿਲਾਫ ਅਜੇਹਾ ਮਾਹੌਲ ਸਿਰਜਿਆ ਕਿ ਕੋਈ ਵੀ ਬਰਤਾਨਵੀ ਸਾਮਰਾਜ ਦੇ ਇਸ ਅਮਾਨਵੀ ਵਿਹਾਰ ਨੂੰ ਠੀਕ ਨਹੀਂ ਸੀ ਕਹਿ ਸਕਦਾ ਤੇ ਸਭ ਤੋਂ ਫ਼ੈਸਲਾਕੁੰਨ ਘਟਨਾ ਗੁਰਦਵਾਰਿਆਂ ਦੇ ਕੰਟਰੋਲ ਨੂੰ ਲੈ ਕੇ ਸਿੱਖਾਂ ਤੇ ਸਾਮਰਾਜ ਵਿਚ ਹੋਏ ਸੰਘਰਸ਼ ’ਤੇ ਆਧਾਰਤ ਸੀ। ਇਸ ਨਾਲ ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਤੇ ਮਾਨਸਿਕਤਾ ਜੁੜੀ ਹੋਈ ਸੀ। ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਬਰਤਾਨਵੀ ਸਾਮਰਾਜ ਜੋ ਹੁਣ ਤੱਕ ਸਿੱਖ ਮਾਨਸਿਕਤਾ ਨੂੰ ਸਮਝ ਕੇ ਇਸ ਨੂੰ ਆਪਣੇ ਨਾਲ ਜੋੜੀ ਆ ਰਿਹਾ ਸੀ, ਇਸ ਲਹਿਰ ਦੌਰਾਨ ਉਹ ਸਿੱਧੇ ਰੂਪ ਵਿਚ ਗੁਰਦਵਾਰਿਆਂ ’ਤੇ ਕਾਬਜ਼ ਮਹੰਤਾਂ ਨਾਲ ਧਿਰ ਬਣ ਕੇ ਖਲੋਂਦਾ ਹੈ, ਸ਼ਾਇਦ ਇਹ ਗੱਲ ਬਰਤਾਨਵੀ ਸਾਮਰਾਜ ਦੀ ਸੋਚ ਦਾ ਹਿੱਸਾ ਬਣ ਚੁੱਕੀ ਸੀ ਕਿ ਅਜੋਕੇ ਰਾਸ਼ਟਰੀ ਸੰਘਰਸ਼ ਤੇ ਗੌਰਵ ਨਾਲ ਜੁੜੇ ਮਸਲਿਆਂ ਕਰਕੇ ਸਿੱਖਾਂ ਨੂੰ ਇਸ ਲਹਿਰ ਦਾ ਹਿੱਸਾ ਬਣਨ ਤੋਂ ਰੋਕਿਆ ਨਹੀਂ ਜਾ ਸਕਦਾ। ਇਸ ਲਹਿਰ ਵਿਚ ਸਿੱਖਾਂ ਨੇ ਜਿਸ ਉੱਚੀ ਤੇ ਸੁੱਚੀ ਭਾਵਨਾ ਨਾਲ ਸ਼ਾਂਤਮਈ ਰਹਿ ਕੇ ਸਾਮਰਾਜ ਦੇ ਜਬਰ ਦਾ ਮੁਕਾਬਲਾ ਕੀਤਾ ਉਸਨੇ ਸਿਰਫ਼ ਸਿੱਖਾਂ ਦਾ ਸਿਰ ਹੀ ਉੱਚਾ ਨਹੀਂ ਕੀਤਾ, ਸਗੋਂ ਇਹ ਬਰਤਾਨਵੀ ਸਾਮਰਾਜ ਵਿਰੁੱਧ ਸੰਘਰਸ਼ ਦਾ ਸਰਮਾਇਆ ਹੋ ਨਿਬੜਿਆ ਤੇ ਅੰਤ ਸਾਮਰਾਜ ਨੂੰ ਗੁਰਦਵਾਰਿਆਂ ਦਾ ਕੰਟਰੋਲ ਮਹੰਤਾਂ ਤੋਂ ਲੈ ਕੇ ਸਿੱਖਾਂ ਦੇ ਹੱਥ ਦੇਣ ਲਈ ਮਜਬੂਰ ਹੋਣਾ ਪਿਆ। ਇਸ ਲਹਿਰ ਨੇ ਸਿੱਖਾਂ ਤੇ ਸਾਮਰਾਜ ਵਿਚਲੇ ਰਿਸ਼ਤੇ ਨੂੰ ਸੁਖਾਵਾਂ ਨਾ ਰਹਿਣ ਦਿੱਤਾ ਤੇ ਇਸ ਰਿਸ਼ਤੇ ਵਿਚਲੀ ਜਿਹੜੀ ਥੋੜ੍ਹੀ ਬਹੁਤੀ ਸਾਂਝ ਬਚੀ ਰਹਿ ਗਈ ਸੀ, ਉਸ ਨੂੰ ਖ਼ਤਮ ਕਰਨ ਵਿਚ ਇਸੇ ਹੀ ਵੇਲੇ ਸ਼ੁਰੂ ਹੋਈ ਬੱਬਰ ਅਕਾਲੀ ਲਹਿਰ ਨੇ ਮਹੱਤਵਪੂਰਨ ਰੋਲ ਨਿਭਾਇਆ। ਇਸ ਲਹਿਰ ਦਾ ਮਕਸਦ 1857 ਦੇ ਗ਼ਦਰ ਦੀ ਤਰਜ਼ ’ਤੇ ਹਥਿਆਰਬੰਦ ਸੰਘਰਸ਼ ਨਾਲ ਅੰਗਰੇਜ਼ਾਂ ਨੂੰ ਬਾਹਰ ਕੱਢ ਕੇ

ਆਜ਼ਾਦੀ ਹਾਸਲ ਕਰਨ ਦਾ ਸੀ।[106] ਇਨ੍ਹਾਂ ਸਮੁੱਚੀਆਂ ਘਟਨਾਵਾਂ ਨੇ ਸਾਮਰਾਜ ਨੂੰ ਆਪਣੇ .ਫ਼ੌਜੀ ਭਰਤੀ ਦੇ ਕੇਂਦਰ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ। ਇਸ ਲਈ ਅੰਗਰੇਜ਼ਾਂ ਨੇ .ਫ਼ੌਜ ਵਿਚ ਸਿੱਖਾਂ ਦੀ ਭਰਤੀ 20 ਪ੍ਰਤੀਸ਼ਤ ਤੋਂ ਘਟਾ ਕੇ 1930 ਵਿਚ 13.58 ਪ੍ਰਤੀਸ਼ਤ ਕਰ ਦਿੱਤਾ ਤੇ ਇਸਦੀ ਥਾਂ ਮੁਸਲਮਾਨਾਂ ਦੀ ਭਰਤੀ ਲਗਭਗ ਦੁੱਗਣੀ ਕਰ ਦਿੱਤੀ।[107]

ਇਸ ਸਮੇਂ ਦੌਰਾਨ ਅੰਤਰ-ਰਾਸ਼ਟਰੀ ਪੱਧਰ ’ਤੇ ਵਾਪਰੀਆਂ ਘਟਨਾਵਾਂ ਨੇ ਇੱਥੋਂ ਦੇ ਲੋਕਾਂ ਦੇ ਜੀਵਨ ’ਤੇ ਬਹੁਤ ਸਾਰੇ ਅਸਰ ਪਾਏ। 1917 ਵਿਚ ਰੂਸ ਦੇ ਸਮਾਜਵਾਦੀ ਇਨਕਲਾਬ ਦੀ ਸਥਾਪਨਾ ਨੇ ਜਿੱਥੇ ਲੋਕਾਂ ਦੇ ਮਨਾਂ ਵਿਚ ਆਜ਼ਾਦੀ ਦੇ ਸੁਪਨੇ ਨੂੰ ਬੀਜਿਆ ਉਥੇ ਲੋਕਾਂ ਦੇ ਆਪਣੇ ਰਾਜ ਦਾ ਸੁਪਨਾ ਵੀ ਉਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਬਣਿਆ ਤੇ ਇਸਦੇ ਪ੍ਰਭਾਵ ਅਧੀਨ ਸਮੁੱਚੇ ਹਿੰਦੁਸਤਾਨ ਤੇ ਪੰਜਾਬ ਵਿਚ ਖੱਬੇਪੱਖੀ ਲਹਿਰ ਦੀ ਨੀਂਹ ਰੱਖੀ ਗਈ। ਇਸ ਸਮੇਂ 1929-30 ਦਾ ਵਿਸ਼ਵ-ਵਿਆਪੀ ਆਰਥਕ ਮੰਦਵਾੜਾ ਸਾਹਮਣੇ ਆਇਆ। ਜਿਸ ਨਾਲ ਯੂਰਪ ਵਿਚ ਵੱਡੇ ਪੱਧਰ ’ਤੇ ਬੇ-ਰੁਜ਼ਗਾਰੀ ਫੈਲੀ, ਕਾਰਖਾਨੇ ਬੰਦ ਹੋਣ ਲੱਗੇ। ਇਸ ਸੰਕਟ ਦਾ ਅਸਰ ਪੰਜਾਬ ਦੀ ਕਿਸਾਨੀ ’ਤੇ ਪੈਣਾ ਵੀ ਸੁਭਾਵਿਕ ਸੀ, ਜਿੱਥੇ ਪਹਿਲੀ ਸੰਸਾਰ ਜੰਗ ਦੌਰਾਨ .ਫ਼ਸਲਾਂ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਸਨ ਤੇ ਕਿਸਾਨੀ ਆਰਥਕ ਤੌਰ ’ਤੇ ਖ਼ੁਸ਼ਹਾਲ ਹੋ ਰਹੀ ਸੀ, ਉਥੇ ਇਸ ਸੰਕਟ ਨਾਲ .ਫ਼ਸਲਾਂ ਦੀਆਂ ਕੀਮਤਾਂ ਇਸ ਹੱਦ ਤੱਕ ਡਿੱਗ ਪਈਆਂ ਕਿ ਕਿਸਾਨੀ ਲਈ ਆਪਣੇ ਘਰੇਲੂ ਖ਼ਰਚ ਤੇ ਸਾਮਰਾਜ ਦੁਆਰਾ ਲਾਏ ਜਾਂਦੇ ਖੇਤੀ ਟੈਕਸ ਦੇ ਸਕਣੇ ਵੀ ਮੁਸ਼ਕਲ ਹੋ ਗਏ। ਕਾਰਖਾਨੇ ਬੰਦ ਹੋਣ ਕਾਰਣ ਬੇ-ਰੁਜ਼ਗਾਰੀ ਵਧੀ। ਜ਼ਮੀਨਾਂ ਦੀਆਂ ਕੀਮਤਾਂ ਘਟ ਗਈਆਂ। ਸਰਕਾਰ ਵੱਲੋਂ ਕਿਸਾਨੀ ਨੂੰ ਰਾਹਤ ਦੇਣ ਲਈ ਕੋਈ ਯਤਨ ਨਾ ਕੀਤੇ ਗਏ। ਇਸ ਮੰਦਵਾੜੇ ਨੇ ਲੋਕ ਰੋਹ ਨੂੰ ਇਕ ਸੇਧ ਦੇ ਕੇ ਜਥੇਬੰਦ ਕਰਨ ਲਈ ਆਧਾਰ ਮੁਹੱਈਆ ਕੀਤਾ ਤੇ ਕਿਸਾਨੀ ਨੂੰ ਜਥੇਬੰਦ ਕਰਨ ਲਈ 1936 ਵਿਚ ਕਿਸਾਨ ਸਭਾ ਹੋਂਦ ਵਿਚ ਆਈ ਜਿਸ ਨੇ ਕਿਸਾਨੀ ਮੰਗਾਂ ਨੂੰ ਉਭਾਰਿਆ। ਇਸ ਤੋਂ ਪ੍ਰਭਾਵਤ ਹੋ ਕੇ 1937 ਵਿਚ ਪੰਜਾਬ ਕਿਸਾਨ ਸਭਾ ਹੋਂਦ ਵਿਚ ਆਈ।[108] ਜਿਸ ਨੇ 1938 ਵਿਚ ਆਪਣੇ ਲਾਇਲਪੁਰ ਵਾਲੇ ਇਜਲਾਸ ਵਿਚ ਕਿਸਾਨੀ ਦੀਆਂ ਆਰਥਕ ਮੰਗਾਂ; ਕਿਸਾਨਾਂ ਦੇ ਕਰਜ਼ੇ ਮੁਆਫ਼

ਕੀਤੇ ਜਾਣ, ਲਗਾਨ ਇਨਕਮ ਟੈਕਸ ਦੇ ਨਿਯਮਾਂ ’ਤੇ ਆਧਾਰਿਤ ਹੋਣਾ ਚਾਹੀਦਾ ਹੈ, ਜ਼ਮੀਨ ਹਲਵਾਹਕ ਨੂੰ ਦਿੱਤੀ ਜਾਵੇ ਆਦਿ ਨੂੰ ਉਭਾਰਿਆ।[109] ਕਿਸਾਨਾਂ ਦੀ ਜਥੇਬੰਦ ਤਾਕਤ ਨੇ ਸਾਮਰਾਜ ਨੂੰ ਕਿਸਾਨੀ ਦੀਆਂ ਮੰਗਾਂ ਵੱਲ ਧਿਆਨ ਦੇਣ ਲਈ ਤੇ ਕੁਝ ਮੰਗਾਂ ਮੰਨਣ ਲਈ ਮਜਬੂਰ ਕੀਤਾ ਤੇ ਲਗਾਨ ਨਿਸ਼ਚਿਤ ਕਰਨ ਵਾਲੀਆਂ ਕਮੇਟੀਆਂ ਵਿਚ ਮੁਜ਼ਾਰਿਆਂ ਦਾ ਇਕ ਪ੍ਰਤਿਨਿਧ ਵੀ ਪਹਿਲੀ ਵਾਰ ਸ਼ਾਮਲ ਕੀਤਾ ਗਿਆ। ਕਿਸਾਨੀ ਨੇ ਇਸ ਨੂੰ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ 1936-37 ਵਿਚ ‘ਜ਼ਮੀਨ ਹਲਵਾਹਕ ਦੀ’ ਦਾ ਨਾਹਰਾ ਦਿੱਤਾ। ਇਹ ਸੰਘਰਸ਼ ਹੌਲੀ-ਹੌਲੀ ਸਾਮਰਾਜ ਵਿਰੋਧੀ ਹੋ ਗਿਆ। ਪਿੰਡਾਂ ਦਾ ਕਿਸਾਨ ਵੀ ਸ਼ਹਿਰਾਂ ਵਿਚ ਉੱਠ ਰਹੀਆਂ ਲੋਕ ਲਹਿਰਾਂ ਦਾ ਸਮਰਥਨ ਕਰਨ ਲੱਗਾ। ਕਿਸਾਨ ਰਾਜਨੀਤਿਕ ਮੁਜ਼ਾਹਰਿਆਂ ਨੂੰ ਸੁਣਨ ਲਈ ਪਿੰਡਾਂ ਤੋਂ ਸ਼ਹਿਰਾਂ ਵੱਲ ਆਉਣੇ ਸ਼ੁਰੂ ਹੋ ਗਏ।[110]

ਵੈਸੇ ਤਾਂ ਸਮੁੱਚੀ ਕਿਸਾਨੀ ਹੀ ਆਰਥਕ ਤੌਰ ’ਤੇ ਮੰਦੀ ਹਾਲਤ ਦਾ ਸ਼ਿਕਾਰ ਬਣੀ ਹੋਈ ਸੀ, ਪਰ ਰਿਆਸਤੀ ਕਿਸਾਨਾਂ ਦੀ ਹਾਲਤ ਵਧੇਰੇ ਮਾੜੀ ਸੀ। ਰਿਆਸਤਾਂ ਦੇ ਕਾਨੂੰਨ ਮੁਤਾਬਿਕ ਕਿਸਾਨਾਂ ਦਾ ਰੁਤਬਾ ਮਾਲਕ ਵਾਲਾ ਨਹੀਂ, ਮੁਜ਼ਾਰੇ ਜਾਂ ‘ਮਾਲਕ ਅਦਨਾ’ ਵਾਲਾ ਸੀ। ਰਿਆਸਤ ਦੀ ਸਮੁੱਚੀ ਜ਼ਮੀਨ ਦਾ ‘ਆਲ੍ਹਾ ਮਾਲਕ’ ਰਾਜਾ ਖ਼ੁਦ ਸੀ, ਇੱਥੋਂ ਦੇ ਵਸਨੀਕ ਅੰਗਰੇਜ਼ ਸਾਮਰਾਜ ਦੇ ਨਾਲ-ਨਾਲ ਰਾਜਿਆਂ ਦੇ ਗ਼ੁਲਾਮ ਵੀ ਸਨ ਤੇ ਬਰਤਾਨਵੀ ਸਾਮਰਾਜ ਨੇ ਰਿਆਸਤਾਂ ਦੇ ਹਾਕਮਾਂ ਨੂੰ ਹਰ ਤਰ੍ਹਾਂ ਦੀ ਖੁਲ੍ਹ ਦਿੱਤੀ ਹੋਈ ਸੀ। ਇੱਥੋਂ ਤੱਕ ਜੇ ਕਰ ਕੋਈ ਕਿਸਾਨ ਬੇ-ਔਲਾਦ ਮਰ ਜਾਂਦਾ ਸੀ ਤਾਂ ਉਸ ਦੀ ਜ਼ਮੀਨ-ਜਾਇਦਾਦ ਮਹਿਕਮਾ ਨਜ਼ੂਲ ਅਧੀਨ ਰਾਜੇ ਦੀ ਨਿਜੀ ਜਾਇਦਾਦ ਵਿਚ ਸ਼ਾਮਲ ਹੋ ਜਾਂਦੀ ਸੀ। ਸਮੁੱਚੇ ਦੇਸ਼ ਵਿਚ ਸਾਮਰਾਜ ਦੇ ਖ਼ਿਲਾਫ ਸੰਘਰਸ਼ ਵਾਲਾ ਮਾਹੌਲ ਬਣਿਆ ਹੋਇਆ ਸੀ ਤੇ ਸਾਮਰਾਜ ਦੀ ਵਿਸ਼ੇਸ਼ ਦਇਆ-ਦ੍ਰਿਸ਼ਟੀ ਦੀਆਂ ਪਾਤਰ ਰਿਆਸਤਾਂ ਦੇ ਕਿਸਾਨ ਵੀ ਆਪਣੇ ਹਿੱਤਾਂ ਦੀ ਰੱਖਿਆ ਲਈ All India States People’s Conference ਦੇ ਝੰਡੇ ਹੇਠ ਇਕੱਠੇ ਹੋ ਰਹੇ ਸਨ। ਰਾਸ਼ਟਰੀ ਪੱਧਰ ’ਤੇ ਇਹ ਜਥੇਬੰਦੀ 1927 ਵਿਚ ਹੋਂਦ ਵਿਚ ਆਈ ਸੀ, ਜਦਕਿ ਪੰਜਾਬ ਵਿਚ ਪਰਜਾ ਮੰਡਲ ਦੇ ਨਾਂ ਹੇਠ 1928 ਵਿਚ।[111]

ਇਸੇ ਹੀ ਸਮੇਂ ਦੌਰਾਨ 1935 ਵਿਚ ਪ੍ਰਾਂਤਕ ਸਰਕਾਰਾਂ ਕਾਇਮ ਕਰਨ ਸੰਬੰਧੀ ਨਵਾਂ ਕਾਨੂੰਨ ਹੋਂਦ ਵਿਚ ਆਇਆ ਤੇ ਇਸ ਕਾਨੂੰਨ ਤਹਿਤ 1937 ਵਿਚ ਪਹਿਲੀ ਵਾਰ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਵੋਟ ਪਾਉਣ ਦਾ ਅਧਿਕਾਰ ਸੀਮਤ ਲੋਕਾਂ ਕੋਲ ਸੀ।[112] ਸਾਮਰਾਜ ਪੱਖੀ ਯੂਨੀਅਨਿਸਟ ਪਾਰਟੀ ਨੇ ਸਰਕਾਰ ਬਣਾਈ। ਯੂਨੀਅਨਿਸਟ ਪਾਰਟੀ ਅਸਲ ਵਿਚ ਧਨੀ ਕਿਸਾਨੀ ਨਾਲ ਸੰਬੰਧਿਤ ਸੀ, ਇਸ ਲਈ ਚੋਣਾਂ ਜਿੱਤਣ ਤੋਂ ਬਾਅਦ ਇਨ੍ਹਾਂ ਨੇ ਕਿਸਾਨੀ ਦੇ ਹਿਤਾਂ ਲਈ ਕਈ ਕਾਨੂੰਨ ਬਣਾਏ ਤੇ ਸ਼ਾਹੂਕਾਰਾਂ ਤੇ ਆੜ੍ਹਤੀਆਂ ਦੁਆਰਾ ਕਿਸਾਨੀ ਦੀ ਲੁੱਟ ਰੋਕਣ ਦੇ ਯਤਨ ਕੀਤੇ; 1901 ਵਿਚ ਬਣੇ Land Alienation Act ਵਿਚ ਤਰਮੀਮ ਕਰਕੇ ਬੇ-ਨਾਮੀਆਂ ਖ਼ਤਮ ਕਰ ਦਿੱਤੀਆਂ ਗਈਆਂ। ਇਸ ਤਰਮੀਮ ਮੁਤਾਬਕ ਸ਼ਾਹੂਕਾਰ ਕਰਜ਼ੇ ਦੇ ਇਵਜ਼ ਵਿਚ ਜੱਟ ਦੀ ਜ਼ਮੀਨ ਕਿਸੇ ਹੋਰ ਦੇ ਨਾਮ ਵੀ ਨਹੀਂ ਕਰਵਾ ਸਕਦਾ ਸੀ। ਇਸੇ ਕਾਨੂੰਨ ਵਿਚ ਇਕ ਹੋਰ ਤਰਮੀਮ ਕਰਕੇ ਕਿਸਾਨ ਸ਼ਾਹੂਕਾਰਾਂ ਉੱਪਰ ਵੀ ਕਰਜ਼ੇ ਦੇ ਇਵਜ਼ ਵਿਚ ਜ਼ਮੀਨ ਲੈਣ ਉੱਪਰ ਰੋਕ ਲਗਾ ਦਿੱਤੀ ਗਈ। ਸ਼ਾਹੂਕਾਰਾਂ ਲਈ ਆਪਣਾ ਵਪਾਰ ਕਰਨ ਵਾਸਤੇ ਸਰਕਾਰ ਕੋਲ ਆਪਣਾ ਨਾਂ ਰਜਿਸਟਰ ਕਰਵਾਉਣਾ ਜ਼ਰੂਰੀ ਬਣਾ ਦਿੱਤਾ ਗਿਆ। ਇਸ ਤੋਂ ਇਲਾਵਾ 1901 ਤੋਂ ਪਹਿਲਾਂ ਦੀਆਂ ਗਹਿਣੇ ਕੀਤੀਆਂ ਜ਼ਮੀਨਾਂ ਦੇ ਰਹਿਨ-ਨਾਮੇ ਮਨਸੂਖ਼ ਕਰ ਦਿੱਤੇ ਗਏ।[113]

ਇਸ ਸਮੇਂ ਦੌਰਾਨ ਆਜ਼ਾਦੀ ਦੀ ਲਹਿਰ ਸੰਬੰਧੀ ਸ੍ਵੈ-ਵਿਰੋਧੀ ਰੁਝਾਨ ਦੇਖਣ ਨੂੰ ਮਿਲਦੇ ਹਨ। ਜਿਨ੍ਹਾਂ ਪ੍ਰਾਂਤਾਂ ਵਿਚ ਕਾਂਗਰਸ ਨੇ ਚੋਣਾਂ ਜਿੱਤ ਕੇ ਆਪਣੀ ਸਰਕਾਰ ਬਣਾਈ, ਉੱਥੇ ਇਹ ਸਰਕਾਰਾਂ ਆਜ਼ਾਦੀ ਦੇ ਸੰਘਰਸ਼ ਵਿਚ ਮਦਦਗਾਰ ਸਾਬਤ ਹੋ ਰਹੀਆਂ ਸਨ, ਜਦਕਿ ਪੰਜਾਬ ਵਿਚ ਅੰਗਰੇਜ਼ ਸਾਮਰਾਜ ਦੀ ਪਿਛਲੱਗ ਯੂਨੀਅਨਿਸਟ ਪਾਰਟੀ ਦੀ ਸਰਕਾਰ ਬਣਨ ਕਰਕੇ ਸਥਿਤੀ ਮੂਲੋਂ ਹੀ ਵੱਖਰੀ ਭਾਂਤ ਦੀ ਸੀ। ਇਸ ਸਮੇਂ ਵਾਪਰ ਰਹੀਆਂ ਅੰਤਰ-ਰਾਸ਼ਟਰੀ ਘਟਨਾਵਾਂ ਨੇ ਵੀ ਦੇਸ਼ ਦੀ ਆਜ਼ਾਦੀ ਦੀ ਲੜਾਈ ਨੂੰ ਪ੍ਰਭਾਵਿਤ ਕੀਤਾ। ਸਭ ਤੋਂ ਮਹੱਤਵਪੂਰਨ ਘਟਨਾ 1939 ਵਿਚ ਦੂਸਰੀ ਸੰਸਾਰ ਜੰਗ ਦਾ ਆਰੰਭ ਹੋਣਾ ਸੀ। ਭਾਰਤੀ ਲੋਕਾਂ ਨੂੰ ਬਿਨ੍ਹਾਂ ਪੁੱਛੇ ਇਸ ਜੰਗ ਦਾ ਹਿੱਸਾ ਬਣਨ ਲਈ ਮਜਬੂਰ ਕੀਤਾ ਗਿਆ। ਇਸ ਜਬਰੀ ਸ਼ਮੂਲੀਅਤ ਦੇ ਵਿਰੁੱਧ ਕਾਂਗਰਸ ਦੀਆਂ ਸੂਬਾਈ ਸਰਕਾਰਾਂ

ਨੇ ਅਸਤੀਫ਼ੇ ਦੇ ਦਿੱਤੇ, ਜਦਕਿ ਪੰਜਾਬ ਦੀ ਯੂਨੀਅਨਿਸਟ ਸਰਕਾਰ ਨੇ ਹਰ ਸੰਭਵ ਯਤਨ ਨਾਲ ਸਾਮਰਾਜ ਦੀ ਮਦਦ ਕੀਤੀ। ਰੂਸ ਉੱਪਰ ਹਿਟਲਰ ਦੇ ਹਮਲੇ ਨਾਲ ਖੱਬੇਪੱਖੀ ਵੀ ਇਸ ਨੂੰ ਆਵਾਮ ਦੀ ਜੰਗ ਦੱਸ ਕੇ ਸਾਮਰਾਜ ਦੀ ਮਦਦ 'ਤੇ ਆ ਗਏ। ਇਸ ਸੰਸਾਰ ਜੰਗ ਨੇ ਲੋਕਾਂ ਦੇ ਆਰਥਕ ਜੀਵਨ 'ਤੇ ਮਾਰੂ ਪ੍ਰਭਾਵ ਪਾਏ। ਰੋਜ਼ਾਨਾ ਵਰਤੋਂ ਦੀਆਂ ਵਸਤਾਂ ਦੀਆਂ ਕੀਮਤਾਂ ਵਿਚ ਅਥਾਹ ਵਾਧੇ ਨੇ ਚੋਰ-ਬਾਜ਼ਾਰੀ ਨੂੰ ਵਧਾਇਆ ਤੇ ਵਪਾਰੀਆਂ, ਵੱਡੇ ਜ਼ਿਮੀਂਦਾਰਾਂ, ਸਰਮਾਏਦਾਰਾਂ ਨੇ ਇਸ ਦਾ ਫ਼ਾਇਦਾ ਉਠਾਕੇ ਖੂਬ ਕਮਾਈ ਕੀਤੀ।

ਸਥਾਨਕ ਰਾਜਨੀਤਿਕ ਖੇਤਰ ਵਿਚ ਸਭ ਤੋਂ ਵੱਧ ਮਹੱਤਵਪੂਰਨ ਘਟਨਾ ਮੁਸਲੀਮ ਲੀਗ ਦਾ ਉਭਾਰ ਸੀ। ਭਾਵੇਂ ਮੁਸਲਿਮ ਲੀਗ 1930 ਵਿਚ ਸਥਾਪਿਤ ਹੋ ਚੁੱਕੀ ਸੀ ਤੇ ਵੱਖਰੀ ਮੁਸਲਿਮ ਸਟੇਟ ਦੀ ਮੰਗ ਵੀ ਕਰ ਰਹੀ ਸੀ।[114] ਪਰ 1937 ਵਿਚ ਜਦ ਪਹਿਲੀ ਵਾਰ ਸੂਬਾਈ ਚੋਣਾਂ ਹੋਈਆਂ ਤਾਂ ਮੁਸਲਿਮ ਲੀਗ ਇਨ੍ਹਾਂ ਚੋਣਾਂ ਵਿਚ ਪੰਜਾਬ ਦੇ ਮੁਸਲਮਾਨਾਂ ਨੂੰ ਪ੍ਰਭਾਵਿਤ ਕਰ ਸਕਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ। ਜਦਕਿ 1946 ਦੀਆਂ ਚੋਣਾਂ ਵਿਚ 86 ਮੁਸਲਮਾਨਾਂ ਸੀਟਾਂ ਵਿਚੋਂ 79 ਸੀਟਾਂ ਜਿੱਤ ਕੇ ਇਕ ਵੱਡੀ ਧਿਰ ਬਣ ਕੇ ਉਭਰੀ।[115] ਇਸ ਤੋਂ ਸਪਸ਼ਟ ਹੈ ਕਿ ਜਿਥੇ ਵੀਹਵੀਂ ਸਦੀ ਦੇ ਚੌਥੇ-ਪੰਜਵੇਂ ਦਹਾਕੇ ਵਿਚ ਸਾਮਰਾਜ ਵਿਰੁੱਧ ਲਹਿਰ ਤਾਕਤਵਰ ਹੋ ਰਹੀ ਸੀ, ਉੱਥੇ ਧਰਮ ਦੇ ਆਧਾਰ 'ਤੇ ਇਸਦਾ ਧਰੁਵੀਕਰਣ ਵੀ ਹੋ ਰਿਹਾ ਸੀ। ਇਤਨੀਆਂ ਸੀਟਾਂ ਜਿੱਤ ਜਾਣ ਦੇ ਬਾਵਜੂਦ ਮੁਸਲਿਮ ਲੀਗ ਨੂੰ ਸਰਕਾਰ ਬਣਾ ਸਕਣ ਦਾ ਮੌਕਾ ਨਾ ਮਿਲ ਸਕਿਆ, ਕਿਉਂਕਿ ਯੂਨੀਅਨਿਸਟ ਪਾਰਟੀ, ਕਾਂਗਰਸ ਤੇ ਅਕਾਲੀਆਂ ਨੇ ਇਸਦੇ ਖਿਲਾਫ਼ ਇਕੱਠੇ ਹੋ ਕੇ ਹੀ ਸਰਕਾਰ ਬਣਾਉਣ ਵਿਚ ਭਲਾਈ ਸਮਝੀ। ਇਸ ਘਟਨਾ ਕ੍ਰਮ ਦਾ ਇਕ ਪਹਿਲੂ ਇਹ ਵੀ ਸਾਹਮਣੇ ਆਉਂਦਾ ਹੈ ਕਿ ਰਾਜਨੀਤੀ ਤੇ ਸਮਾਜਕ ਖੇਤਰ ਵਿਚ ਮੁਸਲਿਮ ਲੀਗ ਬਾਕੀ ਪਾਰਟੀਆਂ ਲਈ ਅਛੂਤ ਵਾਂਗ ਸੀ। ਮੁਸਲਿਮ ਲੀਗ ਤੋਂ ਇਸ ਦੂਰੀ ਨੇ ਮੁਸਲਿਮ ਲੀਗ ਨੂੰ ਇਕ ਵੱਖਰੇ ਮੁਸਲਿਮ ਦੇਸ਼ ਦੀ ਮੰਗ ਨੂੰ ਹੋਰ ਵੀ ਜ਼ੋਰ ਨਾਲ ਉਭਾਰਨ ਲਈ ਮਜਬੂਰ ਕੀਤਾ, ਜਿਸਦਾ ਸਿੱਟਾ 1947 ਵਿਚ ਮਿਲੀ ਆਜ਼ਾਦੀ ਦੇ ਨਾਲ-ਨਾਲ ਦੇਸ਼ ਵੰਡ ਦੇ ਦਰਦ ਨੂੰ ਝੱਲਣ ਲਈ ਦੇਸ਼ ਨੂੰ ਮਜਬੂਰ ਹੋਣਾ ਪਿਆ।

ਇਸ ਤਰ੍ਹਾਂ 1947 ਵਿਚ ਦੇਸ਼ ਨੂੰ ਆਜ਼ਾਦੀ ਤਾਂ ਮਿਲੀ, ਪਰ ਸਾਮਰਾਜ ਦੀ ਕੁਟਿਲ ਨੀਤੀ ਤੇ ਫ਼ਿਰਕਾਪ੍ਰਸਤੀ ਕਾਰਣ ਭਾਰਤ ਦੋ ਹਿੱਸਿਆਂ ਵਿਚ ਵੰਡਿਆ ਗਿਆ ਤੇ ਇਕ ਨਵਾਂ ਦੇਸ਼ ਪਾਕਿਸਤਾਨ ਹੋਂਦ ਵਿਚ ਆਇਆ। ਇਸ ਵੰਡ ਦਾ ਸਭ ਤੋਂ ਮਾਰੂ ਅਸਰ ਪੰਜਾਬ ਤੇ ਬੰਗਾਲ ਉੱਪਰ ਹੋਇਆ ਤੇ ਸਭ ਤੋਂ ਵੱਧ ਸੰਕਟ ਦਾ ਸਾਹਮਣਾ ਕਿਸਾਨੀ ਨੂੰ ਕਰਨਾ ਪਿਆ। ਅਜੇਹੀ ਘਟਨਾ ਇਤਹਾਸ ਵਿਚ ਸ਼ਾਇਦ ਪਹਿਲੀ ਵਾਰ ਵਾਪਰ ਰਹੀ ਸੀ। ਅੱਜ ਤੱਕ ਲੋਕਾਂ ਨੇ ਰਾਜੇ ਬਦਲਦੇ ਵੇਖੇ-ਸੁਣੇ ਸਨ, ਪਰ ਇਹ ਪਹਿਲੀ ਵਾਰ ਸੀ ਕਿ ਪਰਜਾ ਬਦਲ ਰਹੀ ਸੀ। ਦੇਸ਼ ਵੰਡ ਦੀ ਯੋਜਨਾ 3 ਜੂਨ 1947 ਨੂੰ ਐਲਾਨ ਦਿੱਤੀ ਗਈ ਸੀ। ਸਾਂਝੇ ਪੰਜਾਬ ਦੇ 16 ਜ਼ਿਲ੍ਹੇ ਪਾਕਿਸਤਾਨ ਦੇ ਹਿੱਸੇ ਤੇ 13 ਜ਼ਿਲ੍ਹੇ ਭਾਰਤੀ ਪੰਜਾਬ ਦੇ ਹਿੱਸੇ ਆਏ।[116] ਪਰ ਗੁਰਦਾਸਪੁਰ, ਲਾਹੌਰ ਤੇ ਫ਼ਿਰੋਜਪੁਰ ਜ਼ਿਲ੍ਹਿਆਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਇਸ ਤਰ੍ਹਾਂ ਵਰਤਮਾਨ ਪੰਜਾਬ ਨੂੰ ਵੰਡ ਦੇ ਜ਼ਖ਼ਮ ਦਾ ਦੁਖਾਂਤ ਸ਼ੁਰੂ ਵਿਚ ਹੀ ਭੋਗਣਾ ਪਿਆ। ਇਤਨੀ ਵੱਡੀ ਆਬਾਦੀ ਦਾ ਤਬਾਦਲਾ ਸ਼ਾਇਦ ਮਨੁੱਖੀ ਇਤਹਾਸ ਦੀ ਪਹਿਲੀ ਘਟਨਾ ਸੀ। ਵੰਡ ਦੇ ਸਿੱਟਿਆਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਲਈ ਵੰਡ ਤੋਂ ਪਹਿਲਾਂ ਦੇ ਪੰਜਾਬ ਦੀ ਆਰਥਕ ਸਥਿਤੀ ਨੂੰ ਵੀ ਜਾਣ ਲੈਣਾ ਜ਼ਰੂਰੀ ਹੈ। ਲੰਮੇ ਸਮੇਂ ਤੋਂ ਸਾਂਝੇ ਪੰਜਾਬ ਦੇ ਮੁੱਖ ਸਰੋਤਾਂ ਦੀ ਵਰਤੋਂ ਪੱਛਮੀ ਪੰਜਾਬ ਵਾਲੇ ਇਲਾਕੇ ਵਿਚ ਲੱਗ ਰਹੀ ਸੀ ਜਿਸ ਕਰਕੇ ਵੰਡੇ ਵੇਲੇ ਲਗਭਗ ਸਾਰੇ ਆਰਥਕ ਨੁਕਸਾਨ ਪੂਰਬੀ ਹਿੱਸਿਆਂ ਨੂੰ ਹੋਏ। ਖੇਤੀ ਦੇ ਖੇਤਰ ਵਿਚ ਵੀ ਪੂਰਬੀ ਪੰਜਾਬ ਪੱਛਮੀ ਪੰਜਾਬ ਨਾਲੋਂ ਬਹੁਤ ਪਿੱਛੇ ਸੀ। ਸੰਘਣੀ ਵਸੋਂ, ਥੋੜ੍ਹੀ ਜ਼ਮੀਨ, ਨਹਿਰੀ ਸਿੰਜਾਈ ਦੀ ਕਮੀ ਇਸ ਦੇ ਮੁੱਖ ਕਾਰਣ ਸਨ। ਸਾਂਝੇ ਪੰਜਾਬ ਦੇ ਪੰਜ ਦਰਿਆਵਾਂ ਵਿਚੋਂ ਤਿੰਨ ਦਰਿਆਵਾਂ ਦਾ ਪਾਣੀ, ਵਸੋਂ ਦਾ 45 ਫ਼ੀਸਦੀ, ਖੇਤਰ ਦਾ 38 ਫ਼ੀਸਦੀ ਤੇ ਸਾਂਝੇ ਪੰਜਾਬ ਦੀ ਆਮਦਨ ਦਾ 31 ਫ਼ੀਸਦੀ, ਪੂਰਬੀ ਪੰਜਾਬ ਦੇ ਹਿੱਸੇ ਆਇਆ। ਜਦਕਿ ਪੱਛਮੀ ਪੰਜਾਬ ਨੂੰ ਵਸੋਂ ਦਾ 55 ਫ਼ੀਸਦੀ, ਖੇਤਰ ਦਾ 62 ਫ਼ੀਸਦੀ, ਪੁਰਾਣੇ ਪ੍ਰਾਂਤ ਦੀ ਆਮਦਨ ਦਾ 69 ਫ਼ੀਸਦੀ ਹਿੱਸੇ ਆਇਆ। ਇਸ ਤੋਂ ਇਲਾਵਾ ਵੱਡੀਆਂ ਨਹਿਰਾਂ ’ਤੇ ਸਿੰਜਾਈ ਵਾਲੀ 70 ਫ਼ੀਸਦੀ ਜ਼ਮੀਨ ਵੀ ਪੱਛਮੀ ਪੰਜਾਬ ਦੇ ਹਿੱਸੇ ਆਈ।[117]

ਆਜ਼ਾਦੀ ਤੋਂ ਬਾਅਦ ਸਭ ਤੋਂ ਪਹਿਲੀ ਸਮੱਸਿਆ ਸ਼ਰਨਾਰਥੀਆਂ ਦੇ ਮੁੜ ਵਸੇਬੇ, ਜ਼ਮੀਨਾਂ ਦੀ ਵੰਡ, ਰਹਿਣ ਲਈ ਘਰਾਂ ਦਾ ਤੇ ਲੋਕਾਂ ਲਈ ਰੁਜ਼ਗਾਰ ਦਾ ਪ੍ਰਬੰਧ ਕਰਨਾ ਸੀ, ਅਤੇ ਲਗਭਗ ਇਸ ਸਮੁੱਚੇ ਕੰਮ ਨੂੰ ਸਮੇਟਣ ਲਈ ਢਾਈ ਸਾਲ ਲੱਗੇ। ਇਸ ਲਈ 1950 ਤੱਕ ਪੰਜਾਬ ਵਿਚ ਵਿਕਾਸ ਦਾ ਕੋਈ ਕਾਰਜ ਨਾ ਹੋ ਸਕਿਆ। ਇਸ ਵੰਡ ਦਾ ਸਭ ਤੋਂ ਮਾਰੂ ਅਸਰ ਕਿਸਾਨੀ ਉੱਪਰ ਹੋਇਆ। ਉਨ੍ਹਾਂ ਦੀ ਮਲਕੀਅਤ ਉੱਪਰ 25% ਤੋਂ 95% ਤੱਕ ਕੱਟ ਲਗਾਈ ਗਈ।[118] ਇਸ ਤਰ੍ਹਾਂ ਆਜ਼ਾਦੀ ਤੋਂ ਬਾਅਦ ਕਿਸਾਨੀ ਸਭ ਤੋਂ ਵੱਧ ਪੀੜਤ ਧਿਰ ਸੀ, ਜਿਸ ਨੂੰ ਘਰ ਬਾਰ ਛੱਡਣ ਤੋਂ ਇਲਾਵਾ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਗਵਾਉਣਾ ਪਿਆ ਤੇ ਜ਼ਮੀਨ-ਜਾਇਦਾਦ ਵੀ ਛੱਡਣੀ ਪਈ ਅਤੇ ਬਦਲੇ ਵਿਚ ਪੂਰਬੀ ਪੰਜਾਬ ਵਿਚ ਜੋ ਜ਼ਮੀਨ ਮਿਲੀ ਵੀ, ਉਹ ਵੀ ਗੁਣਵਤਾ ਤੇ ਸਿੰਜਾਈ ਸਹੂਲਤਾਂ ਦੇ ਪੱਖੋਂ ਮੁਕਾਬਲਤਨ ਘੱਟ ਉਪਜਾਊ ਸੀ।

1951 ਵਿਚ ਰਾਸ਼ਟਰੀ ਪੱਧਰ 'ਤੇ ਪੰਜ ਸਾਲਾ ਯੋਜਨਾਵਾਂ ਸ਼ੁਰੂ ਹੋਣ ਨਾਲ ਵਿਕਾਸ ਦਾ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ। ਭਾਖੜਾ ਡੈਮ ਵਰਗੇ ਵੱਡੇ ਬੰਨ੍ਹ ਬਣਾ ਕੇ ਨਹਿਰਾਂ ਕੱਢ ਕੇ ਸਿੰਜਾਈ ਤੇ ਬਿਜਲੀ ਦੀਆਂ ਸਹੂਲਤਾਂ ਪਿੰਡਾਂ ਨੂੰ ਦਿੱਤੀਆਂ ਜਾਣੀਆਂ ਸ਼ੁਰੂ ਹੋਈਆਂ। ਆਜ਼ਾਦੀ ਤੋਂ ਬਾਅਦ ਰਾਜਨੀਤੀ ਦੇ ਖੇਤਰ ਵਿਚ ਵੀ ਕਈ ਵੱਡੀਆਂ ਤਬਦੀਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਜਾਗੀਰਦਾਰੀ ਜੋ ਆਜ਼ਾਦੀ ਤੋਂ ਪਹਿਲਾਂ ਯੂਨੀਅਨਿਸਟ ਪਾਰਟੀ ਦੇ ਰੂਪ ਵਿਚ ਸਾਮਰਾਜ ਦੀ ਹਮਾਇਤ ਕਰ ਰਹੀ ਸੀ, ਜਦੋਂ ਆਜ਼ਾਦੀ ਤੋਂ ਬਾਅਦ ਸਰਮਾਏਦਾਰੀ ਨੇ ਭਾਰਤ ਦੀ ਰਾਜ-ਸੱਤਾ ਸੰਭਾਲੀ ਤਾਂ ਆਪਣੇ ਆਰਥਿਕ ਹਿਤਾਂ ਦੀ ਸੁਰੱਖਿਆ ਲਈ ਜਾਗੀਰਦਾਰੀ ਤੇ ਧਨੀ ਕਿਸਾਨੀ ਵੀ ਸੱਤਾਧਾਰੀ ਧਿਰ ਦਾ ਹਿੱਸਾ ਬਣਨ ਲੱਗੀ। ਪਰ ਕਾਂਗਰਸ ਮੂਲ ਰੂਪ ਵਿਚ ਸਰਮਾਏਦਾਰੀ ਦੀ ਪ੍ਰਤਿਨਿੱਧਤਾ ਕਰਦੀ ਸੀ ਤੇ ਮੱਧ ਸ਼੍ਰੇਣੀ ਤੇ ਛੋਟੀ ਕਿਸਾਨੀ ਤੇ ਮਜ਼ਦੂਰ ਜਮਾਤ ਇਸ ਦੀ ਮੁੱਖ ਤਾਕਤ ਸੀ। ਇਸ ਲਈ ਕਾਂਗਰਸ ਸਰਕਾਰ ਦੀਆਂ ਆਰਥਕ-ਰਾਜਨੀਤਿਕ ਨੀਤੀਆਂ ਉਸਦੇ ਹਿਤਾਂ ਦੇ ਅਨੁਸਾਰ ਹੀ ਹੋਣੀਆਂ ਸੁਭਾਵਿਕ ਸਨ। ਇਸ ਦੇ ਨਾਲ ਹੀ ਅਗਲੇਰੇ ਵਿਕਾਸ ਲਈ ਵੇਲਾ ਵਿਹਾ ਚੁੱਕੇ ਤੇ ਵਿਕਾਸ ਦੇ ਰਾਹ ਵਿਚ ਅੜਿੱਕਾ ਬਣ ਰਹੇ ਜਾਗੀਰਦਾਰੀ ਸਮਾਜ ਦੇ ਪੈਦਾਵਾਰੀ ਰਿਸ਼ਤਿਆਂ

ਦਾ ਖ਼ਾਤਮਾ ਜ਼ਰੂਰੀ ਸੀ। ਪਰੰਤੂ ਕਾਂਗਰਸ ਮੂਲ ਰੂਪ ਵਿਚ ਮੱਧ-ਸ਼੍ਰੇਣਿਕ ਮਾਨਸਿਕਤਾ 'ਤੇ ਆਧਾਰਿਤ ਵਿਚਾਰਧਾਰਾ ਵਾਲੀ ਪਾਰਟੀ ਸੀ, ਜੋ ਸਥਾਪਤ ਸਮਾਜਕ-ਆਰਥਕ ਰਿਸ਼ਤਿਆਂ ਨੂੰ ਮੂਲੋਂ ਹੀ ਤੋੜ ਕੇ ਨਵੇਂ ਉਸਾਰਣ ਦੀ ਥਾਂ ਪ੍ਰਾਪਤ ਪੈਦਾਵਾਰੀ ਰਿਸ਼ਤਿਆਂ ਵਿਚ ਹੀ ਲੋੜ ਮੁਤਾਬਿਕ ਤਬਦੀਲੀਆਂ ਕਰਨ ਤੱਕ ਸੀਮਤ ਸੀ। ਇਸ ਲਈ ਵੱਡੀਆਂ ਤਬਦੀਲੀਆਂ ਦੀ ਥਾਂ ਕਾਂਗਰਸ ਸਿਰਫ਼ ਜ਼ਮੀਨੀ ਸੁਧਾਰਾਂ ਤੱਕ ਹੀ ਸੀਮਤ ਰਹੀ।[119]

ਦੂਸਰੇ ਪਾਸੇ ਆਜ਼ਾਦੀ ਤੋਂ ਪਹਿਲਾਂ ਪਰਜਾ ਮੰਡਲ ਅੰਦੋਲਨ ਪੰਜਾਬ ਦੀਆਂ ਰਿਆਸਤਾਂ ਵਿਚ ਕਿਸਾਨੀ/ਮੁਜ਼ਾਰਿਆਂ ਨੂੰ ਜਥੇਬੰਦ ਕਰਨ ਦਾ ਮਹੱਤਵਪੂਰਨ ਕਾਰਜ ਨਿਭਾ ਰਿਹਾ ਸੀ। ਰਿਆਸਤਾਂ ਵਿਚ ਕਈ ਪੀੜ੍ਹੀਆਂ ਤੋਂ ਚਲੇ ਆ ਰਹੇ ਮਾਲਕ ਕਿਸਾਨਾਂ ਨੂੰ ਬੇ-ਦਖ਼ਲ ਕਰਕੇ ਉਨ੍ਹਾਂ ਦੀ ਜ਼ਮੀਨ ਰਾਜ-ਦਰਬਾਰੀਆਂ ਨੂੰ ਦੇ ਦਿੱਤੀ ਗਈ ਸੀ, ਜਿਸ ਦੇ ਖਿਲਾਫ਼ ਕਿਸਾਨੀ ਨੇ ਤਕਰੀਬਨ ਅੱਧੀ ਸਦੀ ਸੰਘਰਸ਼ ਕੀਤਾ ਸੀ।[120] ਇਸ ਸੰਘਰਸ਼ ਦੀ ਅਗਵਾਈ ਕਮਿਊਨਿਸਟ ਪਾਰਟੀ ਦੇ ਹੱਥ ਸੀ। ਇਸ ਸੰਘਰਸ਼ ਕਾਰਣ ਆਜ਼ਾਦੀ ਤੋਂ ਬਾਅਦ ਮੁਜ਼ਾਰਾ ਪ੍ਰਥਾ ਨੂੰ ਖਤਮ ਕਰਕੇ, ਉਨ੍ਹਾਂ ਨੂੰ ਕੁਝ ਸ਼ਰਤਾਂ ਅਧੀਨ ਮਲਕੀਅਤ ਦੇ ਹੱਕ ਮਿਲ ਗਏ ਅਤੇ ਲਗਭਗ ਵੀਹ ਲੱਖ ਏਕੜ ਜ਼ਮੀਨ ਮੁਆਵਜ਼ਿਆਂ ਦੀ ਅਦਾਇਗੀ ਨਾਲ ਉਨ੍ਹਾਂ ਦੀ ਮਲਕੀਅਤ ਬਣ ਗਈ।[121] ਕਾਂਗਰਸ ਨੇ ਭਵਿੱਖ ਵਿਚ ਅਜਿਹੇ ਸੰਘਰਸ਼ਾਂ ਨੂੰ ਰੋਕਣ ਲਈ ਜ਼ਮੀਨੀ ਸੁਧਾਰਾਂ 'ਤੇ ਜ਼ੋਰ ਦਿੱਤਾ। ਪਰ ਕਾਂਗਰਸ ਦੀ ਸੋਚ ਮੁਤਾਬਿਕ ਜ਼ਮੀਨੀ ਸੁਧਾਰ ਸਿਰਫ਼ ਜ਼ਮੀਨ ਦੀ ਹੱਦਬੰਦੀ ਤੱਕ ਹੀ ਸੀਮਤ ਰਹੇ ਅਤੇ ਇਨ੍ਹਾਂ ਨੂੰ ਲਾਗੂ ਕਰਨ ਵੇਲੇ ਕਾਨੂੰਨ ਵਿਚ ਵੀ ਬਹੁਤ ਸਾਰੀਆਂ ਚੋਰ-ਮੋਰੀਆਂ ਰਹਿਣ ਦਿੱਤੀਆਂ ਗਈਆਂ ਜਿਸ ਕਰਕੇ ਛੋਟੀ ਕਿਸਾਨੀ ਨੂੰ ਇਸਦਾ ਕੋਈ ਵਧੇਰੇ ਫ਼ਾਇਦਾ ਨਾ ਹੋ ਸਕਿਆ।

ਜਦ 1947 ਵਿਚ ਅੰਗਰੇਜ਼ ਦੇਸ਼ ਛੱਡ ਕੇ ਗਏ ਸਨ ਤਾਂ ਪੂਰਬੀ ਪੰਜਾਬ ਦੇ ਹਿੱਸੇ ਵੱਧ ਆਬਾਦੀ, ਘੱਟ ਤੇ ਅਣਉਪਜਾਊ ਜ਼ਮੀਨ ਆਈ ਸੀ, ਇਕ ਸਰਵੇਖਣ ਮੁਤਾਬਕ ਪੂਰਬੀ ਪੰਜਾਬ ਦੇ ਹਿੱਸੇ ਆਈ ਜ਼ਮੀਨ ਵਿਚੋਂ ਸਿੰਜਾਈ ਅਧੀਨ ਸਿਰਫ਼ 26 ਫ਼ੀਸਦੀ ਰਕਬਾ ਹੀ ਸੀ।[122] ਤੀਸਰੇ ਆਜ਼ਾਦੀ ਤੋਂ ਬਾਅਦ ਕਾਂਗਰਸ ਧਨੀ ਕਿਸਾਨੀ ਤੇ ਜਾਗੀਰਦਾਰੀ ਦਾ ਬਣਿਆ ਗੱਠਜੋੜ ਤੇ

ਸਰਕਾਰ ਦੀ ਰਾਜਸੀ ਇੱਛਾ ਸ਼ਕਤੀ ਦੀ ਘਾਟ ਕਾਰਣ ਪੈਦਾਵਾਰ ਵਿਚ ਗਿਰਾਵਟ ਆਉਣੀ ਸੁਭਾਵਿਕ ਹੀ ਸੀ। ਇਸ ਤੋਂ ਇਲਾਵਾ ਅੰਤਰ-ਰਾਸ਼ਟਰੀ ਪੱਧਰ 'ਤੇ ਵੀ ਬਹੁਤ ਸਾਰੀਆਂ ਤਬਦੀਲੀਆਂ ਵਾਪਰੀਆਂ। ਰਾਜਨੀਤਿਕ ਚੇਤਨਾ ਦੇ ਉਭਾਰ ਕਾਰਣ ਬਹੁਤ ਸਾਰੇ ਦੇਸ਼ ਬਸਤੀਵਾਦ ਤੋਂ ਛੁਟਕਾਰਾ ਹਾਸਲ ਕਰਕੇ ਆਜ਼ਾਦ ਹੋ ਗਏ ਸਨ। ਇਸ ਕਰਕੇ ਇੰਗਲੈਂਡ, ਜਿਸ ਦੀ ਤਾਕਤ, ਉਸਦੀਆਂ ਇਹ ਬਸਤੀਆਂ ਸਨ, ਦੀ ਥਾਂ ਅਮਰੀਕਾ ਇਕ ਨਵੀਂ ਸਾਮਰਾਜੀ ਤਾਕਤ ਬਣ ਕੇ ਉੱਭਰਿਆ। ਇਸ ਉਭਾਰ ਨਾਲ ਸਾਮਰਾਜ ਦਾ ਨਵਾਂ ਸੰਕਲਪ ਵੀ ਉੱਭਰ ਕੇ ਸਾਹਮਣੇ ਆਇਆ, ਜਿਸ ਤਹਿਤ ਕਿਸੇ ਦੇਸ਼ ਨੂੰ ਫ਼ੌਜਾਂ ਨਾਲ ਜਿੱਤ ਕੇ ਆਪਣੀ ਬਸਤੀ ਬਣਾਉਣ ਦੀ ਥਾਂ ਉਸਦੀਆਂ ਆਰਥਿਕ-ਰਾਜਨੀਤਿਕ ਨੀਤੀਆਂ ਨੂੰ ਕੰਟਰੋਲ ਕਰਕੇ ਆਪਣੇ ਹਿਤਾਂ ਮੁਤਾਬਿਕ ਢਾਲਣਾ ਸੀ। ਸਮਾਜ ਸ਼ਾਸਤ੍ਰੀਆਂ ਨੇ ਇਸ ਨੂੰ ਨਵ-ਬਸਤੀਵਾਦ ਦਾ ਨਾਂ ਦਿੱਤਾ।[123] ਇਨ੍ਹਾਂ ਨੀਤੀਆਂ ਕਾਰਣ ਅਮਰੀਕਾ ਵਰਗੇ ਵਿਕਸਿਤ ਦੇਸ਼ਾਂ ਦਾ ਪ੍ਰਭਾਵ ਸਿਰਫ਼ ਆਰਥਕ ਤੌਰ 'ਤੇ ਪੱਛੜੇ ਹੋਏ ਦੇਸ਼ਾਂ ਵਿਚ ਹੀ ਨਹੀਂ, ਵਿਕਾਸਸ਼ੀਲ ਦੇਸ਼ਾਂ ਵਿਚ ਵੀ ਵਧਿਆ ਤੇ ਭਾਰਤ ਵੀ ਇਸ ਤੋਂ ਬਚ ਨਾ ਸਕਿਆ। ਅਮਰੀਕਾ ਦੀਆਂ ਨਵ-ਬਸਤੀਵਾਦੀ ਨੀਤੀਆਂ ਸਿਰਫ਼ ਆਰਥਕ ਜਾਂ ਰਾਜਨੀਤਿਕ ਖੇਤਰਾਂ ਤੱਕ ਹੀ ਸੀਮਤ ਨਹੀਂ ਸਨ, ਸਗੋਂ ਅਮਰੀਕਾ ਦਾ ਉਦੇਸ਼ ਪੱਛੜੇ ਹੋਏ ਤੇ ਵਿਕਾਸਸ਼ੀਲ ਦੇਸ਼ਾਂ ਵਿਚ ਅਜੇਹੇ ਲੋਕਾਂ ਨੂੰ ਤਿਆਰ ਕਰਨਾ ਵੀ ਸੀ, ਜੋ ਅਮਰੀਕਾ ਦੀਆਂ ਨੀਤੀਆਂ ਦੀ ਜਾਇਜ਼ਤਾ ਨੂੰ ਉਭਾਰ ਸਕਣ। ਇਸ ਕਰਕੇ ਇਨ੍ਹਾਂ ਦੇਸ਼ਾਂ ਦੀ ਵਿਦਿਅਕ ਪ੍ਰਣਾਲੀ ਵੀ ਅਮਰੀਕਾ ਵਰਗੇ ਨਵ-ਸਾਮਰਾਜੀ ਦੇਸ਼ਾਂ ਦੇ ਏਜੰਡੇ ਉੱਪਰ ਸੀ। ਇਸੇ ਨੀਤੀ ਤਹਿਤ ਅਮਰੀਕਾ ਨੇ ਭਾਰਤ ਨਾਲ 1961 ਵਿਚ P. L. 480 ਪ੍ਰੋਗਰਾਮ ਦੇ ਅਧੀਨ Joint Indian-American Text Book Programme - 1961 ਸਮਝੌਤਾ ਕੀਤਾ।[124] ਇਸ ਪ੍ਰੋਗਰਾਮ ਦਾ ਇਕੋ-ਇਕ ਮਕਸਦ ਇੱਥੋਂ ਦੇ ਉੱਚ-ਵਿਦਿਅਕ ਅਦਾਰਿਆਂ ਵਿਚ ਕੰਮ ਕਰ ਰਹੇ ਵਿਦਵਾਨਾਂ ਨੂੰ ਆਪਣੀ ਸੋਚ ਦੇ ਧਾਰਨੀ ਬਣਾਉਣਾ ਸੀ।[125] ਅਮਰੀਕਾ ਦੀ ਇਹ ਕੋਸ਼ਿਸ਼ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਾਨਸਿਕ ਤੌਰ 'ਤੇ ਗ਼ੁਲਾਮ ਬਣਾਉਣ ਤੇ ਇਸ ਨੂੰ ਕਾਇਮ ਰੱਖਣ ਦੇ ਲੁਕਵੇਂ ਏਜੰਡੇ ਉੱਪਰ ਆਧਾਰਿਤ ਸੀ।

ਆਜ਼ਾਦੀ ਤੋਂ ਬਾਅਦ ਵੀ ਤੀਜੇ ਸੰਸਾਰ ਦਾ ਆਰਥਕ ਆਧਾਰ ਖੇਤੀ ਹੀ ਬਣਿਆ ਰਿਹਾ। ਭਾਰਤ ਵਿਚ ਵੀ ਸੀਮਤ ਜ਼ਮੀਨੀ ਸੁਧਾਰਾਂ ਦੇ ਬਾਵਜੂਦ ਪਰੰਪਰਾਗਤ ਜਾਗੀਰਦਾਰੀ ਰਿਸ਼ਤੇ ਹੀ ਕਾਇਮ ਰਹੇ। ਇਸ ਲਈ ਖੇਤੀ ਪੈਦਾਵਾਰ ਵਿਚ ਕੋਈ ਜ਼ਿਕਰਯੋਗ ਵਾਧਾ ਨਾ ਹੋ ਸਕਿਆ। ਇਸ ਲਈ ਵਧ ਰਹੀ ਆਬਾਦੀ ਦੀਆਂ ਅਨਾਜ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਅਨਾਜ ਦੀ ਉਪਜ ਵਿਚ ਵਾਧਾ ਕਰਨਾ ਜ਼ਰੂਰੀ ਸੀ। ਹਾਲਾਂਕਿ ਅਮਰੀਕਾ P. L. 480 ਸਮਝੌਤੇ ਅਧੀਨ ਭਾਰਤ ਨੂੰ ਅਨਾਜ ਦੇ ਰਿਹਾ ਸੀ, ਪਰ ਇਸ ਕਰਕੇ ਭਾਰਤ ਵਰਗੇ ਦੇਸ਼ਾਂ ਦੇ ਆਰਥਕ-ਸਮਾਜਕ ਤੇ ਰਾਜਨੀਤਿਕ ਖੇਤਰ ਵਿਚ ਅਮਰੀਕਾ ਦੀ ਦਖ਼ਲਅੰਦਾਜ਼ੀ ਵੀ ਵਧ ਰਹੀ ਸੀ ਤੇ ਅਮਰੀਕਾ ਨੇ ਇਸ ਨਾਲ ਕੁਝ ਸ਼ਰਤਾਂ ਵੀ ਜੋੜ ਦਿੱਤੀਆਂ ਸਨ ਕਿ ਇਸ ਸਮਝੌਤੇ ਅਧੀਨ ਅਨਾਜ ਪ੍ਰਾਪਤ ਕਰਨ ਵਾਲੇ ਦੇਸ਼ ਸਨਅਤੀ ਵਿਕਾਸ ਦੀ ਥਾਂ ਖੇਤੀ ਵਿਕਾਸ ’ਤੇ ਜ਼ੋਰ ਦੇਣਗੇ। ਆਪਣੀ ਆਬਾਦੀ ਕਾਬੂ ਕਰਨ ਲਈ ਯਤਨ ਕਰਨਗੇ ਅਤੇ ਅਮਰੀਕੀ ਸਰਮਾਏ ਨੂੰ ਖੇਤੀ ਖੇਤਰ ਵਿਚ ਲਗਾਉਣ ਲਈ ਪੂਰੀ ਖੁੱਲ੍ਹ ਤੇ ਸਹੂਲਤਾਂ ਵੀ ਦੇਣਗੇ। ਅਨਾਜ ਦੀ ਮਹਿੰਗੀ ਸਿਆਸੀ ਕੀਮਤ ਤੋਂ ਬਚਣ ਲਈ ਭਾਰਤ ਨੇ ਨਵੀਂ ਤਕਨੀਕ ਦੀ ਵਰਤੋਂ ਰਾਹੀਂ ਖੇਤੀ ਉਪਜ ਵਧਾਉਣ ਦਾ ਰਾਹ ਚੁਣਿਆ ਤੇ ਕੁਝ ਚੋਣਵੇਂ ਜ਼ਿਲ੍ਹਿਆਂ ਵਿਚ ਇਸ ਤਕਨੀਕ ਨੂੰ ਲਾਗੂ ਕਰਨ ਦਾ ਯਤਨ ਕੀਤਾ। ਪਰ ਸਥਾਨਕ ਸਰਕਾਰਾਂ ਵਲੋਂ ਪੂਰਾ ਧਿਆਨ ਨਾ ਦੇਣ ਕਾਰਣ ਇਹ ਸਕੀਮ ਸਫਲ ਨਾ ਹੋ ਸਕੀ। ਇਸੇ ਹੀ ਸਮੇਂ ਦੌਰਾਨ ਤੀਸਰੀ ਪੰਜ ਸਾਲ ਯੋਜਨਾ ਦੌਰਾਨ ਭਾਰਤ ਵਿਚ ਸਨਅਤ ਤੇ ਖੇਤੀ ਦੀ ਪੈਦਾਵਾਰ ਘਟ ਗਈ ਤੇ ਭਾਰਤ-ਪਾਕਿ ਜੰਗ ਕਾਰਣ ਅਮਰੀਕਾ ਤੋਂ ਮਿਲਣ ਵਾਲੀ ਮਦਦ ਵੀ ਕੁਝ ਸਮੇਂ ਲਈ ਬੰਦ ਹੋ ਗਈ। ਇਸ ਕਰਕੇ ਅਨਾਜ ਸਿਰਫ਼ ਅਮਰੀਕਾ ਦੀਆਂ ਸ਼ਰਤਾਂ ਨੂੰ ਮੰਨਕੇ ਹੀ ਮਿਲ ਸਕਦਾ ਸੀ।[126] ਇਸ ਸੰਕਟ ਕਾਰਣ ਭਾਰਤ ਦੀ ਅਰਥ-ਵਿਵਸਥਾ ਦੀ ਹਾਲਤ ਵਿਗੜ ਗਈ ਤੇ ਭਾਰਤ ਸਿਰ ਭਾਰੀ ਕਰਜ਼ਾ ਚੜ੍ਹ ਗਿਆ। ਅਮਰੀਕਾ ਦੀ ਸਲਾਹ ’ਤੇ ਇਸ ਕਰਜ਼ੇ ਦੇ ਕੁਝ ਹਿੱਸੇ ਨੂੰ ਖੇਤੀ ਦੇ ਖੇਤਰ ਵਿਚ ਖੋਜ ਕਰਨ ਵਾਲੀਆਂ ਸੰਸਥਾਵਾਂ ਸਥਾਪਿਤ ਕਰਨ ਲਈ ਵਰਤਿਆ ਗਿਆ। ਇਸ ਦੇ ਸਿੱਟੇ ਵਜੋਂ ਖੇਤੀਬਾੜੀ ਯੂਨੀਵਰਸਿਟੀਆਂ ਤੇ ਐਗਰੋ ਇੰਡਸਟਰੀਜ਼ ਹੋਂਦ ਵਿਚ ਆਈਆਂ।

ਇਹ ਸਮੁੱਚਾ ਖੇਤੀਬਾੜੀ ਢਾਂਚਾ ਹੀ ਭਾਰਤ ਵਿਚ ਹਰੇ ਇਨਕਲਾਬ ਲਈ ਆਧਾਰ ਬਣਿਆ। ਵਿਦਵਾਨਾਂ ਮੁਤਾਬਿਕ 'ਹਰਾ ਇਨਕਲਾਬ' ਬਹੁ-ਮੰਤਵੀ ਸੀ ਜਿਥੇ ਭਾਰਤ ਲਈ ਇਸ ਦੀ ਜ਼ਰੂਰਤ ਆਰਥਕਤਾ ਕਰਕੇ ਸੀ ਉੱਥੇ ਇਸਦੇ ਬਹੁਤ ਸਾਰੇ ਸਮਾਜਕ ਸਰੋਕਾਰ ਵੀ ਸਨ ਕਿਉਂਕਿ ਆਰਥਕ ਸੰਕਟ ਵਿਚ ਫਸੀ ਕਿਸਾਨੀ ਸਮਾਜਵਾਦੀ ਇਨਕਲਾਬ ਵਾਲੇ ਪਾਸੇ ਵੀ ਮੁੜ ਸਕਦੀ ਸੀ। ਇਸ ਲਈ ਅਮਰੀਕਾ ਦਾ ਪਹਿਲਾ ਤੇ ਫ਼ੌਰੀ ਮਕਸਦ ਹਰੇ ਇਨਕਲਾਬ ਰਾਹੀਂ ਲਾਲ ਇਨਕਲਾਬ ਨੂੰ ਰੋਕਣਾ ਸੀ। ਦੂਸਰੇ, ਇਹ ਅਮਰੀਕਾ ਦੀ ਉਸ ਵੇਲੇ ਆਰਥਕ ਲੋੜ ਵੀ ਸੀ। ਦੂਸਰੀ ਸੰਸਾਰ ਜੰਗ ਸਮੇਂ ਅਮਰੀਕਾ ਦੀ ਜੰਗੀ ਸਨਅਤ ਨੇ ਬਹੁਤ ਤਰੱਕੀ ਤੇ ਕਮਾਈ ਕੀਤੀ ਸੀ, ਪਰ ਸੰਸਾਰ ਜੰਗ ਦੇ ਖਾਤਮੇ ਉੱਪਰ ਅਮਰੀਕਾ ਸਾਹਵੇਂ ਇਹ ਮਸਲਾ ਸੀ ਕਿ ਹੁਣ ਇਨ੍ਹਾਂ ਕਾਰਖਾਨਿਆਂ ਦਾ ਕੀ ਕੀਤਾ ਜਾਵੇ ਕਿਉਂਕਿ ਇਹ ਸਨਅਤ ਸਿਰਫ਼ ਸਿੰਥੈਟਕ ਖਾਦਾਂ ਤੇ ਕੀਟਨਾਸ਼ਕ ਹੀ ਤਿਆਰ ਕਰ ਸਕਦੇ ਸਨ, ਪਰ ਇਨ੍ਹਾਂ ਦੀ ਖਪਤ ਲਈ ਮੰਡੀ ਤਿਆਰ ਕਰਨੀ ਲਾਜ਼ਮੀ ਸੀ। ਭਾਰਤ ਵਰਗੇ ਦੇਸ਼ਾਂ ਦੇ ਅੰਨ-ਸੰਕਟ ਨੇ ਅਮਰੀਕਾ ਲਈ ਇਹ ਮੌਕਾ ਪੈਦਾ ਕਰ ਦਿੱਤਾ।[127] ਖਾਦ ਮੰਡੀ ਦੇ ਵਿਸਥਾਰ ਲਈ ਅਜੇਹੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਜੋ ਵੱਧ ਝਾੜ ਦੇ ਨਾਲ-ਨਾਲ ਵਧੇਰੇ ਰਸਾਇਣਿਕ ਖਾਂਦਾਂ ਦੀ ਖਪਤ ਕਰ ਸਕਣ ਦੇ ਯੋਗ ਹੋਣ।[128] ਇਸ ਨਾਲ ਅਮਰੀਕਾ ਦੇ ਬੰਦ ਪਏ ਕਾਰਖ਼ਾਨਿਆਂ ਵਿਚ ਉਤਪਾਦਨ ਸ਼ੁਰੂ ਹੋਣ ਨਾਲ ਉਸਦੀ ਆਰਥਕਤਾ ਵਿਚ ਉਭਾਰ ਆਇਆ ਤੇ ਭਾਰਤ ਵਰਗੇ ਦੇਸ਼ਾਂ ਦੇ ਅੰਨ ਸੰਕਟ ਦਾ ਹੱਲ ਹੋਣ ਨਾਲ ਸੰਭਾਵੀ ਲਾਲ ਇਨਕਲਾਬ ਰੋਕਣ ਵਿਚ ਵੀ ਅਮਰੀਕਾ ਸਫ਼ਲ ਰਿਹਾ। ਹਰੇ ਇਨਕਲਾਬ ਨਾਲ ਭਾਰਤ ਦੇ ਪਰੰਪਰਾਗਤ ਆਰਥਕ-ਸਮਾਜਕ ਰਿਸ਼ਤਿਆਂ ਵਿਚ ਤਬਦੀਲੀ ਆਉਣੀ ਸ਼ੁਰੂ ਹੋਈ ਤੇ ਇਹ ਰਿਸ਼ਤੇ ਜਾਗੀਰਦਾਰੀ ਵਿਵਸਥਾ ਤੋਂ ਸਰਮਾਏਦਾਰੀ ਵਿਵਸਥਾ ਵਲ ਪਰਿਵਰਤਿਤ ਹੋਣੇ ਸ਼ੁਰੂ ਹੋਏ। ਸ਼ੁਰੂ ਵਿਚ ਨਵੀਆਂ ਤਕਨੀਕਾਂ ਦਾ ਫ਼ਾਇਦਾ ਹਰ ਪੱਧਰ ਦੇ ਕਿਸਾਨਾਂ ਨੂੰ ਹੋਇਆ। ਇਸੇ ਕਰਕੇ ਹਰੇ ਇਨਕਲਾਬ ਤੋਂ ਲੈ ਕੇ 1980 ਤੱਕ ਦਾ ਸਮਾਂ ਇਸ ਦਾ ਸਿਖ਼ਰ ਕਿਹਾ ਜਾ ਸਕਦਾ ਹੈ, ਪਰ ਇਸ ਤੋਂ ਬਾਅਦ ਉਤਪਾਦਨ ਲਾਗਤਾਂ ਵਿਚ ਲਗਾਤਾਰ ਵਾਧੇ ਨਾਲ ਇਸ ਵਿਚ ਖੜੋਤ ਆਉਣੀ ਸ਼ੁਰੂ ਹੋ ਗਈ ਤੇ ਫਿਰ ਉਪਜ ਵਿਚਲੇ ਇਸ ਵਾਧੇ ਨੂੰ ਕਾਇਮ

ਰੱਖਣ ਲਈ ਹੋਣ ਵਾਲੇ ਖ਼ਰਚ ਵਿਚ ਹੁੰਦੇ ਲਗਾਤਾਰ ਵਾਧੇ ਨੇ ਖੇਤੀ ਨੂੰ ਫ਼ਾਇਦੇਮੰਦ ਧੰਦਾ ਨਾ ਰਹਿਣ ਦਿੱਤਾ। ਇਸ ਲਈ ਖੇਤੀ ਦੀ ਇਹ ਨਵੀਂ ਤਕਨੀਕ ਨੂੰ ਭਾਵੇਂ ਹਰ ਪੱਧਰ ਦੇ ਕਿਸਾਨ ਨੇ ਅਪਣਾਇਆ ਪਰ ਹੋਣ ਵਾਲਾ ਫ਼ਾਇਦਾ ਸਭ ਵਰਗਾਂ ਲਈ ਇਕੋ ਤਰ੍ਹਾਂ ਦਾ ਨਾ ਰਿਹਾ। ਖੇਤੀ ਦੀ ਇਸ ਨਵੀਂ ਤਕਨੀਕ ਨੇ ਸਭ ਤੋਂ ਵੱਧ ਮਾਰ ਛੋਟੇ ਕਿਸਾਨ ਨੂੰ ਮਾਰੀ, ਕਿਉਂਕਿ ਤਕਨੀਕ ਨਾਲ ਜੁੜੇ ਖ਼ਰਚੇ ਕਰ ਸਕਣੇ ਕਿਸਾਨੀ ਦੇ ਇਸ ਵਰਗ ਲਈ ਸੰਭਵ ਨਹੀਂ ਸਨ। ਇਸ ਕਰਕੇ ਕਿਸਾਨੀ ਵਿਚ ਆਰਥਕ ਪਾੜਾ ਵਧਿਆ ਤੇ ਅਮੀਰ ਕਿਸਾਨ ਹੋਰ ਅਮੀਰ ਹੋ ਗਏ ਤੇ ਛੋਟੇ ਕਿਸਾਨਾਂ ਲਈ ਆਪਣੀਆਂ ਛੋਟੀਆਂ ਮਲਕੀਅਤਾਂ ਨੂੰ ਬਚਾਅ ਕੇ ਰੱਖ ਸਕਣਾ ਵੀ ਸੰਭਵ ਨਾ ਰਿਹਾ, ਹਾਲਾਂਕਿ ਹਰੇ ਇਨਕਲਾਬ ਕਾਰਣ ਸਿਰਫ਼ ਖੇਤੀ ਵਿਚ ਹੀ ਨਹੀਂ, ਸਮਾਜ ਨੇ ਹਰ ਖੇਤਰ ਵਿਚ ਤਰੱਕੀ ਹਾਸਲ ਕੀਤੀ ਜਿਸ ਨਾਲ ਰੁਜ਼ਗਾਰ ਦੇ ਮੌਕੇ ਵਧੇ ਤੇ ਖੇਤੀ ਖੇਤਰ ਉੱਤੇ ਬੋਝ ਘਟਿਆ। ਇਸ ਕਰਕੇ ਇਨ੍ਹਾਂ ਨਵੇਂ ਪੈਦਾ ਹੋਏ ਰੁਜ਼ਗਾਰ ਦੇ ਮੌਕਿਆਂ ਕਾਰਣ ਕੁਝ ਸਮੇਂ ਲਈ ਖੇਤੀ ਦੇ ਧੰਦੇ ਵਿਚ ਆ ਰਹੀ ਗਿਰਾਵਟ ਕਿਸਾਨੀ ਨੂੰ ਮਹਿਸੂਸ ਨਾ ਹੋਈ। ਪਰੰਤੂ, ਇਸ ਤਕਨੀਕ ਨੇ ਸਾਂਝੇ ਪਰਿਵਾਰਾਂ ਨੂੰ ਤੋੜ ਕੇ ਇਕਹਿਰੇ ਪਰਿਵਾਰਾਂ ਵਿਚ ਬਦਲ ਦਿੱਤਾ ਤੇ ਰੁਜ਼ਗਾਰ ਦੇ ਨਵੇਂ ਮੌਕਿਆਂ ਨਾਲੋਂ ਤੋੜ ਦਿੱਤਾ। ਇਸ ਨਾਲ ਕਿਸਾਨੀ ਦੇ ਹੇਠਲੇ ਵਰਗ ਦੀ ਆਰਥਕ ਹਾਲਤ ਬੁਰੀ ਤਰ੍ਹਾਂ ਡਾਵਾਂਡੋਲ ਹੋ ਗਈ।

ਇਸ ਤੋਂ ਇਲਾਵਾ ਸਰਕਾਰੀ ਕਰਜ਼ਾ ਸੰਸਥਾਵਾਂ ਤੱਕ ਵੀ ਪਹੁੰਚ ਸਿਰਫ਼ ਉਪਰਲੇ ਵਰਗ ਦੀ ਹੋਣ ਕਰਕੇ ਹੇਠਲੇ/ਦਰਮਿਆਨੇ ਵਰਗ ਨੂੰ ਸਰਕਾਰ ਦੀਆਂ ਨੀਤੀਆਂ ਦਾ ਕੋਈ ਵਿਸ਼ੇਸ਼ ਫ਼ਾਇਦਾ ਨਾ ਹੋ ਸਕਿਆ ਤੇ ਉਹ ਵਧੇਰੇ ਕਰਕੇ ਸ਼ਾਹੂਕਾਰਾਂ/ਆੜ੍ਹਤੀਆਂ ਦੀ ਜਕੜ ਵਿਚ ਹੀ ਫਸੇ ਰਹੇ। ਦੂਸਰੇ, ਜੇਕਰ ਉਹ ਸਰਕਾਰੀ ਸੰਸਥਾਵਾਂ ਤੋਂ ਕਰਜ਼ਾ ਲੈਣ ਲਈ ਕਾਮਯਾਬ ਵੀ ਹੋ ਗਏ ਤਾਂ ਉਨ੍ਹਾਂ ਨੇ ਇਸ ਕਰਜ਼ੇ ਨੂੰ ਖੇਤੀ ਵਿਚ ਲਗਾ ਕੇ ਉਤਪਾਦਨ ਵਧਾਉਣ ਦੀ ਥਾਂ ਇਸਨੂੰ ਸਮਾਜਕ ਕਾਰਜਾਂ ਦੀ ਪੂਰਤੀ ਲਈ ਵਰਤਿਆ। ਇਸ ਨਾਲ ਇਕ ਪਾਸੇ ਤਾਂ ਉਨ੍ਹਾਂ ਦੀ ਆਰਥਕ ਹਾਲਤ ਵਿਚ ਕੋਈ ਸੁਧਾਰ ਨਾ ਹੋ ਸਕਿਆ ਤੇ ਦੂਸਰੇ ਉਹ ਸਦਾ ਲਈ ਸ਼ਾਹੂਕਾਰਾਂ/ਆੜ੍ਹਤੀਆਂ ’ਤੇ ਨਿਰਭਰ ਹੋ ਕੇ ਰਹਿ ਗਏ। ਇਸ ਸਮੁੱਚੇ ਵਰਤਾਰੇ ਨਾਲ ਧਨੀ ਕਿਸਾਨੀ ਪੰਜਾਬ ਵਿਚ ਇਕ ਤਾਕਤਵਰ ਧਿਰ ਬਣ ਕੇ ਉੱਭਰੀ।

ਇਹ ਵਰਤਾਰਾ ਸੱਤਵੇਂ ਦਹਾਕੇ ਦੇ ਆਰੰਭ ਵਿਚ ਦ੍ਰਿਸ਼ਟੀਗੋਚਰ ਹੋਣਾ ਸ਼ੁਰੂ ਹੁੰਦਾ ਹੈ, ਜਦੋਂ ਇਸ ਧੜੇ ਨੇ ਰਾਜਨੀਤਿਕ ਖੇਤਰ ਵਿਚ ਆਪਣੀ ਹਾਜ਼ਰੀ ਭਰਵੇਂ ਰੂਪ ਵਿਚ ਜ਼ਾਹਰ ਕਰਨੀ ਸ਼ੁਰੂ ਕੀਤੀ ਤੇ ਅਜੋਕੇ ਸਮੇਂ ਵਿਚ ਪਿੰਡ ਦੀ ਪੰਚਾਇਤ ਤੋਂ ਲੈ ਕੇ ਰਾਜ ਸਰਕਾਰ ਤੱਕ ਸੱਤਾ ਦੇ ਹਰ ਪੱਧਰ ਉੱਪਰ ਇਹ ਧੜਾ ਕਾਬਜ਼ ਹੋ ਚੁੱਕਾ ਹੈ, ਬੇਸ਼ੱਕ ਉਸਦੀ ਰਾਜਨੀਤਿਕ ਪ੍ਰਤਿਬੱਧਤਾ ਜਾਂ ਵਿਚਾਰਧਾਰਾ ਕੋਈ ਵੀ ਹੋਵੇ।[129]

ਹਰੇ ਇਨਕਲਾਬ ਕਾਰਣ ਪਰੰਪਰਾਗਤ ਪੇਂਡੂ ਆਰਥਕ ਢਾਂਚਾ ਹੀ ਪੂਰੀ ਤਰ੍ਹਾਂ ਪ੍ਰਭਾਵਿਤ ਨਹੀਂ ਹੋਇਆ, ਸਗੋਂ ਇਸ ਤਬਦੀਲੀ ਦੇ ਪ੍ਰਭਾਵ ਸਮਾਜਕ ਜੀਵਨ ਵਿਚ ਵੀ ਬਹੁਤ ਤਿੱਖੇ ਪਏ ਨਜ਼ਰ ਆਉਂਦੇ ਹਨ। ਇਸ ਤਬਦੀਲੀ ਤਹਿਤ ਸਮੁੱਚੇ ਪੰਜਾਬ ਵਿਚ ਸੜਕਾਂ ਦਾ ਜਾਲ ਵਿਛਿਆ, ਵਿਦਿਆ ਦਾ ਫ਼ੈਲਾਅ, ਬਿਜਲੀ, ਹਸਪਤਾਲ ਆਦਿ ਦੇ ਪਿੰਡਾਂ ਤੱਕ ਪਹੁੰਚਣ ਨਾਲ ਸ਼ਹਿਰਾਂ ਤੇ ਪਿੰਡਾਂ ਵਿਚਲਾ ਸਮਾਜਕ ਫ਼ਰਕ ਘਟਿਆ। ਪਿੰਡ ਦੇ ਬੱਚੇ ਵਿਦਿਆ ਪ੍ਰਾਪਤ ਕਰਨ ਲਈ ਸ਼ਹਿਰਾਂ ਤੱਕ ਪਹੁੰਚਣ ਲੱਗੇ, ਇਸ ਨਾਲ ਪੜ੍ਹ-ਲਿਖ ਕੇ ਰੁਜ਼ਗਾਰ ਪ੍ਰਾਪਤ ਕਰਨ ਨਾਲ ਪਿੰਡਾਂ ਦੇ ਰਹਿਣ-ਸਹਿਣ ਵਿਚ ਵੀ ਸੁਧਾਰ ਹੋਇਆ। ਪਰ ਇਸ ਦੇ ਕੁਝ ਮਾਰੂ ਪ੍ਰਭਾਵ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਸਭ ਤੋਂ ਪਹਿਲਾਂ ਪਿੰਡਾਂ ਵਿਚ ਨਸ਼ਿਆਂ ਦੀ ਖਪਤ ਕਈ ਗੁਣਾ ਵਧੀ ਅਤੇ ਸਮਾਜਕ-ਆਰਥਕ ਪਾੜਾ ਤੇ ਧੜੇਬੰਦੀ ਵਿਚ ਵੀ ਵਾਧਾ ਹੋਇਆ ਹੈ।[130] ਨਸ਼ੇ ਇਕ ਵਪਾਰਕ ਕਿੱਤਾ ਬਣੇ ਨਜ਼ਰ ਆਉਂਦੇ ਹਨ। ਪਿੰਡ ਦੀ ਖਾਂਦੀ-ਪੀਂਦੀ ਕਿਸਾਨੀ ਦੇ ਬੱਚੇ ਵਿਦਿਆ ਪ੍ਰਾਪਤੀ ਲਈ ਸ਼ਹਿਰਾਂ ਵਿਚ ਆਉਣ ਨਾਲ ਪਿੰਡਾਂ ਦੇ ਸਕੂਲ ਬਿਲਕੁਲ ਅਣਗੌਲੇ ਹੋ ਗਏ। ਇਸ ਨਾਲ ਪਿੰਡਾਂ ਵਿਚ ਵਿਦਿਆ ਦਾ ਮਿਆਰ ਇਕ ਦਮ ਡਿੱਗ ਪਿਆ, ਤੇ ਪਿੰਡਾਂ ਵਿਚ ਸਮਾਜਕ ਬਰਾਬਰੀ ਵਾਲਾ ਭਾਈਚਾਰਕ ਮਾਹੌਲ ਵੀ ਟੁੱਟਣਾ ਸ਼ੁਰੂ ਹੋਇਆ ਤੇ ਹਰੇ ਇਨਕਲਾਬ ਨਾਲ ਜਿਹੜਾ ਪਿੰਡਾਂ ਤੇ ਸ਼ਹਿਰਾਂ ਵਿਚਲਾ ਫ਼ਰਕ ਘਟਿਆ ਸੀ, ਉਹ ਫਿਰ ਉਸੇ ਸਥਿਤੀ ਵਿਚ ਹੀ ਪਹੁੰਚ ਗਿਆ ਤੇ ਸਥਿਤੀ ਇੱਥੋਂ ਤੱਕ ਪਹੁੰਚ ਗਈ ਹੈ ਕਿ ਪਿੰਡਾਂ ਦੇ ਸਕੂਲਾਂ ਵਿਚ ਪੜ੍ਹ ਕੇ ਉੱਚ ਵਿਦਿਆ ਲਈ ਸ਼ਹਿਰ ਤੱਕ ਪਹੁੰਚਣ ਦੇ ਰਸਤੇ ਅਜੋਕੇ ਸਮੇਂ ਵਿਚ ਲਗਭਗ ਬੰਦ ਹੋ ਗਏ ਹਨ।

ਨਵੀਂ ਜੀਵਨ ਜਾਚ ਨੇ ਸਾਂਝੇ ਪਰਿਵਾਰਾਂ ਦੀ ਪਰੰਪਰਾ ਨੂੰ ਖ਼ਤਮ ਕਰਕੇ ਇਕਹਿਰੀ ਪਰਿਵਾਰ ਪ੍ਰਣਾਲੀ ਨੂੰ ਵਧਾਇਆ ਹੈ। ਆਰਥਕ ਖ਼ੁਸ਼ਹਾਲੀ ਨਾਲ ਪਿੰਡਾਂ ਦੇ ਲੋਕਾਂ ਦੁਆਰਾ ਸਮਾਜਕ ਰਸਮਾਂ ’ਤੇ ਹੋਣ ਵਾਲੇ ਖ਼ਰਚ ਵਿਚ ਬੇ-ਤਹਾਸ਼ਾ ਵਾਧਾ ਹੋਇਆ ਹੈ ਤੇ ਛੋਟੇ ਤੇ ਦਰਮਿਆਨੇ ਕਿਸਾਨਾਂ ਲਈ ਵੀ ਅਜਿਹਾ ਕਰਨਾ ਸਮਾਜਕ ਮਜਬੂਰੀ ਬਣ ਗਈ ਹੈ ਅਤੇ ਅਜਿਹਾ ਉਹ ਕਰਜ਼ਾ ਚੁੱਕ ਕੇ ਕਰ ਰਹੇ ਹਨ। ਇਸ ਨਾਲ ਕਿਸਾਨੀ ਦੇ ਇਹ ਵਰਗ ਅਜਿਹੇ ਕਰਜ਼ੇ ਦੀ ਜਕੜ ਵਿਚ ਆ ਗਏ ਹਨ ਜਿਸ ਵਿਚੋਂ ਨਿਕਲ ਸਕਣਾ ਮੁਮਕਿਨ ਨਹੀਂ, ਪਰ ਕਿਸਾਨੀ ਇਸ ਤੋਂ ਪਿੱਛੇ ਹਟਣ ਨੂੰ ਤਿਆਰ ਨਹੀਂ। ਇਨ੍ਹਾਂ ਵਰਤਾਰਿਆਂ ਨੇ ਕਿਸਾਨੀ ਦੇ ਕੰਗਾਲੀਕਰਣ ਵਿਚ ਹੋਰ ਵਾਧਾ ਕੀਤਾ ਹੈ।

ਖੇਤੀ ਦੇ ਇਸ ਨਵੇਂ ਵਰਤਾਰੇ ਵਿਚੋਂ ਇਕ ਵਰਗ ਅਜਿਹਾ ਉੱਭਰ ਕੇ ਸਾਹਮਣੇ ਆਇਆ ਹੈ ਜਿਸ ਨੇ ਆਪਣੇ ਸਰਮਾਏ ਨੂੰ ਨਵੇਂ ਧੰਦਿਆਂ ਵਿਚ ਲਗਾ ਕੇ ਬਹੁਤ ਵਧੇਰੇ ਦੌਲਤ ਕਮਾਈ ਹੈ ਤੇ ਇਸ ਦੌਲਤ ਦੇ ਸਿਰ ’ਤੇ ਸਰਕਾਰੇ-ਦਰਬਾਰੇ ਆਪਣੀ ਪੁੱਛ-ਪ੍ਰਤੀਤ ਵਧਾਈ ਹੈ। ਇਹ ਵਧੀ ਹੋਈ ਪੁੱਛ-ਪ੍ਰਤੀਤ ਉਨ੍ਹਾਂ ਦੀ ਦੌਲਤ ਵਿਚ ਹੋਰ ਵਾਧੇ ਦਾ ਕਾਰਣ ਵੀ ਬਣੀ ਹੈ। ਇਸ ਵਧੀ ਹੋਈ ਦੌਲਤ ਨੇ ਉਨ੍ਹਾਂ ਵਿਚ ਰਾਜਸੀ ਸੱਤਾ ਦੀ ਭੁੱਖ ਤੇ ਅਕਾਂਖਿਆ ਨੂੰ ਵਧਾਇਆ ਹੈ ਤੇ ਆਪਣੀ ਇਸ ਅਕਾਂਖਿਆ ਦੀ ਪੂਰਤੀ ਲਈ ਭਾਈਚਾਰੇ, ਜੱਟ ਭਰਾ, ਧਾਰਮਿਕ ਸਾਂਝ ਤੇ ਇਲਾਕਾਈ ਸਾਂਝ ਦੇ ਨਾਹਰੇ ਥੱਲੇ ਕਿਸਾਨੀ ਦੇ ਬਾਕੀ ਵਰਗਾਂ ਨੂੰ ਆਪਣੇ ਪਿੱਛੇ ਲਾਮਬੰਦ ਕਰਨ ਦਾ ਸਫ਼ਲ ਯਤਨ ਕੀਤਾ। ਕਿਸਾਨੀ ਦੇ ਇਸ ਵਰਗ ਨੇ ਆਪਣੇ ਆਪ ਨੂੰ ਇਲਾਕਾਈ ਰੂਪ ਵਿਚ ਜਥੇਬੰਦ ਕਰਨ ਦਾ ਸੁਚੇਤ ਯਤਨ ਕੀਤਾ ਹੈ ਤੇ ਸ਼ਹਿਰੀ ਮੱਧ ਸ਼੍ਰੇਣੀ ਦੇ ਕਬਜ਼ੇ ਵਿਚਲੀ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ’ਤੇ ਆਪਣਾ ਕਬਜ਼ਾ ਕੀਤਾ ਤਾਂ ਜੋ ਇਸ ਖਿੱਤੇ ਦੀ ਰਾਜਸੀ ਤੇ ਰੂਹਾਨੀ ਤਾਕਤ ਦੇ ਸੋਮਿਆਂ ਨੂੰ ਆਪਣੇ ਹਿਤਾਂ ਲਈ ਵਰਤਿਆ ਜਾ ਸਕੇ ਤੇ ਇਸ ਅਮਲ ਦੀ ਪਹਿਲੀ ਕੜੀ ਵਜੋਂ ਪੰਜਾਬੀ ਸੂਬੇ ਲਈ ਸੰਘਰਸ਼ ਤੇ ਇਸ ਦੀ ਕਾਇਮੀ ਹੈ, ਪਰ ਕੇਂਦਰ ਦੀਆਂ ਪੱਖ-ਪਾਤੀ ਨੀਤੀਆਂ ਨੇ ਇਸ ਵਰਗ ਦੀਆਂ ਰਾਜਸੀ ਅਕਾਂਖਿਆਵਾਂ ਦੀ ਪੂਰਤੀ ਨਾ ਹੋਣ ਦਿੱਤੀ। ਲੰਮੇ ਯਤਨਾਂ ਤੋਂ ਬਾਅਦ ਵੀ ਕਾਮਯਾਬੀ ਹਾਸਲ ਨਾ ਹੋਣ ਨੇ ਇਸ ਵਰਗ ਵਿਚ ਰਾਜਨੀਤਿਕ ਮਾਯੂਸੀ ਤੇ ਬੇਗ਼ਾਨਗੀ ਦੀ ਭਾਵਨਾ ਨੂੰ ਜਨਮ ਦਿੱਤਾ ਹੈ।

ਦੂਸਰੇ ਖੇਤੀ ਦੀਆਂ ਉਤਪਾਦਨ ਲਾਗਤਾਂ ਵਿਚ ਵਾਧੇ, ਪੈਦਾਵਾਰ ਵਿਚ ਖੜੋਤ ਤੇ ਸੂਬੇ ਵਿਚ ਖੇਤੀ ਆਧਾਰਿਤ ਸਨਅਤ ਦੀ ਅਣਹੋਂਦ ਨੇ ਵੀ ਇਸ ਖਿੱਤੇ ਵਿਚ ਇਕ ਵਿਸ਼ੇਸ਼ ਪ੍ਰਕਾਰ ਦੀ ਅ-ਸੁਰੱਖਿਆ ਵਾਲਾ ਮਾਹੌਲ ਪੈਦਾ ਕੀਤਾ ਹੈ, ਕਿਉਂਕਿ ਖੇਤੀ ਆਧਾਰਿਤ ਸਨਅਤ ਦੀ ਅਣਹੋਂਦ ਕਾਰਣ ਖੇਤੀ ਦੇ ਲਾਹੇਵੰਦ ਧੰਦੇ ਬਣੇ ਰਹਿਣ ਦੀਆਂ ਸੰਭਾਵਨਾਵਾਂ ਨਾ ਹੋਣ ਦੇ ਬਰਾਬਰ ਹਨ। ਅਜਿਹੇ ਹਾਲਾਤ ਵਿਚ ਕਿਸਾਨੀ ਨੇ ਇਸ ਵਰਗ ਦੇ ਕੇਂਦਰ ਦੇ ਖਿਲਾਫ਼ ਆਪਣੇ ਰੋਹ ਤੇ ਰੋਸ ਨੂੰ ਕੇਂਦਰ ਬਨਾਮ ਰਾਜਾਂ ਦਾ ਮਸਲਾ ਬਣਾ ਕੇ ਪੇਸ਼ ਕਰਨ ਦਾ ਯਤਨ ਕੀਤਾ ਹੈ ਤਾਂ ਜੋ ਰਾਸ਼ਟਰੀ ਪੱਧਰ ’ਤੇ ਖੇਤਰੀ ਪਾਰਟੀਆਂ ਨੂੰ ਜਥੇਬੰਦ ਕੀਤਾ ਜਾ ਸਕੇ ਤੇ ਇਸ ਵਿਚ ਇਸ ਵਰਗ ਨੂੰ ਕਿਸੇ ਹੱਦ ਤੱਕ ਕਾਮਯਾਬੀ ਵੀ ਮਿਲੀ, ਪਰ ਸਥਾਨਕ ਪੱਧਰ ਦੀ ਰਾਜਨੀਤੀ ਵਿਚ ਧਰਮ ਦਾ ਦਖ਼ਲ ਹੋਣ ਕਰਕੇ ਤੇ ਗੁਰਦਵਾਰਿਆਂ ਦੇ ਰੂਹਾਨੀ ਤੇ ਪਦਾਰਥਕ ਸੋਮਿਆਂ ’ਤੇ ਕਾਬਜ਼ ਬਣੇ ਰਹਿਣ ਲਈ ਉਪਰੋਕਤ ਅਕਾਂਖਿਆਂ ਨੂੰ ਜਿਸ ਕਿਸਮ ਦਾ ਧਾਰਮਿਕ ਰੂਪ ਦਿੱਤਾ, ਉਸ ਨੇ ਇਸ ਨੂੰ ਦੇਸ਼ ਦੀ ਏਕਤਾ-ਅਖੰਡਤਾ ਦੇ ਨਾਂ ’ਤੇ ਬਾਕੀ ਖੇਤੀ ਪਾਰਟੀਆਂ ਨਾਲੋਂ ਨਿਖੇੜ ਦਿੱਤਾ ਤੇ ਇਸ ਪਾਰਟੀ ਦਾ ਆਨੰਦਪੁਰ ਦਾ ਮਤਾ ਬਾਕੀ ਖੇਤਰੀ ਪਾਰਟੀਆਂ ਲਈ ਅਛੂਤ ਬਣ ਕੇ ਰਹਿ ਗਿਆ। ਅਕਾਲੀ ਪਾਰਟੀ ਲਈ ਵੀ ਇਸ ਰਾਜਸੀ ਮਤੇ ਦੀ ਹੋਂਦ ਸਿਰਫ਼ ਕੇਂਦਰ ਦੇ ਖਿਲਾਫ਼ ਆਪਣੇ ਰੋਸ ਤੇ ਸੱਤਾ ਪ੍ਰਾਪਤੀ ਲਈ ਇਕ ਸੰਦ ਵਜੋਂ ਸੀ, ਕਿਉਂਕਿ ਜਦ ਤੱਕ ਇਹ ਵਰਗ ਸੱਤਾ ’ਤੇ ਕਾਬਜ਼ ਰਿਹਾ। ਇਸ ਮਤੇ ਦੀ ਹੋਂਦ ਅਣਗੌਲੀ ਰਹੀ, ਪਰ ਜਦ ਇਹ ਵਰਗ ਸੱਤਾ ਤੋਂ ਬਾਹਰ ਹੋਇਆ ਤਾਂ ਇਸ ਮਤੇ ਨੂੰ ਲਾਗੂ ਕਰਾਉਣ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ਗਿਆ ਤੇ ਇਸ ਵਿਚ ਪੰਜਾਬ ਦੀਆਂ ਕੁਝ ਆਰਥਕ ਮੰਗਾਂ ਸ਼ਾਮਲ ਕਰਕੇ ਇਸ ਦੇ ਸਰੂਪ ਨੂੰ ਸਰਵ-ਪ੍ਰਵਾਨਿਤ ਬਣਾਉਣ ਦਾ ਯਤਨ ਕੀਤਾ ਗਿਆ।[131] ਰਾਜਨੀਤਿਕ ਹਿਤਾਂ ਦੇ ਟਕਰਾਓ ਕਰਕੇ ਕੇਂਦਰ ਸਰਕਾਰ ਨੇ ਇਸ ਸੰਘਰਸ਼ ਨੂੰ ਫ਼ੌਜੀ ਤਾਕਤ ਦੇ ਜ਼ੋਰ ਨਾਲ ਦਬਾ ਦਿੱਤਾ।

ਇਸ ਸੰਘਰਸ਼ ਵਿਚ ਅਗਵਾਈ ਬੇਸ਼ੱਕ ਕਿਸਾਨੀ ਦੇ ਉਪਰਲੇ ਵਰਗ ਦੇ ਹੱਥ ਵਿਚ ਸੀ, ਪਰ ਛੋਟੀ ਤੇ ਦਰਮਿਆਨੀ ਕਿਸਾਨੀ ਜੋ ਆਰਥਕ ਤੌਰ ’ਤੇ ਟੁੱਟੀ ਹੋਈ ਸੀ ਤੇ ਅਨਪੜ੍ਹ ਸੀ, ਇਸ ਸੰਘਰਸ਼ ਦੀ ਕੰਗਰੋੜ ਦੇ ਰੂਪ ਵਿਚ ਕਾਰਜਸ਼ੀਲ ਸੀ। ਇਸ ਸੰਘਰਸ਼ ਵਿਚੋਂ ਰਾਜਨੀਤਿਕ ਚੇਤਨਾ

ਗ੍ਰਹਿਣ ਕਰਕੇ ਇਸ ਵਰਗ ਨੂੰ ਵੀ ਆਪਣੀ ਤਾਕਤ ਦਾ ਅਹਿਸਾਸ ਹੋਇਆ ਤੇ ਇਸ ਵਰਗ ਵਿਚ ਸੱਤਾ ਪ੍ਰਾਪਤੀ ਦੀਆਂ ਅਕਾਂਖਿਆਵਾਂ ਨੂੰ ਵੀ ਬਲ ਮਿਲਿਆ, ਪਰ ਤਾਕਤ ਨਾਲ ਸੰਘਰਸ਼ ਕੁਚਲ ਦਿੱਤੇ ਜਾਣ ਕਰਕੇ ਤੇ ਸਿਰ 'ਤੇ ਪਏ ਆਰਥਕ ਸੰਕਟ ਦਾ ਜਲਦੀ ਹਲ ਚਾਹੁਣ ਕਰਕੇ ਕਿਸਾਨੀ ਦਾ ਇਕ ਵਰਗ ਪਾਰਲੀਮੈਂਟਰੀ ਢੰਗਾਂ ਪ੍ਰਤਿ ਉਦਾਸੀਨ ਹੋ ਕੇ ਤਾਕਤ ਦੇ ਜ਼ੋਰ ਨਾਲ ਇਕ ਵੱਖਰੇ ਰਾਜ ਦੇ ਸੁਪਨੇ ਦਾ ਭਰਮ ਪਾਲ ਲੈਂਦਾ ਹੈ ਤਾਂ ਕਿ ਉਸ 'ਤੇ ਖੁਦ ਸੱਤਾ ਰੂੜ ਹੋ ਸਕੇ। ਇਸ ਲਈ ਇਸ ਵਰਗ ਨੂੰ ਦੂਹਰੇ ਸੰਘਰਸ਼ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਪਾਸੇ ਕੇਂਦਰ ਨਾਲ ਤੇ ਦੂਸਰੇ ਪਾਸੇ ਗੁਰਦਵਾਰਿਆਂ ਤੇ ਅਕਾਲੀ ਦਲ 'ਤੇ ਕਾਬਜ਼ ਧਨਾਢ ਕਿਸਾਨੀ ਨਾਲ ਤੇ ਭਾਰਤ ਦੀਆਂ ਵਿਰੋਧੀ ਸ਼ਕਤੀਆਂ ਇਸ ਮਸਲੇ ਨੂੰ ਅੰਤਰ-ਰਾਸ਼ਟਰੀ ਮਸਲਾ ਬਣਾਉਣ ਤੇ ਭਾਰਤ ਸਰਕਾਰ ਦੀ ਸਿਰਦਰਦੀ ਵਧਾਉਣ ਲਈ ਅੰਦਰਖਾਤੇ ਇਸਦੀ ਮਦਦ ਵੀ ਕਰਦੀਆਂ ਹਨ।[132]

ਇਸ ਤਰ੍ਹਾਂ ਪੰਜਾਬ ਦੇ ਸਮਾਜਕ ਇਤਿਹਾਸਕ ਵਿਕਾਸ ਦੀ ਸਥਿਤੀ ਸਪਸ਼ਟ ਕਰਦੀ ਹੈ ਕਿ ਪੰਜਾਬ ਬਾਹਰੀ ਜਾਂ ਅੰਦਰੂਨੀ ਸੰਘਰਸ਼ ਦਾ ਸਾਹਮਣਾ ਆਦਿ ਕਾਲ ਤੋਂ ਕਰਦਾ ਆ ਰਿਹਾ ਹੈ। ਇਸ ਲੰਮੇ ਸੰਘਰਸ਼ ਨੇ ਪੰਜਾਬੀ ਮਾਨਸਿਕਤਾ ਨੂੰ ਇਕ ਵਿਸ਼ੇਸ਼ ਦਿੱਖ ਪ੍ਰਦਾਨ ਕੀਤੀ ਹੈ। ਇਸ ਵਿਚ ਦਲੇਰੀ, ਬਹਾਦਰੀ ਤੇ ਮਾਅਰ੍ਹਕੇਬਾਜ਼ੀ ਵਾਲਾ ਸੁਭਾਅ ਇਸ ਦੀ ਵਿਸ਼ੇਸ਼ ਪਛਾਣ ਬਣ ਗਿਆ ਹੈ ਤੇ ਇਸ ਦਾ ਇਕ ਵਿਸ਼ੇਸ਼ ਕਾਰਣ ਜ਼ਮੀਨ ਦੀ ਮਲਕੀਅਤ ਦਾ ਹੋਣਾ ਵੀ ਹੈ, ਚਾਹੇ ਇਹ ਮਲਕੀਅਤ ਥੋੜ੍ਹੀ ਹੈ ਜਾਂ ਵਧੇਰੇ, ਪਰ ਇਸ ਮਾਲਕੀ ਦੇ ਸਿਰ 'ਤੇ ਕਿਸਾਨੀ ਵਿਚ ਕਿਸੇ ਨੂੰ ਆਪਣਾ ਆਗੂ ਨਾ ਮੰਨਣ ਵਰਗੇ ਗੁਣ ਪੈਦਾ ਹੋਏ ਹਨ। ਤਕਰੀਬਨ ਪਿਛਲੇ ਦੋ ਦਹਾਕਿਆਂ ਵਿਚ ਵਾਪਰੀਆਂ ਘਟਨਾਵਾਂ ਨੇ ਇਸ ਦੀ ਮਾਨਸਿਕਤਾ ਵਿਚ ਵੀ ਵੱਡੇ ਪਰਿਵਰਤਨ ਲਿਆਂਦੇ ਹਨ। 1991 ਵਿਚ ਰੂਸ ਦੇ ਸਮਾਜਵਾਦੀ ਢਾਂਚੇ ਦੇ ਬਿਖਰ ਜਾਣ ਤਾਕਤਾਂ ਦਾ ਸੰਤੁਲਨ ਇਕ ਧਰੁਵੀ ਹੋ ਗਿਆ ਤੇ ਅਮਰੀਕਾ ਨੇ ਆਪਣੀਆਂ ਨੀਤੀਆਂ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਲਾਗੂ ਕਰਨਾ ਸ਼ੁਰੂ ਕੀਤਾ।

ਅੰਤਰ-ਰਾਸ਼ਟਰੀ ਪੱਧਰ ਦੀਆਂ ਇਨ੍ਹਾਂ ਤਬਦੀਲੀਆਂ ਨੇ ਪੰਜਾਬ ਦੀ ਕਿਸਾਨੀ ਉੱਪਰ ਵੀ ਪ੍ਰਭਾਵ ਪਾਏ। ਖੇਤੀ ਲਾਗਤਾਂ ਦੇ ਬੇਤਹਾਸ਼ਾ ਵਾਧੇ, ਸਬਸਿਡੀਆਂ ਦੇ ਘਟਣ ਤੇ ਜੋਤਾਂ ਦੇ ਅਕਾਰ ਦੇ

ਘਟਣ ਕਰਕੇ ਖੇਤੀ ਲਾਹੇਵੰਦ ਧੰਦਾ ਬਿਲਕੁਲ ਨਹੀਂ ਰਿਹਾ। ਹਰੇ ਇਨਕਲਾਬ ਨਾਲ ਖੇਤੀ ਦੀ ਉਪਜ ਵਿਚ ਜੋ ਵਾਧਾ ਹੋਇਆ ਸੀ ਤੇ ਕਿਸਾਨੀ ਦੀ ਆਰਥਕ-ਸਮਾਜਕ ਹਾਲਤ ਵਿਚ ਸੁਧਾਰ ਹੋਇਆ ਸੀ। ਖੇਤੀ-ਖੇਤਰ ਦੀ ਉਹ ਸਥਿਤੀ 1980-82 ਤੱਕ ਪਹੁੰਚਦਿਆਂ ਖੜੋਤ ਵਿਚ ਆ ਗਈ ਤੇ ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਘਟਣੀ ਸ਼ੁਰੂ ਹੋ ਗਈ। ਇਸ ਨਾਲ ਕਿਸਾਨੀ ਦਾ ਆਰਥਕ ਸੰਕਟ ਵਧਣਾ ਸ਼ੁਰੂ ਹੋਇਆ, ਪਰ ਵਧੇ ਹੋਏ ਖ਼ਰਚਿਆਂ ਨੂੰ ਘਟਾ ਸਕਣਾ ਮੁਮਕਿਨ ਨਹੀਂ ਸੀ।

ਇਕ ਸਰਵੇਖਣ ਮੁਤਾਬਿਕ ਕਿਸਾਨੀ ਸਿਰ ਤਕਰੀਬਨ 30 ਹਜ਼ਾਰ ਕਰੋੜ ਦਾ ਕਰਜ਼ਾ ਹੈ। ਕਿਸਾਨੀ ਦਾ 80% ਹਿੱਸਾ ਕਰਜ਼ਾਈ ਹੈ ਤੇ ਮਾਲਵੇ ਦੀ ਨਰਮੇ ਵਾਲੀ ਬੈਲਟ ਦਾ 94% ਕਿਸਾਨ ਕਰਜ਼ੇ ਦੀ ਮਾਰ ਹੇਠ ਹੈ ਤੇ ਇਹ ਕਰਜ਼ਾ ਪੰਜਾਬ ਦੇ ਕਿਸਾਨਾਂ ਦੀ ਸਾਲਾਨਾ ਆਮਦਨ ਦਾ 64% ਹੈ। 10 ਏਕੜ ਤੋਂ ਘੱਟ ਜ਼ਮੀਨ ਵਾਲੇ 85% ਤੋਂ ਵੱਧ ਕਿਸਾਨ ਕਰਜ਼ਾਈ ਹਨ। 13% ਕਿਸਾਨ ਆਪਣੀ ਦੋ ਸਾਲਾਂ ਦੀ ਆਮਦਨ ਤੋਂ ਵੱਧ ਕਰਜ਼ਾਈ ਹਨ।[133] ਦੂਸਰੇ ਪਾਸੇ ਰੁਜ਼ਗਾਰ ਦੇ ਮੌਕੇ ਘਟ ਰਹੇ ਹਨ। ਪੰਜਾਬ ਵਿਚ 30 ਲੱਖ ਤੋਂ ਵਧੇਰੇ ਲੋਕ ਬੇ-ਰੁਜ਼ਗਾਰ ਹਨ ਤੇ ਇਨ੍ਹਾਂ ਵਿਚੋਂ 21 ਲੱਖ ਬੇ-ਰੁਜ਼ਗਾਰ ਪਿੰਡਾਂ ਵਿਚ ਹਨ। ਅਰਧ ਬੇ-ਰੁਜ਼ਗਾਰੀ ਇਸ ਤੋਂ ਵੱਖਰੀ ਹੈ, ਸਿੱਟੇ ਵਜੋਂ ਖੇਤੀ ਦਾ ਮਸ਼ੀਨੀਕਰਣ, ਵਧ ਰਹੇ ਕਰਜ਼ੇ ਕਾਰਣ ਬਹੁਤ ਸਾਰੇ ਕਿਸਾਨ ਖੇਤੀ ਵਿਚੋਂ ਬਾਹਰ ਹੋ ਰਹੇ ਹਨ। ਇਕ ਸਰਵੇ ਮੁਤਾਬਕ ਰੋਜ਼ਾਨਾ 2035 ਕਿਸਾਨ ਖੇਤੀ ਤੋਂ ਬਾਹਰ ਹੋ ਰਹੇ ਹਨ। 1991 ਵਿਚ ਕਿਸਾਨਾਂ ਦੀ ਕੁਲ ਗਿਣਤੀ ਨਾਲੋਂ 2001 ਤੱਕ ਦੇ ਦਹਾਕੇ ਵਿਚ ਕਿਸਾਨਾਂ ਦੀ ਗਿਣਤੀ ਡੇਢ ਕਰੋੜ ਘਟੀ ਹੈ, ਜਦਕਿ ਅਗਲੇ ਦਹਾਕੇ ਵਿਚ 77 ਲੱਖ ਹੋਰ ਕਿਸਾਨ ਇਸ ਧੰਦੇ ਨੂੰ ਛੱਡ ਗਏ ਹਨ। ਇਸ ਦਾ ਭਾਵ ਇਹ ਹੈ ਕਿ ਦੇਸ਼ ਪੱਧਰ ’ਤੇ ਦੋ ਦਹਾਕਿਆਂ ਵਿਚ 12 ਕਰੋੜ ਦੇ ਲਗਭਗ ਕਿਸਾਨਾਂ ਵਿਚੋਂ ਤਕਰੀਬਨ ਸਵਾ ਦੋ ਕਰੋੜ ਤੋਂ ਵੱਧ ਕਿਸਾਨ ਖੇਤੀ ਵਿਚੋਂ ਬਾਹਰ ਹੋ ਗਏ ਹਨ।[134]

ਇਸ ਤਰ੍ਹਾਂ ਵੀਂਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਕਿਸਾਨੀ ਦੀ ਮਾਨਸਿਕ ਬਣਤਰ ਵਿਚ ਵੱਡੀਆਂ ਤਬਦੀਲੀਆਂ ਵਾਪਰਦੀਆਂ ਹਨ। ਇਕ ਪਾਸੇ ਕਿਸਾਨੀ ਦਾ ਸੰਕਟ ਲਗਾਤਾਰ ਵਧ ਰਿਹਾ

ਹੈ ਤੇ ਦੂਸਰੇ ਪਾਸੇ ਵੱਡੇ ਸ਼ਹਿਰਾਂ ਦੇ ਨਜ਼ਦੀਕ ਦੀਆਂ ਜ਼ਮੀਨਾਂ ਦੀਆਂ ਕੀਮਤਾਂ ਬੇ-ਤਹਾਸ਼ਾ ਵਧ ਰਹੀਆਂ ਹਨ ਤੇ ਅੰਨ੍ਹੇਵਾਹ ਹੋ ਰਹੇ ਸ਼ਹਿਰੀਕਰਣ ਨੇ ਪੰਜਾਬ ਦੀ ਪਰੰਪਰਾਗਤ ਨੁਹਾਰ ਨੂੰ ਬਿਲਕੁਲ ਬਦਲ ਕੇ ਰੱਖ ਦਿੱਤਾ ਹੈ। ਸ਼ਹਿਰਾਂ ਨੇੜੇ ਵਧੀ ਇਸ ਕੀਮਤ ਨੇ ਪਿੰਡਾਂ ਵਿਚ ਵੀ ਜ਼ਮੀਨ ਦੀਆਂ ਕੀਮਤਾਂ ਵਿਚ ਅਥਾਹ ਵਾਧਾ ਕੀਤਾ ਹੈ। ਜ਼ਮੀਨ ਦੀਆਂ ਕੀਮਤਾਂ ਵਿਚ ਵਾਧੇ ਨੇ ਜ਼ਮੀਨ ਨਾਲ ਜੁੜੇ ਜੀਵਨ-ਮੁੱਲਾਂ ਨੂੰ ਤੋੜ-ਮਰੋੜ ਦਿੱਤਾ ਹੈ, ਜ਼ਮੀਨ ਜੱਟ ਦੀ ਮਾਂ ਨਹੀਂ, ਮੰਡੀ ਵਿਚ ਵੇਚਣ ਵਾਲੀ ਵਸਤੂ ਵਿਚ ਤਬਦੀਲ ਹੋ ਗਈ ਹੈ। ਇਸ ਨਾਲ ਛੋਟੀ ਕਿਸਾਨੀ ਕੋਲ ਵੀ ਬੇ-ਹਿਸਾਬ ਪੈਸਾ ਆਇਆ ਹੈ। ਇਹ ਪੈਸੇ ਵਿਚੋਂ ਬਹੁਤ ਥੋੜ੍ਹਾ ਹਿੱਸਾ ਸਨਅਤ ਜਾਂ ਹੋਰ ਖੇਤਰ ਵਿਚ ਲੱਗਾ ਹੈ, ਸਗੋਂ ਵਧੇਰੇ ਪੈਸਾ ਐਸ਼ਵਰਜ ਦਾ ਸਮਾਨ, ਵੱਡੇ ਘਰ, ਵੱਡੀਆਂ ਕਾਰਾਂ ਤੇ ਵਿਆਹਾਂ ਉੱਪਰ ਖ਼ਰਚ ਹੋ ਰਿਹਾ ਹੈ। ਇਸ ਸਮੁੱਚੇ ਵਰਤਾਰੇ ਨਾਲ ਕਿਸਾਨੀ ਦਾ ਵੱਡਾ ਹਿੱਸਾ ਆਪਣਾ ਪਿਤਾ-ਪੁਰਖੀ ਕਿੱਤੇ ਛੱਡਣ ਲਈ ਮਜਬੂਰ ਹੋ ਰਿਹਾ ਹੈ। ਕਿਸਾਨੀ ਸਮਾਜ ਵਿਚਲੀ ਇਹ ਤਬਦੀਲੀ ਹਾਕਮ ਵਰਗ ਨੂੰ ਵੀ ਆਪਣੇ ਹਿਤਾਂ ਦੇ ਅਨੁਕੂਲ ਪ੍ਰਤੀਤ ਹੁੰਦੀ ਹੈ, ਕਿਉਂਕਿ ਕਿਸਾਨੀ ਦੀ ਮਾਲਕੀ ਵਾਲੀ ਪ੍ਰਭੁਸੱਤਾ ਦੇ ਖ਼ਤਮ ਹੋਣ ਨਾਲ ਇਸਦੀ ਹਾਕਮ ਧਿਰ ਦੇ ਖ਼ਿਲਾਫ਼ ਇਕ ਸ਼ਕਤੀਸ਼ਾਲੀ ਚੁਣੌਤੀ ਭਰਪੂਰ ਧਿਰ ਦੇ ਤੌਰ ’ਤੇ ਖੜ੍ਹਾ ਹੋ ਸਕਣ ਦੀ ਸਮਰਥਾ ਵੀ ਸੀਮਤ ਹੋ ਜਾਂਦੀ ਹੈ।

ਪੇਂਡੂ ਸਮਾਜ ਵਿਚ ਕਿਸਾਨੀ ਤੋਂ ਬਾਅਦ ਦੂਸਰੀ ਮੱਹਤਵਪੂਰਨ ਧਿਰ ਖੇਤ-ਮਜ਼ਦੂਰ ਹਨ। ਅਸਲ ਵਿਚ ਦੋਹਾਂ ਦੇ ਆਪਸੀ ਸੰਬੰਧਾਂ ਵਿਚੋਂ ਹੀ ਪੰਜਾਬ ਦੀ ਆਰਥਕ-ਸਮਾਜਕ ਤਸਵੀਰ ਮੁਕੰਮਲ ਹੁੰਦੀ ਹੈ। ਖੇਤ ਕਾਮਿਆਂ ਦਾ ਇਹ ਵਰਗ 19ਵੀਂ ਸਦੀ ਦੇ ਅੰਤ ’ਤੇ ਅਤੇ 20ਵੀਂ ਸਦੀ ਦੇ ਸ਼ੁਰੂ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ, ਭਾਵੇਂ ਕਿ ਪੁਰਾਤਨ ਕਾਲ ਵਿਚ ਵੀ ਗ਼ੁਲਾਮਾਂ ਤੇ ਕਿਰਾਏ ਦੇ ਮਜ਼ਦੂਰਾਂ ਤੋਂ ਖੇਤੀ ਦਾ ਕੰਮ ਲਏ ਜਾਣ ਦੇ ਪ੍ਰਮਾਣ ਮਿਲਦੇ ਹਨ। ਇਸ ਤਰ੍ਹਾਂ ਪੰਜਾਬ ਦੀ ਆਰਥਕਤਾ ਵਿਚ ਮਹੱਤਵਪੂਰਣ ਰੋਲ ਹੋਣ ਦੇ ਬਾਵਜੂਦ ਇਹ ਸਮਾਜ ਦਾ ਸਭ ਤੋਂ ਅਣਗੌਲਿਆ ਤੇ ਮਾੜੀਆਂ ਜੀਵਨ-ਹਾਲਤਾਂ ਵਿਚ ਜੀਵਨ ਬਸਰ ਕਰ ਰਿਹਾ ਵਰਗ ਹੈ। ਇਨ੍ਹਾਂ ਦੀਆਂ ਮਾੜੀਆਂ ਜੀਵਨ ਹਾਲਤਾਂ ਦਾ ਪ੍ਰਗਟਾਵਾ ਇਨ੍ਹਾਂ ਦੇ ਜੀਵਨ ਪੱਧਰ ਨੂੰ ਦੇਖ ਕੇ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਛੋਟੀ ਕਿਸਾਨੀ ਵਾਂਗ ਕਰਜ਼ਾਈ ਹੋਣਾ ਇਨ੍ਹਾਂ ਦੇ ਜੀਵਨ ਦੀ ਹੋਣੀ ਹੈ। ਇਕ ਸਰਵੇਖਣ ਮੁਤਾਬਿਕ 66% ਤੋਂ ਵੱਧ ਖੇਤ-ਮਜ਼ਦੂਰ ਕਰਜ਼ਾਈ ਹਨ।[135] ਖੇਤੀ ਖੇਤਰ ਵਿਚ ਇਨ੍ਹਾਂ ਦੀ ਗਿਣਤੀ 38.6% ਹੈ।[136]

ਹਰੇ ਇਨਕਲਾਬ ਤੋਂ ਪਹਿਲਾਂ ਵੀ ਇਸ ਵਰਗ ਦੀ ਲੁੱਟ-ਖਸੁੱਟ ਹੁੰਦੀ ਸੀ ਪਰ ਉਸ ਲੁੱਟ ਉੱਪਰ ਮਾਨਵੀ ਪੱਖ ਤੇ ਪਰਿਵਾਰਕ ਸਾਂਝ ਦਾ ਪਰਦਾ ਹੋਣ ਕਰਕੇ ਇਹ ਲੁੱਟ ਇਸ ਵਰਗ ਨੂੰ ਚੁੱਭਦੀ ਨਹੀਂ ਸੀ। ਉਸ ਵੇਲੇ ਦੀਆਂ ਹਾਲਤਾਂ ਵਧੇਰੇ ਅਮਾਨਵੀ ਤੇ ਕਠੋਰ ਨਹੀਂ ਸਨ ਤੇ ਆਪਣੀ ਸੀਮਤ ਚੇਤਨਾ ਕਾਰਣ ਇਹ ਵਰਗ ਇਸ ਲੁੱਟ-ਖਸੁੱਟ ਪ੍ਰਤਿ ਸੁਚੇਤ ਵੀ ਨਹੀਂ ਸੀ। ਹਰੇ ਇਨਕਲਾਬ ਤੋਂ ਬਾਅਦ ਪੇਂਡੂ ਸਮਾਜ ਵਿਚ ਪੈਸੇ ਦਾ ਦਖ਼ਲ ਤੇਜ਼ੀ ਨਾਲ ਵਧਿਆ ਤੇ ਇਨ੍ਹਾਂ ਵਰਗਾਂ ਦੇ ਆਪਸੀ ਸੰਬੰਧ ਵੀ ਮਾਨਵੀ ਧਰਾਤਲ ਤੋਂ ਖਿਸਕ ਕੇ ਨਿਰੋਲ ਆਰਥਕ ਹਿਤਾਂ ’ਤੇ ਹੀ ਕੇਂਦ੍ਰਿਤ ਹੋ ਗਏ। ਇਸੇ ਹੀ ਸਮੇਂ ਦਲਿਤ ਵਰਗ ਨੂੰ ਰਾਜਨੀਤਿਕ ਤੌਰ ’ਤੇ ਵੀ ਜਥੇਬੰਦ ਕਰਨ ਦੇ ਯਤਨ ਸ਼ੁਰੂ ਹੋਏ। ਵੋਟ ਰਾਜਨੀਤੀ ਦੇ ਇਸ ਦੌਰ ਵਿਚ ਇਸ ਵਰਗ ਵਿਚ ਵੀ ਆਪਣੇ ਤਾਕਤਵਰ ਧਿਰ ਹੋਣ ਦਾ ਅਹਿਸਾਸ ਵਧਿਆ ਤੇ ਇਸੇ ਵੋਟ-ਰਾਜਨੀਤੀ ’ਤੇ ਆਧਾਰਿਤ ਦਲਿਤ ਵਰਗ ਨੂੰ ਸੱਤਾਧਾਰੀ ਧਿਰਾਂ ਵੱਲੋਂ ਵੱਖ-ਵੱਖ ਸਹੂਲਤਾਂ ਦੇ ਕੇ ਆਪਣਾ-ਆਪਣਾ ਰਾਜਨੀਤਿਕ ਆਧਾਰ ਇਸ ਵਰਗ ਵਿਚ ਵਧਾਉਣ ਦੇ ਯਤਨ ਹੋ ਰਹੇ ਹਨ। ਮਨਰੇਗਾ ਅਧੀਨ ਗਰੰਟੀਬੱਧ ਰੁਜ਼ਗਾਰ, ਰਿਆਇਤੀ ਕੀਮਤਾਂ ’ਤੇ ਆਟਾ-ਦਾਲ, ਮੁਫ਼ਤ ਬਿਜਲੀ ਤੇ ਸਿੱਖਿਆ ਵਰਗੀਆਂ ਸਹੂਲਤਾਂ ਨੇ ਇਸ ਵਰਗ ਨੂੰ ਨਿਰੋਲ ਸਰਕਾਰ ਵੱਲੋਂ ਮਿਲਦੀਆਂ ਸਹੂਲਤਾਂ ’ਤੇ ਨਿਰਭਰਤਾ ਵਧਾ ਕੇ ਕਿਰਤ ਨਾਲੋਂ ਤੋੜ ਦਿੱਤਾ ਹੈ। ਇਸ ਨਾਲ ਕਿਸਾਨੀ ਤੇ ਇਨ੍ਹਾਂ ਵਰਗਾਂ ਦੇ ਆਪਸੀ ਪਰੰਪਰਾਗਤ ਸੰਬੰਧ ਬਿਲਕੁਲ ਖ਼ਤਮ ਹੋ ਗਏ ਹਨ ਤੇ ਆਪਸੀ ਟਕਰਾਅ ਵਧਿਆ ਹੈ। ਇਸ ਵਰਗ ਦਾ ਇਕ ਹਿੱਸਾ ਸਰਕਾਰੀ ਸਹੂਲਤਾਂ ਦਾ ਫ਼ਾਇਦਾ ਉਠਾ ਕੇ ਪੜ੍ਹ-ਲਿਖ ਕੇ ਸਰਕਾਰੀ ਨੌਕਰੀਆਂ ਵਿਚ ਸ਼ਾਮਲ ਹੋਇਆ ਹੈ। ਇਸ ਨਾਲ ਇਸ ਵਰਗ ਦੇ ਜੀਵਨ-ਪੱਧਰ ਵਿਚ ਸੁਧਾਰ ਆਇਆ ਹੈ। ਉੱਚਾ ਆਰਥਕ ਪੱਧਰ ਹਾਸਲ ਕਰ ਲੈਣ ਦੇ ਬਾਵਜੂਦ ਅਜੇ ਵੀ ਸਮਾਜਕ ਵਖਰੇਵੇਂ ਕਾਇਮ ਹਨ। ਇਕ ਤਾਕਤਵਰ ਤੇ ਸੰਗਠਿਤ ਰਾਜਨੀਤਿਕ ਧਿਰ ਬਣ ਜਾਣ

ਕਰਕੇ ਇਸ ਵਰਗ ਵਿਚ ਰਾਜਨੀਤਿਕ ਚੇਤਨਤਾ ਵਧੀ ਹੈ ਤੇ ਇਸ ਵਰਗ ਵਿਚੋਂ ਇਕ ਧਿਰ ਵਿਚ ਸੱਤਾ ਪ੍ਰਾਪਤੀ ਦੀ ਅਕਾਂਖਿਆ ਵੀ ਵਧੀ ਹੈ ਤੇ ਇਸਦੀ ਪੂਰਤੀ ਲਈ ਇਹ ਵਰਗ ਜਾਤ-ਪਾਤ ਦੀ ਸਿਆਸਤ ਨੂੰ ਉਭਾਰ ਕੇ ਇਕ ਰਾਜਨੀਤਿਕ ਧਿਰ ਬਣਨ ਦੇ ਆਹਰ ਵਿਚ ਹੈ। ਅਜੋਕੇ ਹਾਲਾਤ ਵਿਚ ਇਸ ਧਿਰ ਵਿਚ ਸਮਾਜਕ ਬਰਾਬਰੀ ਦਾ ਅਹਿਸਾਸ ਵਧਿਆ ਹੈ। ਇਹ ਵਰਗ ਖੇਤ-ਮਜ਼ਦੂਰਾਂ ਵਾਲੀ ਸਥਾਈ ਨੌਕਰੀ ਤੋਂ ਮੁਕਤ ਹੋ ਕੇ ਰੁਜ਼ਗਾਰ ਦੇ ਨਵੇਂ ਮੌਕਿਆਂ ਦੀ ਭਾਲ ਵਿਚ ਸ਼ਹਿਰਾਂ ਵੱਲ ਜਾਣ ਲੱਗ ਪਿਆ ਹੈ, ਪਰੰਤੂ ਇਨ੍ਹਾਂ ਸਮੁੱਚੀਆਂ ਆਰਥਕ-ਸਮਾਜਕ ਤਬਦੀਲੀਆਂ ਦੇ ਬਾਵਜੂਦ ਅਜੇ ਵੀ ਇਸ ਵਰਗ ਦਾ ਵੱਡਾ ਹਿੱਸਾ ਬਹੁਤ ਹੀ ਮਾੜੀਆਂ, ਅਣ-ਮਨੁੱਖੀ ਤੇ ਕਠੋਰ ਹਾਲਤਾਂ ਵਿਚ ਜ਼ਿੰਦਗੀ ਗੁਜ਼ਾਰਨ ਲਈ ਮਜ਼ਬੂਰ ਹੈ।

ਇਨ੍ਹਾਂ ਸਮੁੱਚੇ ਵਰਤਾਰਿਆਂ ਨੂੰ ਸਮਝ ਕੇ ਹੀ ਅਜੋਕੇ ਪੰਜਾਬ ਦੀ ਆਰਥਕ-ਸਮਾਜਕ ਹਾਲਤ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇਨ੍ਹਾਂ ਤੇਜ਼ੀ ਨਾਲ ਵਾਪਰੇ ਵਰਤਾਰਿਆਂ ਨੇ ਕਿਸਾਨੀ ਦੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਸਦੀ ਜ਼ਿੰਦਗੀ ਦੀ ਸਾਦਗੀ ਤੇ ਮਾਸੂਮੀਅਤ ਪੈਸੇ ਦੀ ਚਮਕ ਅਧੀਨ ਪੂਰੀ ਤਰ੍ਹਾਂ ਬਦਲ ਗਈ ਹੈ, ਖੇਤੀ ਦੇ ਮਸ਼ੀਨੀਕਰਣ, ਸਿਰਫ਼ ਵਪਾਰਕ ਫ਼ਸਲਾਂ ਦੀ ਕਾਸ਼ਤ ਤੇ ਪਰਵਾਸੀ ਮਜ਼ਦੂਰਾਂ ਦੀ ਆਮਦ ਨਾਲ ਕਿਸਾਨੀ ਕਿਰਤ ਨਾਲੋਂ ਪੂਰੀ ਤਰ੍ਹਾਂ ਵਿਛੁੰਨੀ ਗਈ ਹੈ ਤੇ ਇਸ ਨਾਲ ਪੰਜਾਬੀਅਤ ਦੇ ਕਿਰਤ ਕਰਨ ਤੇ ਵੰਡ ਕੇ ਛਕਣ ਵਾਲੇ ਜਿਊਂਦੇ-ਜਾਗਦੇ ਮਾਨਵੀ ਸਰੋਕਾਰ ਵੀ ਆਪਣੀ ਹੋਂਦ ਗਵਾ ਚੁੱਕੇ ਹਨ। ਜੀਵਨ ਵਿਚੋਂ ਕਿਰਤ ਦਾ ਗੌਰਵ ਮਨਫ਼ੀ ਹੋ ਜਾਣ ਕਰਕੇ ਕਿਸਾਨੀ ਬੇ-ਗਾਨਗੀ ਦੀ ਅਵਸਥਾ ਹੰਢਾ ਰਹੀ ਹੈ। ਕਿਸਾਨੀ ਦਾ ਇਕ ਵੱਡਾ ਹਿੱਸਾ ਮਾਨਵੀ ਕਦਰਾਂ-ਕੀਮਤਾਂ ਨਾਲੋਂ ਟੁੱਟ ਕੇ ਨਿਰੋਲ ਜੈਵਿਕ ਪੱਧਰ ’ਤੇ ਜੀਅ ਰਿਹਾ ਹੈ। ਬੇ-ਗਾਨਗੀ ਤੇ ਨਿਰੋਲ ਜੈਵਿਕ ਪੱਧਰ ’ਤੇ ਜਿਊਣ ਵਾਲੀ ਇਹ ਅਵਸਥਾ ਕਿਸਾਨੀ ਨੂੰ ਨਸ਼ਿਆਂ ਵੱਲ ਧੱਕ ਰਹੀ ਹੈ। ਜੀਵਨ ਆਦਰਸ਼ ਬੇ-ਮਾਅਨੀ ਹੋ ਗਏ ਹਨ ਅਤੇ ਕਿਸਾਨੀ ਦਾ ਵੱਡਾ ਵਰਗ ਉੱਪਰਲੀਆਂ ਧਿਰਾਂ ਦੀਆਂ ਰਾਜਸੀ ਅਕਾਂਖਿਆਵਾਂ ਦੀ ਪੂਰਤੀ ਦਾ ਹਥਿਆਰ ਮਾਤਰ ਬਣ ਕੇ ਰਹਿ ਗਿਆ ਹੈ। ਇਸ ਕਾਰਣ ਪਿਛਲੇ ਥੋੜ੍ਹੇ ਹੀ ਸਮੇਂ ਵਿਚ ਰਾਜਨੀਤੀ ਵਿਚ ਅਪਰਾਧੀਕਰਣ

ਦੀ ਪ੍ਰਕ੍ਰਿਆ ਤੇਜ਼ ਹੋਈ ਹੈ। ਦੌਲਤ ਦੀ ਬੇ-ਹਿਸਾਬੀ ਆਮਦ ਤੇ ਜਾਗੀਰਦਾਰੀ ਅਵਚੇਤਨ ਨੇ ਕਿਸਾਨੀ ਵਿਚ ਇਕ ਲੁੰਪਨ ਵਰਗ ਪੈਦਾ ਕਰ ਦਿੱਤਾ ਹੈ।

ਇਸ ਸਮੇਂ ਦੌਰਾਨ ਸਿੱਖਿਆ ਦੇ ਖੇਤਰ ਵਿਚ ਵੀ ਇਕ ਵੱਡੀ ਤਬਦੀਲੀ ਵਾਪਰੀ ਹੈ। ਸਿੱਖਿਆ ਦਾ ਪੂਰੀ ਤਰ੍ਹਾਂ ਵਪਾਰੀਕਰਣ ਹੋ ਗਿਆ ਹੈ। ਮਾਨਵੀ ਸਰੋਕਾਰਾਂ ਤੋਂ ਟੁੱਟੀ ਹੋਈ ਅਰਧ-ਪੇਸ਼ਾਵਰ ਵਿਦਿਆ ਦਾ ਮੱਕੜਜਾਲ ਚਾਰੇ ਪਾਸੇ ਫੈਲਿਆ ਹੈ। ਧਨੀ ਕਿਸਾਨੀ ਦਾ ਇਕ ਹਿੱਸਾ ਇਸ ਖੇਤਰ ਵਿਚ ਪ੍ਰਵੇਸ਼ ਕਰ ਗਿਆ ਹੈ, ਇਹ ਕਿਸਾਨੀ ਦਾ ਅਜਿਹਾ ਵਰਗ ਹੈ, ਜੋ ਜ਼ਮੀਨ ਦੀ ਮਾਲਕੀ ਨਾਲ ਜੁੜੇ ਸਰੋਕਾਰਾਂ ਤੇ ਕਦਰਾਂ-ਕੀਮਤਾਂ ਤੋਂ ਮੁਕਤ ਹੈ। ਇਸ ਵਰਗ ਲਈ ਜ਼ਮੀਨ ਸਿਰਫ਼ ਇਕ ਵਸਤੂ ਮਾਤਰ ਹੈ, ਜਿਸ ਨੂੰ ਵੇਚ ਕੇ ਚੰਗੀ ਕੀਮਤ ਹਾਸਲ ਹੋ ਸਕਦੀ ਹੈ। ਦੁੱਧ-ਪੁੱਤ ਨਾ ਵੇਚਣ ਵਾਲੀ ਜੀਵਨ-ਜਾਚ ਬਹੁਤ ਪਿੱਛੇ ਰਹਿ ਗਈ ਹੈ ਤੇ ਅਜੋਕੀ ਜੀਵਨ-ਜਾਚ 'ਜ਼ਮੀਨ ਜੱਟ ਦੀ ਮਾਂ' ਵਾਲੇ ਸਰੋਕਾਰਾਂ ਨੂੰ ਤਿਆਗ ਕੇ ਇਸ ਨੂੰ ਨਿਰੋਲ ਵਿਕਣਯੋਗ ਵਸਤੂ ਸਮਝ ਕੇ ਵੇਚਣ ਲਈ ਤਿਆਰ ਹੈ। ਇਹ ਵਰਗ ਸ਼ਹਿਰੀ ਸੁੱਖ-ਸਹੂਲਤਾਂ ਦੀ ਖ਼ਾਤਿਰ ਜ਼ਮੀਨ ਵੇਚਣ ਤੋਂ ਵੀ ਗੁਰੇਜ਼ ਨਹੀਂ ਕਰਦਾ।

ਖੇਤੀ ਉਤਪਾਦਨ ਦੀਆਂ ਵਧਦੀਆਂ ਲਾਗਤਾਂ ਤੇ ਖ਼ਰਚਿਆਂ ਨੇ ਛੋਟੀ ਕਿਸਾਨੀ ਨੂੰ ਖੇਤੀ ਦੇ ਖੇਤਰ ਵਿਚੋਂ ਬਾਹਰ ਕੱਢ ਦਿੱਤਾ ਹੈ। ਇਹ ਵਰਗ ਸਰਕਾਰੀ ਤੇ ਗ਼ੈਰ-ਸਰਕਾਰੀ ਕਰਜ਼ਿਆਂ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਮਹਿੰਗੇ ਮਸ਼ੀਨੀਕਰਣ ਅਤੇ ਲਾਗਤ ਮੁੱਲ ਵਿਚ ਵਾਧੇ ਨੇ ਇਨ੍ਹਾਂ ਦੀ ਆਮਦਨ ਸੀਮਤ ਕਰ ਦਿੱਤੀ ਹੈ, ਜਦਕਿ ਪਰਿਵਾਰਕ ਤੇ ਸਮਾਜਕ ਖ਼ਰਚਿਆਂ ਵਿਚ ਬੇ-ਤਹਾਸ਼ਾ ਵਾਧਾ ਹੋਇਆ ਹੈ। ਆਮਦਨ ਦੇ ਸਰੋਤ ਸੁੰਗੜਦੇ ਜਾਣ ਕਰਕੇ ਤੇ ਕਰਜ਼ੇ ਦੇ ਲਗਾਤਾਰ ਵਧਦੇ ਜਾਣ ਕਰਕੇ ਇਹ ਵਰਗ ਆਤਮ-ਹੱਤਿਆਵਾਂ ਕਰਨ ਲਈ ਮਜ਼ਬੂਰ ਹੈ। 1995 ਤੋਂ ਲੈ ਕੇ ਹੁਣ ਤੱਕ 2,70,940 ਕਿਸਾਨ ਆਤਮ-ਹੱਤਿਆਵਾਂ ਕਰ ਚੁੱਕੇ ਹਨ।[137] ਇਸ ਪੱਖੋਂ ਪੰਜਾਬ ਦੀ ਸਥਿਤੀ ਦੇਸ਼ ਨਾਲੋਂ ਵਧੇਰੇ ਚੰਗੀ ਨਹੀਂ, ਭਾਰਤੀ ਕਿਸਾਨ ਯੂਨੀਅਨ ਮੁਤਾਬਿਕ ਪਿਛਲੇ ਪੰਜ ਸਾਲਾਂ ਦੌਰਾਨ ਤਕਰੀਬਨ 13000 ਕਿਸਾਨ ਖ਼ੁਦਕਸ਼ੀਆਂ ਕਰ ਚੁੱਕੇ ਹਨ, ਜਦਕਿ ਸਰਕਾਰੀ ਰਿਪੋਰਟ ਮੁਤਾਬਿਕ ਪਿਛਲੇ ਪੰਦਰਾਂ ਸਾਲਾਂ ਵਿਚ ਸਿਰਫ਼ 2116 ਕਿਸਾਨਾਂ ਨੇ ਹੀ ਆਤਮ-ਹੱਤਿਆਵਾਂ ਕੀਤੀਆਂ

ਹਨ।[138] ਇੱਥੇ ਮਸਲਾ ਤੱਥਾਂ ਦਾ ਨਹੀਂ, ਸਗੋਂ ਉਸ ਵਰਤਾਰੇ ਦਾ ਹੈ ਜਿਸ ਤਹਿਤ ਕਿਸਾਨੀ ਇਤਨੀ ਹੱਤਾਸ਼ ਹੋ ਗਈ ਹੈ ਕਿ ਉਸਨੂੰ ਮੌਤ ਵਿਚੋਂ ਹੀ ਆਪਣੀ ਮੁਕਤੀ ਨਜ਼ਰ ਆ ਰਹੀ ਹੈ। ਸਥਿਤੀ ਦੀ ਭਿਆਨਕਤਾ ਦਾ ਅੰਦਾਜ਼ਾ ਇਸ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਇਸ ਆਰਥਕ ਸੰਕਟ ਦਾ ਸ਼ਿਕਾਰ ਔਰਤਾਂ ਵੀ ਹੋ ਰਹੀਆਂ ਹਨ। ਇਕੱਲੇ ਬਠਿੰਡੇ ਜ਼ਿਲ੍ਹੇ ਵਿਚ 1992 ਤੋਂ 1999 ਤੱਕ 137 ਔਰਤਾਂ ਵੀ ਆਤਮ-ਹੱਤਿਆ ਕਰ ਚੁੱਕੀਆਂ ਹਨ।[139] ਕਿਸਾਨੀ ਦਾ ਹੇਠਲਾ ਵਰਗ ਸਿੱਖਿਆ ਦੇ ਖੇਤਰ ਤੋਂ ਪੂਰੀ ਤਰ੍ਹਾਂ ਬਾਹਰ ਹੋ ਚੁੱਕਿਆ ਹੈ। ਰਾਜਨੀਤੀ ਵਿਚਲੇ ਅਪਰਾਧੀਕਰਣ ਤੇ ਵਪਾਰੀਕਰਣ ਦਾ ਹਿੱਸਾ ਬਣਕੇ ਨਸ਼ਿਆਂ ਦੀ ਦਲਦਲ ਵਿਚ ਫਸਦਾ ਜਾ ਰਿਹਾ ਹੈ। ਇਹ ਸਾਰੇ ਚਿਹਨ ਹਰ ਖੇਤਰ ਵਿਚ ਧਨੀ ਕਿਸਾਨੀ ਦੀ ਵਧ ਰਹੀ ਪਕੜ ਤੇ ਇਜਾਰੇਦਾਰੀ ਵੱਲ ਹੀ ਇਸ਼ਾਰਾ ਕਰਦੇ ਹਨ। ਕਿਸਾਨੀ ਦਾ ਇਹ ਉਪਰਲਾ ਵਰਗ ਅਸਲ ਵਿਚ ਕਿਸਾਨ ਨਹੀਂ, ਸਗੋਂ ਪ੍ਰਬੰਧਕੀ ਕੰਮਾਂ-ਕਾਰਾਂ ਕਰਕੇ ਸਿਰਫ਼ ਪ੍ਰਬੰਧਕ ਦੀ ਭੂਮਿਕਾ ਨਿਭਾਉਣ ਤਕ ਸੀਮਤ ਹੈ, ਇਹ ਸਮੁੱਚੇ ਵਰਤਾਰੇ ਹੇਠਲੇ ਵਰਗ ਦੇ ਖ਼ਾਤਮੇ ਦਾ ਸਾਫ਼ ਤੇ ਸਪਸ਼ਟ ਸੰਕੇਤ ਹਨ। ਸਮਾਜਕ-ਆਰਥਕ ਵਿਕਾਸ ਦੇ ਹਿਸਾਬ ਨਾਲ ਕਿਸੇ ਵਰਗ ਦੇ ਕਿੱਤੇ ਵਿਚ ਤਬਦੀਲੀ ਕੋਈ ਅਣਹੋਣਾ ਵਰਤਾਰਾ ਨਹੀਂ, ਪਰ ਅਸਲੀਅਤ ਵਿਚ ਵੇਖਣ ਤੇ ਸਮਝਣ ਵਾਲੀ ਗੱਲ ਇਹ ਹੈ ਕਿ ਲੋਕ ਖੇਤੀ ਛੱਡ ਕੇ ਗਏ ਕਿੱਥੇ? ਕਿਉਂਕਿ ਰੁਜ਼ਗਾਰ ਸੰਬੰਧੀ ਅੰਕੜੇ ਇਹ ਦਰਸਾਉਂਦੇ ਹਨ ਕਿ ਉੱਥੇ ਵੀ ਸਥਿਤੀ ਕੋਈ ਬਹੁਤ ਤਸੱਲੀਬਖਸ਼ ਨਹੀਂ। ਪਿਛਲੇ ਸਮਿਆਂ ਦੌਰਾਨ ਰੁਜ਼ਗਾਰ ਦੇ ਮੌਕੇ ਨਿਰੰਤਰ ਘਟੇ ਹਨ। ਦੂਸਰੇ, ਇਹ ਲੋਕ ਜਿਹੜੇ ਵੀ ਨਿੱਕੇ-ਮੋਟੇ ਧੰਦਿਆਂ ਵਿਚ ਗਏ ਹਨ, ਉੱਥੇ ਵੀ ਸੰਤੁਸ਼ਟ ਨਹੀਂ ਹਨ। ਉਨ੍ਹਾਂ ਬਾਰੇ ਇਕ ਸਰਵੇਖਣ ਮੁਤਾਬਿਕ 41% ਲੋਕ ਆਪਣੇ ਇਨ੍ਹਾਂ ਧੰਦਿਆਂ ਤੋਂ ਬਿਲਕੁਲ ਖੁਸ਼ ਨਹੀਂ ਹਨ।[140]

ਇਸ ਤਰ੍ਹਾਂ, ਅਜੋਕੇ ਹਾਲਾਤ ਵਿਚ ਪੰਜਾਬ ਦੀ ਜੋ ਆਰਥਕ-ਸਮਾਜਕ ਤੇ ਰਾਜਨੀਤਿਕ ਤਸਵੀਰ ਦ੍ਰਿਸ਼ਟੀਗੋਚਰ ਹੁੰਦੀ ਹੈ, ਉਹ ਨਿਸ਼ਚੇ ਹੀ ਬੇ-ਚੈਨ ਕਰਨ ਵਾਲੀ ਹੈ। ਪੰਜਾਬ, ਜਿਹੜਾ ਕਿ ਸਦਾ ਹੀ ਆਪਣੇ ਉੱਚੇ-ਸੁੱਚੇ ਮਾਨਵੀ ਸਰੋਕਾਰਾਂ ਲਈ ਜਾਣਿਆ ਜਾਂਦਾ ਰਿਹਾ ਹੈ, ਅਜੋਕੇ ਹਾਲਾਤ ਵਿਚ ਇਨ੍ਹਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਨਵੀਂ ਖੇਤੀ ਤਕਨੀਕ ਨੇ ਸਿਰਫ਼ ਮਾਨਵੀ ਸਰੋਕਾਰਾਂ ਦੀ

ਸਾਰਥਿਕਤਾ ’ਤੇ ਹੀ ਪ੍ਰਸ਼ਨਚਿੰਨ ਨਹੀਂ ਲਾਇਆ, ਸਗੋਂ ਇੱਥੋਂ ਦੇ ਕੁਦਰਤੀ ਸਾਧਨ ਵੀ ਪੂਰੀ ਤਰ੍ਹਾਂ ਪਲੀਤ ਕਰ ਦਿੱਤੇ ਹਨ। ਇੱਥੋਂ ਦਾ ਪਾਣੀ, ਵਾਤਾਵਰਣ, ਜ਼ਮੀਨ ਵੀ ਮਨੁੱਖ ਦੇ ਰਹਿਣ ਦੇ ਕਾਬਲ ਨਹੀਂ ਰਹਿਣ ਦਿੱਤੇ। ਬੇਸ਼ੱਕ, ਇਹ ਵੀ ਚਿੰਤਾ ਦਾ ਮਸਲਾ ਹੈ, ਪਰ ਸਭ ਤੋਂ ਵੱਧ ਚਿੰਤਾ ਦਾ ਵਿਸ਼ਾ ਪੰਜਾਬੀਆਂ ਦੁਆਰਾ ਗ੍ਰਹਿਣ ਕੀਤੀ ਜੀਵਨ-ਜਾਚ ਹੈ। ਇਸ ਵਿਚੋਂ ਨਿਕਲਣ ਲਈ ਆਪਣੇ ਅੰਦਰ ਝਾਤੀ ਮਾਰ ਕੇ ਉੱਚੇ-ਸੁੱਚੇ ਮਾਨਵੀ ਸਰੋਕਾਰਾਂ ਤੇ ਕਿਰਤ ਦੇ ਗੌਰਵ ਨਾਲ ਜੁੜੇ ਸਰੋਕਾਰਾਂ ਮੁਤਾਬਿਕ ਆਪਣੇ ਜੀਵਨ ਨੂੰ ਢਾਲ ਕੇ ਹੀ ਇਸ ਸੰਕਟ ਵਿਚੋਂ ਨਿਕਲਿਆ ਜਾ ਸਕਦਾ ਹੈ ਤੇ ਪੰਜਾਬ ਅਜਿਹਾ ਕਰਨ ਦੇ ਸਮਰਥ ਹੈ।

# ਹਵਾਲੇ ਅਤੇ ਟਿੱਪਣੀਆਂ


1. ਕਾਰਲ ਮਾਰਕਸ ਤੇ ਫਰੈਡਰਿਕ ਏਂਗਲਜ਼, *ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ,* ਪੰਨਾ 28.
2. ਰਜਿੰਦਰ ਸਿੰਘ ਕੰਬੋਜ, *ਪੰਜਾਬੀ ਕਹਾਣੀ : ਕਿਸਾਨੀ ਦੇ ਹੋਂਦ ਮੂਲਕ ਸਰੋਕਾਰ,* ਪੰਨਾ 9.
3. *ਵਿਰੋਧ ਵਿਕਾਸ ਤੇ ਇਤਹਾਸਕ ਪਦਾਰਥਵਾਦ ਦਾ ੳ ਅ ੲ,* (ਸੰਪਾਦਕੀ ਮੰਡਲ), ਪੰਨਾ 243.
4. ਜੀ. ਐਸ. ਗੁਰੀਏ, *ਭਾਰਤ ਵਿਚ ਜਾਤੀ ਅਤੇ ਨਸਲ,* (ਅਨੁ. ਐਨ. ਐਸ. ਸੋਢੀ), ਪੰਨਾ 29.
5. *ਮਹਾਨ ਕੋਸ਼,* ਪੰਨਾ 329.
6. *ਬਾਚਸਯ ਪਤਮ,* ਤ੍ਰੀਤਾ ਭਾਗ, ਪੰਨਾ 2147.
7. ***Webster Universal Dictionary,*** pg. 1023.
8. Boris Putrin (ed.), ***ABC of Political Terms,*** pg. 62.
9. 'Peasantary, small scale agriculture producer who are part of a larger society and culture. They differ form other rural cultivators in being subject to the governance of outsider power holders.' ***The New Encycalopaedia of Britanica,*** vol. VII, pg. 823.
10. ***Encycalopaedia of Britanica,*** vol. XVII, pg. 424.
11. Teodor Shanin (ed.), "Peasantry as a political factor", ***Peasants and Peasant Societies,*** pg. 240.
12. ***Encycalopaedia of Social Sciences,*** vol. XII, pg. 50.

13. ਟੀ. ਆਰ. ਵਿਨੋਦ, ***ਸੰਸਕ੍ਰਿਤੀ ਤੇ ਪੰਜਾਬੀ ਸੰਸਕ੍ਰਿਤੀ,*** ਪੰਨਾ 94.

14. ਵੀ. ਆਈ. ਲੈਨਿਨ, ***ਕਿਸਾਨੀ ਪ੍ਰਸ਼ਨ ਸੰਬੰਧੀ*** (ਪੰਜਾਬੀ ਅਨੁਵਾਦ), ਪੰਨਾ 117.

15. Teodor Shanin (ed.), "Peasantry as a political factor." ***Peasants and Peasant Societies,*** pg. 254-55.

16. ਕੁਲਵੰਤ ਸਿੰਘ, ***ਪੰਜਾਬੀ ਨਾਵਲ ਵਿਚ ਕਿਸਾਨੀ ਜੀਵਨ,*** ਅਣਪ੍ਰਕਾਸ਼ਿਤ ਪੀਐਚ. ਡੀ. ਸ਼ੋਧ-ਪ੍ਰਬੰਧ, ਪੰਨਾ 5.

17. "The Peasants as a 'little communities' which we treated as passive, unchanging, superstitious and further considered major obstacle to the modernization of 'Third world'. A. R. Desai (ed.), "Unconventional Anthropology of Traditonal Peasantry", ***Peasants Struggle in India,*** pg. 761.

18. ਡਾ. ਰਵਿੰਦਰ ਸਿੰਘ ਰਵੀ, "ਆਰਥਕ ਵਿਕਾਸ ਅਤੇ ਸਭਿਆਚਾਰਕ ਤਬਦੀਲੀ", ***ਪੰਜਾਬ ਦੀ ਆਰਥਕਤਾ,*** (ਸੰਪ. ਨਿਰਮਲ ਸਿੰਘ ਆਜ਼ਾਦ), ਪੰਨਾ 243.

19. ਕੁਲਵੰਤ ਸਿੰਘ, ***ਪੰਜਾਬੀ ਨਾਵਲ ਵਿਚ ਕਿਸਾਨੀ ਜੀਵਨ,*** ਅਣਪ੍ਰਕਾਸ਼ਿਤ ਪੀਐਚ. ਡੀ. ਸ਼ੋਧ ਪ੍ਰਬੰਧ), ਪੰਨਾ 7.

20. ਡਾ. ਰਵਿੰਦਰ ਸਿੰਘ ਰਵੀ, "ਆਰਥਕ ਵਿਕਾਸ ਅਤੇ ਸਭਿਆਚਾਰਕ ਤਬਦੀਲੀ", ***ਪੰਜਾਬ ਦੀ ਆਰਥਕਤਾ,*** (ਸੰਪ. ਨਿਰਮਲ ਸਿੰਘ ਆਜ਼ਾਦ), ਪੰਨਾ 243.

21. ਕੁਲਵੰਤ ਸਿੰਘ, ***ਪੰਜਾਬੀ ਨਾਵਲ ਵਿਚ ਕਿਸਾਨੀ ਜੀਵਨ,*** ਅਣਪ੍ਰਕਾਸ਼ਿਤ ਪੀਐਚ. ਡੀ. ਸ਼ੋਧ-ਪ੍ਰਬੰਧ, ਪੰਨਾ 8.

22. ਵੀ. ਆਈ. ਲੈਨਿਨ, ***ਕਿਸਾਨੀ ਪ੍ਰਸ਼ਨ ਸੰਬੰਧੀ*** (ਪੰਜਾਬੀ ਅਨੁਵਾਦ), ਪੰਨਾ 13.

23. "Because of their dual economic character as both toilers and property owner, the small and middle peasantry have the longest and most complex history of changes in

their ideological and political positions." ***Great Soviet Encyclopaedia,*** vol XIII, pg. 604.

24. Sunil Sen, ***Agrarian Relations in India (1793-1947),*** pg. 76.

25. ਲੈਨਿਨ, *ਮਜ਼ਦੂਰ ਜਮਾਤ ਤੇ ਕਿਸਾਨੀ ਵਿਚਾਲੇ ਏਕਤਾ,* ਪੰਨਾ 169.

26. ਪ੍ਰੋ. ਕਿਸ਼ਨ ਸਿੰਘ, "ਮੁਲਖੱਈਆਂ - ਜ਼ਿੰਦਗੀ ਦਾ ਨਾਇਕ ਤੇ ਉਸਰੱਈਆ", *ਸੇਧ,* ਨਵੰਬਰ 1981, ਪੰਨਾ 6.

27. ਕੁਲਵੰਤ ਸਿੰਘ, *ਪੰਜਾਬੀ ਨਾਵਲ ਵਿਚ ਕਿਸਾਨੀ ਜੀਵਨ,* ਅਣਪ੍ਰਕਾਸ਼ਿਤ ਪੀਐਚ. ਡੀ. ਸ਼ੋਧ-ਪ੍ਰਬੰਧ, ਪੰਨਾ 9.

28. ਪ੍ਰੋ. ਕਿਸ਼ਨ ਸਿੰਘ, "ਮੁਲਖੱਈਆਂ - ਜ਼ਿੰਦਗੀ ਦਾ ਨਾਇਕ ਤੇ ਉਸਰੱਈਆ", *ਸੇਧ,* ਨਵੰਬਰ 1981, ਪੰਨਾ 7.

29. ਰਜਨੀਸ਼ ਬਹਾਦਰ ਸਿੰਘ, *ਪੰਜਾਬੀ ਨਾਵਲ ਵਿਚ ਚਿਤ੍ਰਿਤ ਕਿਰਸਾਨੀ ਜੀਵਨ (1971-80),* ਅਣਪ੍ਰਕਾਸ਼ਿਤ ਪੀਐਚ.ਡੀ. ਸ਼ੋਧ-ਪ੍ਰਬੰਧ, ਪੰਨਾ 17.

30. Teodor Shanin (ed.), "Peasantry as a political factor." ***Peasants and Peasant Societies,*** pg. 246.

31. ਨਿਰਮਲ ਸਿੰਘ ਆਜ਼ਾਦ (ਸੰਪ.), "ਸਰਮਾਏਦਾਰੀ ਖੇਤੀ ਆਰਥਕਤਾ ਤੇ ਪੇਂਡੂ ਸਮਾਜ ਦੀ ਜਮਾਤੀ ਵੰਡ", *ਪੰਜਾਬ ਦੀ ਆਰਥਕਤਾ,* ਪੰਨਾ 209.

32. *ਉਹੀ,* ਪੰਨਾ 206.

33. ਕੁਲਵੰਤ ਸਿੰਘ, *ਪੰਜਾਬੀ ਨਾਵਲ ਵਿਚ ਕਿਸਾਨੀ ਜੀਵਨ,* ਅਣਪ੍ਰਕਾਸ਼ਿਤ ਪੀਐਚ. ਡੀ ਸ਼ੋਧ-ਪ੍ਰਬੰਧ, ਪੰਨਾ 20.

34. ਏ. ਆਈ. ਮੇਦੋਵੋਏ, *ਭਾਰਤੀ ਅਰਥ ਵਿਵਸਥਾ,* (ਪੰਜਾਬੀ ਅਨੁਵਾਦ), ਪੰਨਾ 7.

35. ਫੂਲਦੇਵ ਸਹਾਏ ਵਰਮਾ (ਸੰਪ.), *ਹਿੰਦੀ ਵਿਸ਼ਵਕੋਸ਼* (ਖੰਡ ਤੀਸਰਾ), ਪੰਨਾ 112.

36. ਰਵਿੰਦਰ ਸਿੰਘ ਰਵੀ, *"ਭਾਰਤੀ ਸਭਿਆਚਾਰ ਨੂੰ ਪੰਜਾਬ ਦੀ ਦੇਣ"*, ਖੋਜ-ਪੱਤਰ, ਪੰਨਾ 9.

37. Mohinder Singh Randhawa, ***Green Revolution (A case study of punjab),*** pg. 5.

38. ਐਸ. ਆਬਿਦ ਹੁਸੈਨ, *ਭਾਰਤ ਦਾ ਕੌਮੀ ਸਭਿਆਚਾਰ,* (ਅਨੁ. ਗੁਰਬਖਸ਼ ਸਿੰਘ ਫਰੈਂਕ), ਪੰਨਾ 39.

39. *ਉਹੀ,* ਪੰਨਾ 29.

40. *ਉਹੀ।*

41. ਡਾ. ਰਣਜੀਤ ਸਿੰਘ, *ਪੰਜਾਬੀ ਕਿਸਾਨ : ਜੀਵਨ ਅਤੇ ਸਭਿਆਚਾਰ,* ਪੰਨਾ 2.

42. ਐਸ. ਆਬਿਦ ਹੁਸੈਨ, *ਭਾਰਤ ਦਾ ਕੌਮੀ ਸਭਿਆਚਾਰ,* (ਅਨੁ. ਗੁਰਬਖਸ਼ ਸਿੰਘ ਫਰੈਂਕ), ਪੰਨਾ 35.

43. "The very name of Arya in which the masters of the country pride themselves, means to them (root krish) the tillers of the soil", Paul Masson Owsell and others, ***Ancient India and Indian Civilization,*** pg. 107.

44. ਐਸ. ਆਬਿਦ ਹੁਸੈਨ, *ਭਾਰਤ ਦਾ ਕੌਮੀ ਸਭਿਆਚਾਰ,* (ਅਨੁ. ਗੁਰਬਖਸ਼ ਸਿੰਘ ਫਰੈਂਕ), ਪੰਨੇ 39-40.

45. ਕ. ਅਨਤੋਨੋਵਾ ਤੇ ਹੋਰ, *ਭਾਰਤ ਦਾ ਇਤਹਾਸ* (ਪੰਜਾਬੀ ਅਨੁਵਾਦ), ਪੰਨਾ 49.

46. ਐਸ. ਆਬਿਦ ਹੁਸੈਨ, *ਭਾਰਤ ਦਾ ਕੌਮੀ ਸਭਿਆਚਾਰ,* (ਅਨੁ. ਗੁਰਬਖਸ਼ ਸਿੰਘ ਫਰੈਂਕ), ਪੰਨਾ 41.

47. ਡਾ. ਰਣਜੀਤ ਸਿੰਘ, *ਪੰਜਾਬੀ ਕਿਸਾਨ : ਜੀਵਨ ਅਤੇ ਸਭਿਆਚਾਰ,* ਪੰਨਾ 4.

48. "Industrial life witnessed remarkable development and a variety of new occupations...", ***The Gazatteer of India,*** Vol II, pg. 51.

49. ਕ. ਅਨਤੋਨੋਵਾ ਅਤੇ ਹੋਰ, *ਭਾਰਤ ਦਾ ਇਤਿਹਾਸ* (ਪੰਜਾਬੀ ਅਨੁਵਾਦ), ਪੰਨਾ 250.

50. ਫੁਲਦੇਵ ਸਹਾਏ ਵਰਮਾ (ਸੰਪ.), *ਹਿੰਦੀ ਵਿਸ਼ਵਕੋਸ਼* (ਖੰਡ ਤੀਸਰਾ), ਪੰਨਾ 112.

51. ਡਾ. ਰਣਜੀਤ ਸਿੰਘ, *ਪੰਜਾਬੀ ਕਿਸਾਨ : ਜੀਵਨ ਅਤੇ ਸਭਿਆਚਾਰ,* ਪੰਨਾ 4.

52. ਕਿਰਪਾਲ ਸਿੰਘ, *ਪੰਜਾਬ ਦਾ ਬਟਵਾਰਾ,* ਪੰਨਾ 1.

53. ਡਾ. ਰਣਜੀਤ ਸਿੰਘ, *ਪੰਜਾਬੀ ਕਿਸਾਨ : ਜੀਵਨ ਅਤੇ ਸਭਿਆਚਾਰ,* ਪੰਨਾ 4.

54. ਡਾ. ਮਹਿੰਦਰ ਸਿੰਘ ਰੰਧਾਵਾ, *ਰਾਖ 'ਚੋਂ ਉੱਗੇ,* (ਸੰਪ. ਤੇ ਅਨੁ. ਕਵੀ ਦਵਿੰਦਰ ਕੌਰ ਤੇ ਜਗਦੀਸ਼ ਕੌਰ), ਪੰਨਾ 69.

55. ਐਸ. ਆਬਿਦ ਹੁਸੈਨ, *ਭਾਰਤ ਦਾ ਕੌਮੀ ਸਭਿਆਚਾਰ,* (ਅਨੁ. ਗੁਰਬਖਸ਼ ਸਿੰਘ ਫਰੈਂਕ), ਪੰਨੇ 49-54.

56. 'Such distinguish term as sratva, sramitra and bhaga, definite indicate that private ownwership and land was recognised.', ***The Gazatteer of India,*** Vol II, pg. 140.

57. 'Another important feature of economic life in the Post Gupta period was the growing tendency towards feudalization of land. Numerous grants show that lands were allotted to officials as reward for military services.' ***Ibid,*** pg. 143.

58. ਡਾ. ਰਣਜੀਤ ਸਿੰਘ, *ਪੰਜਾਬੀ ਕਿਸਾਨ : ਜੀਵਨ ਅਤੇ ਸਭਿਆਚਾਰ,* ਪੰਨਾ 8.

59. ਕ. ਅਨਤੋਨੋਵਾ ਤੇ ਹੋਰ, *ਭਾਰਤ ਦਾ ਇਤਹਾਸ* (ਪੰਜਾਬੀ ਅਨੁਵਾਦ), ਪੰਨਾ 105.

60. ਐਸ. ਆਬਿਦ ਹੁਸੈਨ, *ਭਾਰਤ ਦਾ ਕੌਮੀ ਸਭਿਆਚਾਰ,* (ਅਨੁ. ਗੁਰਬਖਸ਼ ਸਿੰਘ ਫਰੈਂਕ), ਪੰਨੇ 82-85.

61. ਕ. ਅਨਤੋਨੋਵਾ ਅਤੇ ਹੋਰ, *ਭਾਰਤ ਦਾ ਇਤਿਹਾਸ* (ਪੰਜਾਬੀ ਅਨੁਵਾਦ), ਪੰਨਾ 249.

62. 'The revenue was collected in kinds but in certain cases cash payment were preferred.' Bakshish Singh Nijjar, ***Punjab under the Great Mughals,*** pg. 119.

63. 'The cultivators were the direct masters of their land in the Mughal Punjab. They could sell, mortage or give away their land in gift. Land passed from father to son like all other property.', ***Ibid,*** pg. 119.

64. ਕ. ਜ. ਅਸ਼ਫਿਆਨ (ਸੰਪ.), ***ਗੁਰੂ ਨਾਨਕ ਲੇਖ ਸੰਗ੍ਰਹਿ,*** ਪੰਨਾ 22.

65. ***ਉਹੀ,*** ਪੰਨਾ 19.

66. ***ਉਹੀ,*** ਪੰਨਾ 48.

67. ਡਾ. ਰਵਿੰਦਰ ਸਿੰਘ ਰਵੀ, "ਆਰਥਕ ਵਿਕਾਸ ਤੇ ਸਭਿਆਚਾਰਕ ਤਬਦੀਲੀ", ***ਪੰਜਾਬ ਦੀ ਆਰਥਕਤਾ,*** (ਸੰਪ. ਨਿਰਮਲ ਸਿੰਘ ਆਜ਼ਾਦ), ਪੰਨਾ 245.

68. ਵ. ਇ. ਕੋਰਨੇਟ, "ਗੁਰੂ ਨਾਨਕ ਦੇ ਉਤਰਾਧਿਕਾਰੀਆਂ ਦੇ ਸਮੇਂ ਸਿੱਖ ਮੱਤ ਦਾ ਵਿਕਾਸ", ***ਗੁਰੂ ਨਾਨਕ ਲੇਖ ਸੰਗ੍ਰਹਿ,*** (ਸੰਪ. ਕ. ਜ. ਅਸ਼ਫਿਆਨ), ਪੰਨਾ 105.

69. 'After a long period of anarchy and foreign invasions, it is Ranjit Singh who gave the much needed peace and stability to the punjab,' Master Hari Singh, ***Agrarian Scene in British Punjab,*** pg. 9.

70. 'Ranjit Singh set up his administrative and revenue system on the mughal pattern.' ***Ibid,*** pg. 11.

71. Indu Banga, ***Agrarian System of the Sikhs,*** pg. 12-13.

72. 'Every village had a system known as Malba for incidental expenses called Aaya Gya or expenditure incurred on entraining guests including state officials.', ***Ibid,*** pg. 13.

73. ***Ibid,*** pg. 11.

74. 'On the scarcity of population and deficiency of rainfall, the rate in the province of Multan were lower than those in the teritories formally covered by the province of

Lahore.' Indu Banga, ***Ibid,*** pg. 94.

75. ਕਿਰਪਾਲ ਸਿੰਘ ਆਜ਼ਾਦ, ਸਿੱਖ ਮੂਲਵਾਦ ਬਾਰੇ, ਪੰਨੇ 48-49.

76. ਡਾ. ਰਵਿੰਦਰ ਸਿੰਘ ਰਵੀ, "ਆਰਥਕ ਵਿਕਾਸ ਤੇ ਸਭਿਆਚਾਰਕ ਤਬਦੀਲੀ", ***ਪੰਜਾਬ ਦੀ ਆਰਥਕਤਾ,*** (ਸੰਪ. ਨਿਰਮਲ ਸਿੰਘ ਆਜ਼ਾਦ ), ਪੰਨਾ 243.

77. 'A country not only divided between Mohammedan and Hindu, but between tribe and tribe, between caste and caste; a society whose framework was based on a sort of equilibrium, resulting from a general repulsion and constitutional exclusiveness between all its members. Such a country and such a society were they not the predestined pray of conquest?.' K. Marx and F. Engles, ***The First Indian war of Independence 1857-59,*** pg. 29.

78. ਡਾ. ਮਹਿੰਦਰ ਸਿੰਘ ਰੰਧਾਵਾ, ***ਰਾਖ 'ਚੋਂ ਉੱਗੇ,*** (ਸੰਪ. ਤੇ ਅਨੁ. ਕਵੀ ਦਵਿੰਦਰ ਕੌਰ ਤੇ ਜਗਦੀਸ਼ ਕੌਰ), ਪੰਨੇ 61-62.

79. ਪ੍ਰੋ. ਕ੍ਰਿਸ਼ਨ ਸਿੰਘ, "ਨਾਨਕ ਸਿੰਘ ਦੇ ਨਾਵਲਾਂ ਦਾ ਇਤਹਾਸਕ ਤੇ ਸਮਾਜਕ ਪਿਛੋਕੜ", ***ਨਾਨਕ ਸਿੰਘ ਇਕ ਆਲੋਚਨਾਤਮਕ ਅਧਿਐਨ,*** (ਸੰਪ. ਰਜਿੰਦਰ ਸਿੰਘ ਭਸੀਨ), ਪੰਨਾ 21.

80. ਡਾ. ਰਣਜੀਤ ਸਿੰਘ, ***ਪੰਜਾਬੀ ਕਿਸਾਨ : ਜੀਵਨ ਅਤੇ ਸਭਿਆਚਾਰ,*** ਪੰਨਾ 14.

81. ਗੰਡਾ ਸਿੰਘ (ਸੰਪ.), ***ਪੰਜਾਬ,*** ਪੰਨਾ 32.

82. ***ਉਹੀ,*** ਪੰਨਾ 13.

83. ਡਾ. ਮਹਿੰਦਰ ਸਿੰਘ ਰੰਧਾਵਾ, ***ਰਾਖ 'ਚੋਂ ਉੱਗੇ,*** (ਸੰਪ. ਤੇ ਅਨੁ. ਕਵੀ ਦਵਿੰਦਰ ਕੌਰ ਤੇ ਜਗਦੀਸ਼ ਕੌਰ), ਪੰਨਾ 63.

84. ਗੰਡਾ ਸਿੰਘ (ਸੰਪ.), ***ਪੰਜਾਬ,*** ਪੰਨਾ 52.

85. ਡਾ. ਮਹਿੰਦਰ ਸਿੰਘ ਰੰਧਾਵਾ, *ਰਾਖ 'ਚੋਂ ਉੱਗੇ,* (ਸੰਪ. ਤੇ ਅਨੁ. ਕਵੀ ਦਵਿੰਦਰ ਕੌਰ ਤੇ ਜਗਦੀਸ਼ ਕੌਰ), ਪੰਨਾ 63.

86. ਐਰਿਕ ਕੋਮਾਰੋਵ, *ਲੈਨਿਨ ਔਰ ਭਾਰਤ,* ਪੰਨਾ 17.

87. ਕਿਰਪਾਲ ਸਿੰਘ ਨਾਰੰਗ, *ਪੰਜਾਬ,* ਪੰਨਾ 25.

88. ਡਾ. ਫ਼ੌਜਾ ਸਿੰਘ, *ਪੰਜਾਬ,* ਪੰਨਾ 48.

89. *ਉਹੀ,* ਪੰਨਾ 47.

90. ਭਗਵਾਨ ਸਿੰਘ ਜੋਸ਼, *ਪੰਜਾਬ ਵਿਚ ਕਮਿਊਨਿਸਟ ਲਹਿਰ,* ਪੰਨਾ 32.

91. ਐਰਿਕ ਕੋਮਾਰੋਵ, *ਲੈਨਿਨ ਔਰ ਭਾਰਤ,* ਪੰਨਾ 13.

92. ਗੰਡਾ ਸਿੰਘ, "ਕੂਕਾ (ਨਾਮਧਾਰੀ) ਲਹਿਰ", *ਪੰਜਾਬ,* ਪੰਨਾ 11.

93. ਕੁਲਵੰਤ ਸਿੰਘ, *ਪੰਜਾਬੀ ਨਾਵਲ ਵਿਚ ਕਿਸਾਨੀ ਜੀਵਨ,* ਅਣਪ੍ਰਕਾਸ਼ਿਤ ਪੀਐਚ. ਡੀ ਖੋਜ-ਪ੍ਰਬੰਧ, ਪੰਨਾ 47.

94. ਡਾ. ਫ਼ੌਜਾ ਸਿੰਘ, *ਪੰਜਾਬ,* ਪੰਨਾ 49.

95. Master Hari Singh, ***Agrarian Scene in British Punjab,*** pg. 104.

96. ***Ibid,*** pg. 50.

97. ਸੁਖਦੇਵ ਸਿੰਘ ਸੋਹਲ, "ਅੰਗਰੇਜ਼ੀ ਰਾਜ ਸਮੇਂ ਪੰਜਾਬ ਦੀ ਪੇਂਡੂ ਆਰਥਕਤਾ ਦੀ ਦਸ਼ਾ" *ਰੋਜ਼ਾਨਾ ਅਜੀਤ,* ਫਰਵਰੀ 28, 1999.

98. ਡਾ. ਫ਼ੌਜਾ ਸਿੰਘ, *ਪੰਜਾਬ,* ਪੰਨਾ 51.

99. 'Under the act, a land-owner could neither be arrested for debt nor be evicted from land. Mortgage land would be automatically redeemed at the end of 20 years. A debtors plough, cattle, implements and seeds could not be attached in lieu of debt. The court could examine interest charges and reduce them. At the death of debtor,

his ancestral property could neither be attached nor be sold. A non-agriculturist could not purchase land from agriculturist though he was quite free to purchase Crown Land, ***Agrarian Scene in British Punjab,*** pg. 92.

100. ਭਗਵਾਨ ਸਿੰਘ ਜੋਸ਼, ***ਪੰਜਾਬ ਵਿਚ ਕਮਿਊਨਿਸਟ ਲਹਿਰ,*** ਪੰਨਾ 35.

101. ਡਾ. ਫ਼ੌਜਾ ਸਿੰਘ, ***ਪੰਜਾਬ,*** ਪੰਨੇ 54-55.

102. ਡਾ. ਰਵਿੰਦਰ ਸਿੰਘ ਰਵੀ, "ਆਰਥਕ ਵਿਕਾਸ ਤੇ ਸਭਿਆਚਾਰਕ ਤਬਦੀਲੀ", ***ਪੰਜਾਬ ਦੀ ਆਰਥਕਤਾ,*** (ਸੰਪ. ਨਿਰਮਲ ਸਿੰਘ ਆਜ਼ਾਦ), ਪੰਨਾ 247.

103. ***ਉਹੀ,*** ਪੰਨਾ 250.

104. ***ਉਹੀ।***

105. 'In the annual session of Indian National Congress at Amritsar in December 1919, the class demands of the peasantry were put forward for the first time for the adoption in the national programme.', Sukhbir Chowdhry, ***Peasants and Worker's struggle in India (1905-29),*** pg. 71.

106. ਸੁੰਦਰ ਸਿੰਘ ਬੱਬਰ, ***ਬੱਬਰ ਅਕਾਲੀ ਲਹਿਰ,*** ਪੰਨਾ 39.

107. ***ਉਹੀ,*** ਪੰਨਾ 314.

108. Master Hari Singh, ***Punjab Peasants in Freedom Struggle,*** pg. 205.

109. ***Ibid,*** pg. 207.

110. Master Hari Singh, ***Peasants and Woerkers' Struggle in India,*** pg. 11.

111. ਗੁਰਨੇਕ ਸਿੰਘ, ਫ਼ੌਜਾ ਸਿੰਘ ਬਾਜਵਾ, ***ਪਰਜਾ ਮੰਡਲ ਅੰਦੋਲਨ : ਰਿਆਸਤ ਫ਼ਰੀਦਕੋਟ,*** ਪੰਨਾ 7.

112. ਭਗਵਾਨ ਸਿੰਘ ਜੋਸ਼, ***ਪੰਜਾਬ ਵਿਚ ਕਮਿਊਨਿਸਟ ਲਹਿਰ,*** ਪੰਨਾ 45.

113. ਡਾ. ਫ਼ੌਜਾ ਸਿੰਘ, *ਪੰਜਾਬ,* ਪੰਨਾ 62.

114. 'The talk about reorganization of the Punjab started immediately after the suggestion for a separate Muslim state was made in 1930 by Dr. Mohammad Iqbal'. Staya M. Rai, ***Punjabi Heroic Tradition (1900-47),*** pg. 161.

115. ***Ibid,*** pg. 166.

116. ਡਾ. ਮਹਿੰਦਰ ਸਿੰਘ ਰੰਧਾਵਾ, *ਰਾਖ 'ਚੋਂ ਉੱਗੇ,* (ਸੰਪ. ਤੇ ਅਨੁ. ਕਵੀ ਦਵਿੰਦਰ ਕੌਰ ਤੇ ਜਗਦੀਸ਼ ਕੌਰ), ਪੰਨਾ 30.

117. *ਉਹੀ,* ਪੰਨੇ 32-33.

118. *ਉਹੀ,* ਪੰਨਾ 128.

119. ਨਿਰਮਲ ਆਜ਼ਾਦ, "ਕਾਂਗਰਸ ਦੇ ਜ਼ਮੀਨੀ ਸੁਧਾਰ ਪ੍ਰੋਗਰਾਮਾਂ ਦੀ ਸਿਆਸਤ", *ਸੇਧ,* ਅਪ੍ਰੈਲ 1977, ਪੰਨਾ 46.

120. ਮਹਿੰਦਰ ਸਿੰਘ, "ਪੈਪਸੂ ਵਿਚ ਮੁਜ਼ਾਰਾ ਲਹਿਰ", *ਪੰਜਾਬ ਦੀਆਂ ਲੋਕ ਲਹਿਰਾਂ (1849-1947),* ਏ. ਸੀ. ਅਰੋੜਾ (ਸੰਪ.), ਪੰਨਾ 227.

121. ਛੱਜੂ ਮੱਲ ਵੈਦ, "ਪੈਪਸੂ 'ਚ ਮੁਜ਼ਾਰਿਆਂ ਦਾ ਘੋਲ ਤੇ ਕਮਿਊਨਿਸਟ ਪਾਰਟੀ", *ਸਾਡਾ ਜੁਗ,* 21 ਦਸੰਬਰ 1975, ਪੰਨਾ 23.

122. ਡਾ. ਮਹਿੰਦਰ ਸਿੰਘ ਰੰਧਾਵਾ, *ਰਾਖ 'ਚੋਂ ਉੱਗੇ,* (ਸੰਪ. ਤੇ ਅਨੁ. ਕਵੀ ਦਵਿੰਦਰ ਕੌਰ ਤੇ ਜਗਦੀਸ਼ ਕੌਰ), ਪੰਨਾ 33.

123. ਸੁੱਚਾ ਸਿੰਘ ਗਿੱਲ, "ਸਾਮਰਾਜਵਾਦ, ਨਵ-ਸਾਮਰਾਜਵਾਦ ਅਤੇ ਭਾਰਤ", *ਸੇਧ,* ਪੰਨਾ 28.

124. ਉਹੀ, "ਵਿਦਿਅਕ ਤੇ ਸਿਆਸੀ ਖੇਤਰ ਵਿਚ ਦਖਲ", *ਸੇਧ,* ਪੰਨਾ 39.

125. Bijoy. K. Roy, ***U. S. Infiltration in Indian Education,*** pg. 55.

126. ਨਿਰਮਲ ਸਿੰਘ ਆਜ਼ਾਦ, "ਸਿਆਸੀ ਜੁਗਤ ਦਾ ਆਰਥਕ ਹਰਾ ਇਨਕਲਾਬ", *ਪੰਜਾਬੀ ਟ੍ਰਿਬਿਊਨ*, 26 ਨਵੰਬਰ 1977.

127. ਰਜਿੰਦਰ ਸਿੰਘ ਕੰਬੋਜ, *ਪੰਜਾਬੀ ਕਹਾਣੀ : ਕਿਸਾਨੀ ਦੇ ਹੋਂਦ ਮੂਲਕ ਸਰੋਕਾਰ*, ਪੰਨਾ 32.

128. *ਉਹੀ*, ਪੰਨਾ 33.

129. ਨਿਰਮਲ ਸਿੰਘ ਆਜ਼ਾਦ, "ਕਾਂਗਰਸ ਦਾ 'ਗ਼ਰੀਬੀ ਹਟਾਓ' ਦਾ ਸਿਆਸੀ ਢਕੌਂਚ", *ਸੇਧ*, ਪੰਨਾ 23.

130. ਰਣਜੀਤ ਸਿੰਘ ਘੁੰਮਣ, "ਹਰਾ ਇਨਕਲਾਬ ਅਤੇ ਆਰਥਕ-ਸਮਾਜਕ ਤਬਦੀਲੀ", *ਪੰਜਾਬ ਦੀ ਆਰਥਕਤਾ*, ਪੰਨਾ 236.

131. ਕੁਲਵੰਤ ਸਿੰਘ, *ਪੰਜਾਬੀ ਨਾਵਲ ਵਿਚ ਕਿਸਾਨੀ*, ਅਣਪ੍ਰਕਾਸ਼ਿਤ ਪੀਐਚ. ਡੀ ਖੋਜ-ਪ੍ਰਬੰਧ, ਪੰਨਾ 87.

132. ਗੋਬਿੰਦਰ ਸਿੰਘ, "ਪੰਜਾਬ ਦੇ ਰਾਜਨੀਤਿਕ ਵਿਕਾਸ ਦੀ ਰੂਪ ਰੇਖਾ", *ਖੋਜ-ਪੱਤਰ*, ਪੰਨਾ 13.

133. ਡਾ. ਸੁਖਪਾਲ ਸਿੰਘ, "ਅਜੋਕਾ ਖੇਤੀ ਸੰਕਟ ਅਤੇ ਛੋਟੀ ਕਿਸਾਨੀ ਦਾ ਭਵਿੱਖ", *ਨਵਾਂ ਜ਼ਮਾਨਾ*, 7 ਜੂਨ 2009.

134. ਪੀ. ਸਾਈਨਾਥ, "ਹਰ ਰੋਜ਼ 2035 ਕਿਸਾਨ ਧੱਕੇ ਜਾ ਰਹੇ ਹਨ ਖੇਤੀ ਤੋਂ ਬਾਹਰ", (ਅਨੁ. ਰਾਜਪਾਲ ਸਿੰਘ), *ਨਵਾਂ ਜ਼ਮਾਨਾ*, 12 ਮਈ 2013.

135. ਨਿਰਮਲ ਆਜ਼ਾਦ, "ਭਾਰਤੀ ਆਰਥਕਤਾ ਬਾਰੇ", *ਸੇਧ*, ਦਸੰਬਰ 1990, ਪੰਨਾ 32.

136. ਸੁੱਚਾ ਸਿੰਘ ਗਿੱਲ, "ਪੰਜਾਬ ਵਿਚ ਜ਼ਮੀਨ ਦੀ ਮਲਕੀਅਤ ਦਾ ਪੈਟਰਨ", *ਯੋਜਨਾ*, ਦਸੰਬਰ 1985, ਪੰਨਾ 18.

137. ਪੀ. ਸਾਈਨਾਥ, "ਹਰ ਰੋਜ਼ 2035 ਕਿਸਾਨ ਧੱਕੇ ਜਾ ਰਹੇ ਹਨ ਖੇਤੀ ਤੋਂ ਬਾਹਰ", (ਅਨੁ.

ਰਾਜਪਾਲ ਸਿੰਘ), *ਨਵਾਂ ਜ਼ਮਾਨਾ*, 12 ਮਈ 2013.

138. ਡਾ. ਸੁਖਪਾਲ ਸਿੰਘ, "ਅਜੋਕਾ ਖੇਤੀ ਸੰਕਟ ਅਤੇ ਛੋਟੀ ਕਿਸਾਨੀ ਦਾ ਭਵਿੱਖ", *ਨਵਾਂ ਜ਼ਮਾਨਾ*, 7 ਜੂਨ 2009.

139. *ਪੰਜਾਬੀ ਟ੍ਰਿਬਿਊਨ*, 15 ਜੂਨ 2013.

140. ਡਾ. ਸੁਖਪਾਲ ਸਿੰਘ, "ਅਜੋਕਾ ਖੇਤੀ ਸੰਕਟ ਅਤੇ ਛੋਟੀ ਕਿਸਾਨੀ ਦਾ ਭਵਿੱਖ", *ਨਵਾਂ ਜ਼ਮਾਨਾ*, 7 ਜੂਨ 2009.